# ਖੇਡ ਜਗਤ ਦੀਆਂ ਪੈੜਾਂ

(ਵਾਰਤਕ)

# ਖੇਡ ਜਗਤ ਦੀਆਂ ਪੈੜਾਂ

ਇਕਬਾਲ ਸਿੰਘ ਜੱਬੋਵਾਲੀਆ

ਪ੍ਰੀਤ ਪਬਲੀਕੇਸ਼ਨ, ਨਾਭਾ

# Khed Jagat Dian Pedan

*by*

**IQBAL SINGH JABBOWALIA**

Mob. or WhatsApp : 917-375-6395

Email : iqbaljabbowalia@yahoo.com

ISBN 978-81-972939-9-3

© Author

Edition - First

2024

Price Rs. 350/-

**Published by :**

**Preet Publication**

Thuhi Road, 40 No. Phatak, Nabha-147201

Mob. 98141-01312, 98551-00712

Email : preetpublication16@gmail.com

Printed & Bound at:

Daffodils Printers, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਮੇਰੇ ਵੱਡੇ ਵੀਰ
ਹੈੱਡਮਾਸਟਰ ਗਿਆਨ ਸਿੰਘ
ਨੂੰ
ਸਮਰਪਿਤ!

# ਤਰਤੀਬ


- ਮੁੱਖਬੰਧ – ਇਕਬਾਲ ਜੱਬੋਵਾਲੀਏ ਦੀ ਖੇਡ ਲੇਖਣੀ 7
  – ਪ੍ਰਿੰ. ਸਰਵਣ ਸਿੰਘ
- ਮੇਰੇ ਅਹਿਸਾਸ – ਇਕਬਾਲ ਸਿੰਘ ਜੱਬੋਵਾਲੀਆ 11
- ਕਬੱਡੀ ਦਾ ਮਸੀਹਾ ਸੀ—ਕਾਲਾ ਸੰਘਿਆਂ ਵਾਲਾ ਮਹਿੰਦਰ ਮੌੜ 15
- ਭਾਰਤ ਦਾ ਮਾਣ—ਪਹਿਲਵਾਨ ਬੁੱਧ ਸਿੰਘ 29
- ਭਾਰਤੀ ਹਾਕੀ ਦਾ ਸ਼ਾਰਪ-ਸ਼ੂਟਰ ਖਿਡਾਰੀ—ਸੁਰਿੰਦਰ ਸਿੰਘ ਸੋਢੀ 36
- ਭਾਰਤੀ ਫੁੱਟਬਾਲ ਦਾ ਚਮਕਦਾ ਸਿਤਾਰਾ—ਗੁਰਜਿੰਦਰ ਸੰਨੀ ਮੰਗੂਵਾਲ 44
- ਚੱਲ ਫ਼ਕੀਰਾ ਕਾਹਮੇ ਚੱਲੀਏ 49
- ਕਬੱਡੀ, ਕੁਸ਼ਤੀ, ਬਾਕਸਿੰਗ ਤੇ ਰੱਸਾਕਸ਼ੀ ਦਾ ਸ਼ੇਰ—ਸ਼ੰਕਰੀਆ ਪਾਲਾ 57
- ਟੋਕੀਓ ਓਲੰਪਿਕਸ-2021 : ਪਹਿਲਵਾਨ ਅਮਰ ਢੇਸੀ 64
- ਫੁੱਟਬਾਲ ਦਾ ਮਸੀਹਾ—ਹਰਦੇਵ ਸਿੰਘ ਕਾਹਮਾ 67
- ਵੱਡੇ ਵੱਡੇ ਰੇਡਰਾਂ ਨੂੰ ਡੱਕਣ ਵਾਲਾ—ਰਾਵਲ ਮਾਣਕ ਢੇਰੀ 71
- ਦੋਆਬੇ ਦਾ ਮਾਣ ਕਬੱਡੀ ਖਿਡਾਰੀ—ਸ਼ੰਕਰੀਆ ਘੁੱਗਾ 78
- ਹਕੀਮਪੁਰ ਦੇ ਪੁਰੇਵਾਲ ਭਰਾਵਾਂ ਦਾ ਮਿੰਨੀ ਓਲੰਪਿਕਸ 82
  ਅੰਤਰਰਾਸ਼ਟਰੀ ਕਬੱਡੀ ਖਿਡਾਰੀ—ਗੁਰਜੀਤ ਪੁਰੇਵਾਲ
- ਧੋਬੀ-ਪਹਿਲਵਾਨ—ਰਾਮਾ-ਖੇਲਾ ਵਾਲਾ ਸਰਬਣ 86
- ਪੰਜਾਬ ਤੋਂ ਇੰਗਲੈਂਡ ਤੱਕ ਕਬੱਡੀ ਖਿਡਾਰੀ—ਮੋਹਣਾ ਕਾਲਾ ਸੰਘਾ 94
- ਫੁੱਟਬਾਲ ਖਿਡਾਰੀ—ਸਰਦਾਰੀ ਲਾਲ ਸਰਹਾਲਾ ਖ਼ੁਰਦ 98
- ਅਰਜਨ ਐਵਾਰਡੀ ਬਾਡੀ ਬਿਲਡਰ—ਪ੍ਰੇਮ ਚੰਦ ਡੇਗਰਾ 101
- "ਖੇਡ ਮੈਦਾਨਾਂ 'ਚ ਕਦੇ ਜੋਤਾ-ਜੋਤਾ ਹੁੰਦੀ ਸੀ" 107
  ਕਬੱਡੀ ਖਿਡਾਰੀ—ਜੋਤਾ ਸਭਰਾਵਾਂ
- ਕਾਹਮੇ ਦਾ ਇਤਿਹਾਸਕ ਫੁੱਟਬਾਲ ਖਿਡਾਰੀ—ਗੁਰਸ਼ਰਨ 'ਛੰਨਾ' 111
- ਕਬੱਡੀ ਖਿਡਾਰੀ—ਕਪੂਰਥਲੀਆ ਕਾਰੀ 114
- ਭਾਰਤੀ ਹਾਕੀ ਟੀਮ ਦੀ ਖਿਡਾਰਨ ਅਤੇ ਕੋਚ—ਸਰੋਜ ਬਾਲਾ 117
- ਰਿਆਸਤੀ ਰਾਜਾਂ ਦਾ ਪਹਿਲਵਾਨ— 120
  ਰੁਸਤਮ-ਏ-ਹਿੰਦ ਪੂਰਨ ਸਿੰਘ ਸਿੱਧੂ
- ਮੇਰਾ ਇੱਕ ਆਦਰਸ਼ ਅਧਿਆਪਕ—ਹੈੱਡ ਮਾਸਟਰ ਗਿਆਨ ਸਿੰਘ 126
  – ਐਸ. ਅਸ਼ੋਕ ਭੌਰਾ
- ਕਬੱਡੀ ਦੇ ਬਾਬਾ ਬੋਹੜ ਸ. ਮਹਿੰਦਰ ਸਿੰਘ ਸਿੱਧੂ ਦਾ 129
  ਸ. ਜੱਬਰ ਸਿੰਘ ਗਰੇਵਾਲ ਵੱਲੋਂ ਸੋਨੇ ਦੇ ਮੈਡਲ ਨਾਲ ਸਨਮਾਨ
- ਅੰਤਰਰਾਸ਼ਟਰੀ ਕਬੱਡੀ ਖਿਡਾਰੀ—ਲਹਿੰਬਰ ਸਿੰਘ ਲੰਬੜ 132

## ਮੁੱਖਬੰਧ

# ਇਕਬਾਲ ਜੱਬੋਵਾਲੀਏ ਦੀ ਖੇਡ ਲੇਖਣੀ

**- ਪ੍ਰਿੰ. ਸਰਵਣ ਸਿੰਘ**

ਇਕਬਾਲ ਜੱਬੋਵਾਲੀਆ ਭਲਵਾਨਾਂ ਤੇ ਕੌਡਿਆਲਾਂ ਦਾ ਲੇਖਕ ਹੈ। ਆਪ ਵੀ ਜੁੱਸੇ ਵੱਲੋਂ ਭਲਵਾਨ ਈ ਲੱਗਦੈ। ਉਹ ਸੌ ਤੋਂ ਵੱਧ ਖਿਡਾਰੀਆਂ ਦੇ ਰੇਖਾ ਚਿੱਤਰ ਲਿਖ ਕੇ ਖੇਡ ਲੇਖਕਾਂ ਵਿਚ ਸ਼ਾਮਲ ਹੋ ਚੁੱਕੈ। ਪਹਿਲਾਂ ਉਸ ਨੇ ਕਹਾਣੀਆਂ ਲਿਖੀਆਂ ਤੇ ਗੀਤਕਾਰਾਂ ਬਾਰੇ ਲਿਖਿਆ। ਬੰਗੇ ਤੋਂ ਨਿਕਲਦੇ ਪਰਚੇ 'ਨਿਸ਼ਾਨੀ' ਵਿਚ ਕੁਝ ਹਾਸ ਵਿਅੰਗ ਲੇਖ ਛਪਵਾਏ। ਨਵਾਂਸ਼ਹਿਰ ਨੇੜੇ ਪਿੰਡ ਜੱਬੋਵਾਲ ਦਾ ਜੰਮਪਲ ਹੋਣ ਕਰਕੇ ਆਪਣੇ ਨਾਂ ਨਾਲ 'ਜੱਬੋਵਾਲੀਆ' ਜੋੜ ਲਿਆ। ਅੱਜ ਕੱਲ੍ਹ ਉਹ ਨਿਊਯਾਰਕ ਵਿਚ ਰਹਿ ਰਿਹੈ। ਉਹਦੀਆਂ ਖੇਡ ਲਿਖਤਾਂ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਦੇ ਪੰਜਾਬੀ ਅਖਬਾਰਾਂ ਵਿਚ ਛਪਦੀਆਂ ਰਹਿੰਦੀਐਂ। ਅਮਰੀਕਾ ਦੇ ਨਾਮੀ ਅਖਬਾਰ 'ਪੰਜਾਬ ਟਾਈਮਜ਼' ਦਾ ਉਹ ਖੇਡ ਕਾਲਮਨਵੀਸ ਹੈ।

ਉਸ ਨੇ ਮਹਾਂਬਲੀ ਕਿੱਕਰ ਸਿੰਘ ਦੇਵੇ-ਹਿੰਦ, ਰੁਸਤਮੇ ਜ਼ਮਾਂ ਗਾਮਾ, ਰੁਸਤਮੇ-ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ, ਰੁਸਤਮੇ-ਹਿੰਦ ਮੇਹਰਦੀਨ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ, ਪਦਮ ਸ੍ਰੀ ਕਰਤਾਰ ਸਿੰਘ, ਫਰੀ ਸਟਾਈਲ ਰੈਸਲਰ ਜੋਗਿੰਦਰ ਟਾਈਗਰ, ਬਿੱਲਾ ਅੰਬਰਸਰੀਆ, ਪਹਿਲਵਾਨ ਬੁੱਧ ਸਿੰਘ, ਸਰਬਣ ਰਾਮਾ-ਖੇਲਾ, ਬਲਵੀਰ ਸਿੰਘ ਸ਼ੀਰੀ, ਦਰਸ਼ਨ ਜੱਬੋਵਾਲੀਆ, ਗੁਰਮੁੱਖ ਸਿੰਘ, ਓਲੰਪੀਅਨ ਅਮਰ ਢੇਸੀ, ਕੁਸ਼ਤੀ ਕੋਚ ਪੀ. ਆਰ. ਸੋਂਧੀ, ਅਮਨਦੀਪ ਵਿੱਕੀ, ਮਨਦੀਪ ਸੋਂਧੀ, ਸੰਦੀਪ ਹਰਿਆਣਾ, ਜੈਲਾ ਰਾਏਪੁਰ ਡੱਬਾ, ਕੇਵਲ ਕੈਲੇ, ਰੰਗਾ ਪਹਿਲਵਾਨ, ਜਸਵਿੰਦਰ ਜੌਹਲ ਅਤੇ ਕੁਝ ਹੋਰ ਪਹਿਲਵਾਨਾਂ ਦੇ ਰੇਖਾ ਚਿੱਤਰ ਉਲੀਕੇ ਹਨ।

ਉਸ ਨੇ ਕਬੱਡੀ ਖਿਡਾਰੀ ਸਰਵਣ ਰਮੀਦੀ, ਪ੍ਰੀਤਾ ਨਡਾਲੀਆ, ਅਜੀਤ ਸਠਿਆਲੀਆ, ਭੱਜੀ ਸੰਧਵਾਂ, ਬੋਲਾ ਪੱਤੜੀਆ, ਘੁੱਗਾ ਸ਼ੰਕਰੀਆ, ਮੱਖਣ ਧਾਲੀਵਾਲ, ਕਮਲ ਪੰਡਤ, ਗੁਰਜੀਤ ਪੁਰੇਵਾਲ, ਸ਼ਿਵਦੇਵ ਸਿੰਘ, ਪਾਲਾ ਸ਼ੰਕਰੀਆ, ਸ਼ਿੰਦਾ ਬਹਿਰਾਮੀਆ, ਹਰਜਿੰਦਰ ਠਾਣਾ, ਤੀਰਥ ਗਾਖਲ, ਲਹਿੰਬਰ ਲੰਬੜ, ਮੋਹਣਾ ਸੰਘਾ, ਬਾਜ਼, ਚੰਨਾ, ਪਾਲੀ ਸਰਹਾਲੀਆ, ਸੰਨੀ ਕੰਦੋਲਾ, ਕਾਰੀ ਕਪੂਰਥਲੀਆ, ਹਰੀ ਮੱਲਪੁਰੀਆ, ਬਰਤਾਨੀਆ ਦੀ ਕਬੱਡੀ ਦਾ ਬਾਬਾ ਬੋਹੜ ਮਹਿੰਦਰ ਸਿੰਘ ਮੌੜ, ਨਿਊਯਾਰਕ ਦਾ ਕਬੱਡੀ ਪ੍ਰੋਮੋਟਰ ਮਹਿੰਦਰ ਸਿੱਧੂ ਅਤੇ ਕਬੱਡੀ ਦੇ ਬੁਲਾਰੇ ਸਰਵਣ ਸਿੰਘ ਤੇ ਮੱਖਣ ਸਿੰਘ ਹਕੀਮਪੁਰ ਬਾਰੇ ਲੇਖ ਲਿਖੇ ਹਨ। ਉਹ ਖੁਦ ਵੀ ਕਬੱਡੀ ਦਾ ਬੁਲਾਰਾ ਹੈ।

ਉਸ ਨੇ ਫੁੱਟਬਾਲ ਖਿਡਾਰੀ ਜਰਨੈਲ ਸਿੰਘ ਪਨਾਮੀਆ, ਪੰਜਾਬ ਦਾ ਪੇਲੇ ਇੰਦਰ ਸਿੰਘ, ਅਰਜਨਾ ਅਵਾਰਡੀ ਗੁਰਦੇਵ ਸਿੰਘ ਗਿੱਲ, ਨਿਰੰਜਨ ਦਾਸ ਮੰਗੂਵਾਲ, ਰਾਜਾ ਸਾਹਿਬ ਸਪੋਰਟਸ ਕਲੱਬ ਨਿਊਯਾਰਕ, ਹਰਦੇਵ ਸਿੰਘ ਕਾਹਮਾ, ਪਰਮਜੀਤ ਕਾਹਮਾ, ਛੰਨਾ ਕਾਹਮਾ, ਸਰਬਜੀਤ ਮੰਗੂਵਾਲ ਤੇ ਗੁਰਜਿੰਦਰ ਸੰਨੀ ਮੰਗੂਵਾਲ ਬਾਰੇ ਵੀ ਲਿਖਿਆ। ਹਾਕੀ ਦੇ ਖਿਡਾਰੀ ਸੁਰਿੰਦਰ ਸਿੰਘ ਸੋਢੀ, ਭਾਰਤੀ ਹਾਕੀ ਟੀਮ ਦੀ ਖਿਡਾਰਨ ਤੇ ਕੋਚ ਸਰੋਜ ਬਾਲਾ, ਇੰਦਰਜੀਤ ਸਿੰਘ ਰੋਪੜ, ਅਥਲੀਟ ਨਰਿੰਦਰ ਸਿੰਘ ਸਰਹਾਲ ਕਾਜ਼ੀਆਂ ਅਤੇ ਜਲੰਧਰ ਜ਼ਿਲ੍ਹੇ ਦੀਆਂ ਸਕੂਲੀ ਬੱਚਿਆਂ ਦੀਆਂ ਖੇਡਾਂ ਦੇ ਪ੍ਰਧਾਨ ਹੈਡਮਾਸਟਰ ਗਿਆਨ ਸਿੰਘ ਬਾਰੇ ਵੀ ਕਲਮ ਚਲਾਈ। ਫਲਾਈਂਗ ਸਿੱਖ ਮਿਲਖਾ ਸਿੰਘ, ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ ਤੇ ਓਲੰਪੀਅਨ ਵੇਟ ਲਿਫਟਰ ਸੰਦੀਪ ਬੜਾ ਪਿੰਡ ਅਤੇ ਜਸਵੀਰ ਕਰਨਾਣਾ ਦੇ ਰੇਖਾ ਚਿੱਤਰ ਵੀ ਲਿਖੇ।

ਜਦੋਂ ਉਹ ਸਿੱਖ ਨੈਸ਼ਨਲ ਕਾਲਜ ਬੰਗੇ ਪੜ੍ਹਨ ਲੱਗਾ, ਉਦੋਂ ਸ਼ਮਸ਼ੇਰ ਸਿੰਘ ਸੰਧੂ ਵੀ ਉਥੇ ਪੰਜਾਬੀ ਪੜ੍ਹਾਉਣ ਲੱਗ ਪਿਆ ਸੀ। ਸੰਧੂ ਨੇ ਸਿਲੇਬਸ ਦੀ ਪੜ੍ਹਾਈ ਕਰਾਉਣ ਦੇ ਨਾਲ ਵਿਦਿਆਰਥੀਆਂ ਨੂੰ ਪਹਿਲਵਾਨਾਂ, ਗੀਤਕਾਰਾਂ, ਗਾਇਕਾਂ ਤੇ ਫਿਲਮੀ ਕਲਾਕਾਰਾਂ ਦੀਆਂ ਗੱਲਾਂ ਵੀ ਸੁਣਾਈ ਜਾਣੀਆਂ। ਖਾਸ ਕਰਕੇ ਦੋਹਾਂ ਦਾਰੇ ਪਹਿਲਵਾਨਾਂ ਦੀਆਂ ਤੇ ਗੀਤਕਾਰ ਦੀਦਾਰ ਸੰਧੂ ਦੀਆਂ। ਵਿੱਚੇ ਆਪਣੇ ਲੰਗੋਟੀਵੱਟ ਯਾਰ ਪਾਸ਼ ਦੀਆਂ ਗੱਲਾਂ ਕਰੀ ਜਾਣੀਆਂ। ਪਾਸ਼ ਹੀ ਸੀ, ਜੀਹਨੇ ਸਿਗਰਟ ਦੇ ਕਸ਼ ਨਾਲ ਉਹਦੇ ਤੋਂ ਬੰਗੇ ਦੀ ਲੈਕਚਰਾਰੀ ਛੁਡਵਾਈ। ਫਿਰ ਉਹ ਪੱਤਰਕਾਰੀ ਦੇ ਰਾਹ ਪੈ ਕੇ ਗੀਤਕਾਰੀ ਦੀ ਸੜਕੇ ਚੜ੍ਹ ਗਿਆ। ਪ੍ਰੋ. ਸੰਧੂ ਨੇ

ਕਾਲਜ ਵਿਚ ਸਾਹਿਤ ਸਭਾ ਬਣਾ ਕੇ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਲਿਖਣ ਦੀ ਚਿਣਗ ਲਾ ਦਿੱਤੀ ਸੀ। ਉਥੋਂ ਹੀ ਇਕਬਾਲ ਨੂੰ ਲਿਖਣ ਦੀ ਚੇਟਕ ਲੱਗ ਗਈ। ਉਹ ਪਿੰਡੋਂ ਬੱਸ ’ਤੇ ਆਉਂਦਾ-ਜਾਂਦਾ ਰਾਹ ’ਚ ਵਾਪਰਦੀਆਂ ਘਟਨਾਵਾਂ ਨੀਝ ਨਾਲ ਵੇਖਦਾ। ਇਕ ਦਿਨ ਅਜਿਹੀ ਘਟਨਾ ਵਾਪਰੀ ਕਿ ਉਸ ਉਤੇ ਕਹਾਣੀ ਲਿਖ ਦਿੱਤੀ, ਜਿਸ ਦਾ ਨਾਂ ਰੱਖਿਆ, ‘ਬੱਸ ਕਿਰਾਇਆ’। ਇਹ ਉਸ ਦੀ ਪਹਿਲੀ ਰਚਨਾ ਸੀ, ਜੋ ਕਾਲਜ ਦੇ ਮੈਗਜ਼ੀਨ ਵਿਚ ਛਪੀ। ਫਿਰ ਉਸ ਨੇ ਦਸ ਬਾਰ੍ਹਾਂ ਕਹਾਣੀਆਂ ਲਿਖੀਆਂ, ਪਰ ਕੋਈ ਕਹਾਣੀ ਸੰਗ੍ਰਹਿ ਨਾ ਛਪਵਾ ਸਕਿਆ। ਇਹੋ ਹਾਲ ਉਸ ਦੀ ਖੇਡ ਪੁਸਤਕ ਦਾ ਹੈ।

1984 ’ਚ ਉਹ ਅਮਰੀਕਾ ਉਡਾਰੀ ਮਾਰ ਗਿਆ ਤੇ ਕੰਮਾਂ ਕਾਰਾਂ ਦੇ ਕਾਂਟੇ ਬਦਲਦਾ ਨਿਊਯਾਰਕ ਵਿਚ ਟੈਕਸੀ ਚਲਾਉਣ ਲੱਗ ਪਿਆ। ਪਿੰਡ ਪਰਤਿਆ ਤਾਂ ਆਪਣੇ ਇਲਾਕੇ ਦੇ ਮਸ਼ਹੂਰ ਪਹਿਲਵਾਨ ਰੁਸਤਮੇ-ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ ਨੂੰ ਮਿਲਣ ਚਲਾ ਗਿਆ। ਉਨ੍ਹਾਂ ਬਾਰੇ ਕੁਝ ਲਿਖਣ ਦੀ ਇੱਛਾ ਪ੍ਰਗਟ ਕੀਤੀ ਅਤੇ ਕਿਹਾ ਕਿ ਮੈਂ ਪਹਿਲਵਾਨਾਂ ਤੇ ਖਿਡਾਰੀਆਂ ਬਾਰੇ ਲਿਖਣਾ ਚਾਹੁੰਨਾਂ। ਉਸ ਵੇਲੇ ਉਹਦਾ ਵੱਡਾ ਭਰਾ ਹੈੱਡ ਮਾਸਟਰ ਗਿਆਨ ਸਿੰਘ ਵੀ ਉਹਦੇ ਨਾਲ ਸੀ। ਪਹਿਲਵਾਨ ਨੇ ਇਕਬਾਲ ਨੂੰ ਥਾਪੜਾ ਦਿੰਦਿਆਂ ਕਿਹਾ, “ਭਲਵਾਨਾਂ ਤੇ ਖਿਡਾਰੀਆਂ ਬਾਰੇ ਲਿਖਣਾ ਚਾਹੁੰਨੈਂ ਤਾਂ ਚੰਗੀਆਂ ਗੱਲਾਂ ਈ ਲਿਖੀਂ। ਪਹਿਲਵਾਨ ਅਖਾੜਿਆਂ ’ਚ ਭਗਤੀ ਕਰਨ ਵਾਲੇ ਭਗਤ ਹੁੰਦੇ ਨੇ। ਉਨ੍ਹਾਂ ਭਗਤਾਂ ਬਾਰੇ ਲਿਖਦਿਆਂ ਸੱਚੋ-ਸੱਚ ਲਿਖੀਂ। ਨਾਲੇ ਜੁਆਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰੀਂ ਅਤੇ ਨੇਕ ਬੰਦੇ ਬਣਨ ਦੀ ਲਗਨ ਲਾਈਂ।”

ਹਰਬੰਸ ਸਿੰਘ ਦਾ ਜਨਮ 1902 ਵਿਚ ਬੰਗੇ ਨੇੜਲੇ ਪਿੰਡ ਰਾਏਪੁਰ ਡੱਬਾ ਵਿਚ ਪਹਿਲਵਾਨ ਕਾਹਨ ਸਿੰਘ ਦੇ ਘਰ ਹੋਇਆ ਸੀ। ਅੱਠ ਸਾਲ ਦੀ ਉਮਰ ਵਿਚ ਉਹ ਨਿਊਜ਼ੀਲੈਂਡ ਚਲਾ ਗਿਆ। ਉਡਾਰ ਹੋਇਆ ਤਾਂ ਉਸ ਨੂੰ ਜਲੰਧਰ ਦੇ ਪਹਿਲਵਾਨ ਅੱਲ੍ਹਾ ਬਖਸ਼ ਦੀ ਨਿਗਰਾਨੀ ਹੇਠ ਪਹਿਲਵਾਨ ਬਣਾਉਣ ਲਈ ਪਿੰਡ ਭੇਜ ਦਿੱਤਾ ਗਿਆ। ਤਕੜਾ ਪਹਿਲਵਾਨ ਬਣ ਕੇ ਉਹ ਨਿਊਜ਼ੀਲੈਂਡ, ਆਸਟ੍ਰੇਲੀਆ, ਫਿਜ਼ੀ, ਇੰਡੋਨੇਸ਼ੀਆ, ਸਿੰਗਾਪੁਰ, ਮਲਾਇਆ, ਥਾਈਲੈਂਡ, ਫਿਲਪਾਈਨ ਤੇ ਚੀਨ ਵਿਚ ਕੁਸ਼ਤੀਆਂ ਦੇ ਮੁਕਾਬਲੇ ਲੜਨ ਚਲਾ ਗਿਆ। ਪੜ੍ਹਿਆ ਬੇਸ਼ਕ ਦਸ ਜਮਾਤਾਂ ਹੀ ਸੀ, ਪਰ ਗਿਆਨ ਉਸ ਨੂੰ ਸਾਰੀ ਦੁਨੀਆਂ ਦਾ ਸੀ। ਇਸੇ ਕਰਕੇ ਉਸ ਨੂੰ ‘ਫਿਲਾਸਫਰ ਪਹਿਲਵਾਨ’ ਕਿਹਾ ਜਾਣ ਲੱਗਾ ਸੀ। ਉਸ ਨੇ ਆਪਣੇ

ਪੁੱਤਰ ਕਸ਼ਮੀਰਾ ਸਿੰਘ ਨੂੰ ਵੀ ਪਹਿਲਵਾਨ ਬਣਾਇਆ, ਜੋ ਐਮ. ਏ. ਕਰ ਕੇ ਕਾਲਜਾਂ ਦਾ ਪ੍ਰੋਫੈਸਰ ਤੇ ਪ੍ਰਿੰਸੀਪਲ ਬਣਿਆ। ਅੱਗੋਂ ਕਸ਼ਮੀਰਾ ਸਿੰਘ ਦਾ ਲੜਕਾ ਸੰਨੀ ਗਿੱਲ ਵੀ ਬਾਬੇ ਦੀ ਦੇਖ-ਰੇਖ ਵਿਚ ਨਾਮਵਰ ਪਹਿਲਵਾਨ ਬਣਿਆ, ਜਿਸ ਨੇ ਭਾਰਤ ਕੇਸਰੀ, ਹਿੰਦ ਕੇਸਰੀ, ਭਾਰਤ ਕੁਮਾਰ ਤੇ ਕਾਇਦੇ ਆਜ਼ਮ ਦੇ ਕੁਸ਼ਤੀ ਟਾਈਟਲ ਜਿੱਤੇ। ਉਹ ਪਹਿਲਵਾਨ ਦਾਰਾ ਸਿੰਘ ਰੰਧਾਵਾ ਦੀ ਧੀ ਬੀਬੀ ਲਵਲੀਨ ਕੌਰ ਨਾਲ ਵਿਆਹਿਆ ਹੋਇਐ। ਪਹਿਲਵਾਨ ਹਰਬੰਸ ਸਿੰਘ ਦੀਆਂ ਨਸੀਹਤਾਂ ਪੱਲੇ ਬੰਨ੍ਹ ਕੇ ਇਕਬਾਲ ਜੱਬੋਵਾਲੀਆ ਨਿਊਯਾਰਕ ਪਰਤ ਗਿਆ। ਉਥੇ ਉਹ ਹੁਣ ਤਕ ਟੈਕਸੀ ਚਲਾਉਂਦਾ ਲਿਖੀ ਵੀ ਜਾਂਦੈ ਤੇ ਖੇਡ ਮੇਲੇ ਵੀ ਵੇਖੀ ਜਾਂਦੈ।

# ਮੇਰੇ ਅਹਿਸਾਸ

'ਖੇਡ ਜਗਤ ਦੀਆਂ ਪੈੜਾਂ' ਮੇਰੀ ਪਲੇਠੀ ਕਿਤਾਬ ਹੈ, ਜੋ ਮੈਂ ਆਪਣੇ ਵੱਡੇ ਵੀਰ ਹੈੱਡਮਾਸਟਰ ਗਿਆਨ ਸਿੰਘ ਨੂੰ ਸਮਰਪਿਤ ਕਰ ਰਿਹਾ ਹਾਂ, ਜੋ 18 ਜਨਵਰੀ 2000 ਨੂੰ ਸਾਥੋਂ ਵਿਛੜ ਗਿਆ ਸੀ। ਉਹ ਆਰ. ਕੇ. ਆਰੀਆ ਕਾਲਜ ਨਵਾਂਸ਼ਹਿਰ ਦਾ ਵਿਦਿਆਰਥੀ ਅਤੇ ਸਾਂਝੇ ਪੰਜਾਬ ਦਾ (ਪੰਜਾਬ, ਹਰਿਆਣਾ ਤੇ ਹਿਮਾਚਲ) ਨਾਮੀ ਖਿਡਾਰੀ ਸੀ ਤੇ ਕਾਲਜ ਦਾ ਵਧੀਆ ਸਾਇਕਲਿਸਟ, ਫੁੱਟਬਾਲ ਖਿਡਾਰੀ ਤੇ ਦੌੜਾਕ ਐਲਾਨਿਆ ਗਿਆ ਸੀ। ਫਿਰ ਉਹ ਨੌਕਰੀ 'ਚ ਆ ਗਿਆ। ਖੇਡਾਂ ਕਰਕੇ ਉਹਨੂੰ ਥਾਣੇਦਾਰੀ ਨੌਕਰੀ ਦੀ ਪੇਸ਼ਕਸ਼ ਹੋਈ, ਪਰ ਉਹ ਥਾਣੇਦਾਰੀ ਕਰਨ ਦੀ ਬਜਾਇ ਅਧਿਆਪਕ ਬਣ ਗਿਆ। ਅਧਿਆਪਕ ਦੇ ਤੌਰ 'ਤੇ ਉਸਨੇ ਪਿੰਡ ਗੁਣਾਚੌਰ, ਰਟੈਂਡਾ, ਗੋਬਿੰਦਪੁਰ, ਭਾਰਸਿੰਘਪੁਰ ਤੇ ਨਕੋਦਰ ਵਿਖੇ ਅਧਿਆਪਕ ਦੇ ਤੌਰ 'ਤੇ ਸੇਵਾ ਨਿਭਾਈ। ਇਸ ਤੋਂ ਬਾਅਦ ਮੁੱਖ-ਅਧਿਆਪਕ ਦੇ ਤੌਰ 'ਤੇ ਪਿੰਡ ਲੰਗੜੋਆ, ਪਿੰਡ ਮੂਸਾਪੁਰ ਤੇ ਪਿੰਡ ਗੜ੍ਹੀ ਮਹਾਂ ਸਿੰਘ ਹਾਈ ਸਕੂਲਾਂ 'ਚ ਸੇਵਾ ਕੀਤੀ। ਉਹ ਬੀ. ਏ., ਬੀ. ਐਡ. ਤੇ ਐਮ. ਏ., ਐਮ. ਐਡ. ਸਨ। ਉਹ ਐਮ. ਏ. ਇੰਗਲਿਸ਼, ਹਿਸਟਰੀ, ਪੋਲੀਟੀਕਲ ਸਾਇੰਸ, ਪੰਜਾਬੀ ਤੇ ਧਾਰਮਿਕ ਵਿਸ਼ੇ 'ਤੇ ਪੀ.ਐਚ.ਡੀ. ਸਨ। ਉਹ ਬਲਾਕ ਨਵਾਂਸ਼ਹਿਰ ਦੀ ਟੀਚਰ ਯੂਨੀਅਨ ਦੇ ਪ੍ਰਧਾਨ ਵੀ ਰਹੇ। ਉਹ ਇਕ ਨੇਕ ਤੇ ਮਿਹਨਤੀ ਅਧਿਆਪਕ ਸਨ। ਸੰਨ '90 'ਚ ਉਹ ਜਲੰਧਰ ਜ਼ਿਲ੍ਹੇ ਦੇ ਬੱਚਿਆਂ ਦੀਆਂ ਸਕੂਲੀ ਖੇਡਾਂ ਦਾ ਤਿੰਨ ਸਾਲ ਪ੍ਰਧਾਨ ਵੀ ਰਿਹਾ। 1993 'ਚ ਬੱਚਿਆਂ ਦੇ ਸਾਲਾਨਾ ਪੇਪਰਾਂ 'ਚ ਉੱਡਣ-ਦਸਤੇ ਵਜੋਂ ਸੇਵਾ ਨਿਭਾਈ। ਜਿਨ੍ਹਾਂ 'ਚ ਬੰਗਾ, ਨਵਾਂਸ਼ਹਿਰ, ਜਲੰਧਰ ਇਲਾਕੇ ਦੇ ਸਕੂਲ ਅਤੇ ਬੰਗਾ ਤੇ ਜਲੰਧਰ ਦੇ ਕਾਲਜ ਵੀ ਸ਼ਾਮਲ ਸਨ। ਉਹਦੇ ਪੜ੍ਹਾਏ ਹੋਏ ਵਿਦਿਆਰਥੀ ਅੱਜ ਉੱਚੀਆਂ ਪੋਸਟਾਂ 'ਤੇ ਬਿਰਾਜਮਾਨ ਹਨ। ਬਹੁਤੇ ਵਿਦੇਸ਼ਾਂ ਵਿੱਚ ਵੀ ਸੈਟਲ ਨੇ, ਜੋ ਅੱਜ ਵੀ ਉਹਨੂੰ ਯਾਦ ਕਰਦੇ ਨੇ।

ਖੇਡ ਸ਼ੌਕ ਉਹਨੂੰ ਘਰ ਪਰਿਵਾਰ ਵਿੱਚੋਂ ਮਿਲਿਆ। ਕਿਉਂਕਿ ਸਾਡੇ ਪਿਤਾ ਜੀ ਪਹਿਲਵਾਨੀ ਦਾ ਸ਼ੌਕ ਰੱਖਦੇ ਸਨ। ਪਿਤਾ ਜੀ ਵੀ ਚਾਹੁੰਦੇ ਸਨ ਕਿ ਪੁੱਤ ਪਹਿਲਵਾਨ ਬਣੇ। ਉਹ ਉਹਨੂੰ ਤਕੜਾ ਮੱਲ ਵੇਖਣਾ ਚਾਹੁੰਦੇ ਸਨ। ਪਰ ਉਹ ਪਹਿਲਵਾਨ ਬਣਨ ਦੀ ਬਜਾਇ ਆਰ. ਕੇ. ਕਾਲਜ ਨਵਾਂਸ਼ਹਿਰ ਦਾ ਖਿਡਾਰੀ ਤੇ ਅਥਲੀਟ ਬਣਿਆ। ਧੋਬੀ

ਪਹਿਲਵਾਨ ਰਾਮਾ-ਖੇਲਾ ਵਾਲਾ ਸਰਬਣ ਇਕ ਵਾਰ ਸਾਡੇ ਘਰ ਆਇਆ ਤੇ ਸਾਡੇ ਪਿਤਾ ਜੀ ਉਹਨੂੰ ਕਹਿਣ ਲੱਗੇ, "ਸਰਬਣਾ, ਆਹ ਮੁੰਡੇ ਨੂੰ ਭਲਵਾਨ ਬਣਾਉਣਾ, ਕੀ ਕਰੀਏ।" ਸਰਬਣ ਨੇ ਵੱਡੇ ਭਾਈ ਦਾ ਸਰੀਰ ਵੇਖਿਆ, ਟੋਹਿਆ ਤੇ ਕਿਹਾ, "ਹੁਣ ਏਹਨੂੰ ਦੌੜਾਂ ਲਾਈ ਜਾਣ ਦੇ, ਫ਼ੁੱਟਬਾਲ ਖੇਡੀ ਜਾਣ ਦੇ, ਹੁਣ ਨਾ ਛੇੜ ਏਹਨੂੰ।"

ਵੱਡਾ ਵੀਰ ਮੈਨੂੰ ਵੀ ਇਕ ਫ਼ੁੱਟਬਾਲ ਖਿਡਾਰੀ, ਕਬੱਡੀ ਖਿਡਾਰੀ ਅਤੇ ਨਾਮਵਰ ਅਥਲੀਟ ਦੇ ਰੂਪ ਵਿੱਚ ਵੇਖਣਾ ਚਾਹੁੰਦਾ ਸੀ। ਪਰ ਮੈਂ ਨਹੀਂ ਬਣ ਸਕਿਆ। ਮੈਂ ਐਸ. ਐਨ. ਕਾਲਜ ਬੰਗਾ ਵਿਖੇ ਅਥਲੈਟਿਕਸ ਕੀਤੀ ਅਤੇ ਫ਼ੁੱਟਬਾਲ ਖੇਡਣ ਦੇ ਸ਼ੌਕ ਪਾਲੇ। ਮੈਂ ਅੱਗੇ ਵਧਣਾ ਚਾਹੁੰਦਾ ਸਾਂ, ਪਰ ਨਹੀਂ ਵਧ ਸਕਿਆ। ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜੋ ਮੈਂ ਨਹੀਂ ਕਰ ਸਕਿਆ, ਹੁਣ ਉਹ ਮੈਂ ਕਲਮ ਰਾਹੀਂ ਕਰ ਰਿਹਾ ਹਾਂ। ਰੁਸਤਮੇ ਹਿੰਦ ਵੱਡੇ ਵੱਡੇ ਮੱਲ, ਨਾਮੀ-ਗਰਾਮੀ ਖਿਡਾਰੀ, ਫ਼ੁੱਟਬਾਲ ਖਿਡਾਰੀ, ਹਾਕੀ ਖਿਡਾਰੀ, ਵੇਟ-ਲਿਫ਼ਟਰ, ਪਾਵਰ-ਲਿਫ਼ਟਰ, ਕਬੱਡੀ ਖਿਡਾਰੀ ਤੇ ਨਾਮਵਰ ਅਥਲੀਟ ਮੇਰੇ ਵਧੀਆ ਮਿੱਤਰ ਬਣੇ ਹੋਏ ਨੇ। ਉਨ੍ਹਾਂ ਦੀ ਜ਼ਿੰਦਗੀ ਦੇ ਹਰ ਖੇਡ-ਰੰਗ ਨੂੰ ਸ਼ਬਦਾਂ ਰਾਹੀਂ ਕਲਮ-ਬੱਧ ਕਰ ਕੇ ਪੁਸਤਕ ਦਾ ਰੂਪ ਦੇ ਰਿਹਾ ਹਾਂ। ਜਾਣੇ-ਅਣਜਾਣੇ 'ਚ ਕਲਮ ਦਾ ਵੇਗ ਇਧਰ ਉਧਰ ਹੋ ਗਿਆ ਹੋਵੇ ਤਾਂ ਖਿਮਾ ਕਰਨਾ।

ਸੰਨ '77 ਤੋਂ ਮੈਂ ਐਸ. ਐਨ. ਕਾਲਜ ਬੰਗਾ ਤੋਂ ਲਿਖਦਾ ਆ ਰਿਹਾ ਹਾਂ। ਸੰਨ '84 'ਚ ਅਮਰੀਕਾ ਪਹੁੰਚ ਕੇ ਵੀ ਲਿਖਣਾ ਨਾ ਛੱਡਿਆ। ਮਾੜੀ ਗਾਇਕੀ ਤੇ ਕਹਾਣੀਆਂ ਲਿਖਦਾ ਹੁਣ ਪੱਕੇ ਤੌਰ 'ਤੇ ਖੇਡ-ਲੇਖਕ ਬਣ ਗਿਆ। ਨਿਊਜਰਸੀ ਤੋਂ ਸ. ਸਤਨਾਮ ਸਿੰਘ ਰਟੈਂਡਾ ਦੀ ਛਪਦੀ 'ਪੰਜਾਬ ਐਕਸਪ੍ਰੈਸ', ਟੋਰਾਂਟੋ ਤੋਂ ਛਪਦੀਆਂ 'ਹਮਦਰਦ', 'ਅਜੀਤ' ਤੇ ਵੈਨਕੂਵਰ ਤੋਂ ਛਪਦੀਆਂ 'ਇੰਡੋ-ਕਨੇਡੀਅਨ' ਤੇ 'ਚੜ੍ਹਦੀ-ਕਲਾ' ਹਫ਼ਤਾਵਾਰੀ ਅਖਬਾਰਾਂ 'ਚ ਲੇਖ ਛਪੇ। ਜਲੰਧਰ ਤੋਂ 'ਅਜੀਤ' ਤੇ 'ਨਵਾਂ ਜ਼ਮਾਨਾ' ਅਤੇ ਇੰਗਲੈਂਡ ਤੋਂ 'ਪੰਜਾਬ ਟਾਇਮਜ਼' ਤੇ ਆਸਟ੍ਰੇਲੀਆ ਦੀਆਂ ਅਖਬਾਰਾਂ ਵਿੱਚ ਵੀ ਛਪਿਆ। ਹੁਣ ਸ਼ਿਕਾਗੋ ਤੋਂ ਹਫ਼ਤਾਵਾਰੀ ਛਪਦੀ 'ਪੰਜਾਬ ਟਾਇਮਜ਼' ਅਖ਼ਬਾਰ ਨਾਲ ਪੱਕੇ ਤੌਰ 'ਤੇ ਜੁੜ ਗਿਆ ਹਾਂ। ਇਸ ਅਖ਼ਬਾਰ ਨਾਲ ਜੁੜੇ ਅਨੇਕਾਂ ਮੁਲਕਾਂ ਦੇ ਪੰਜਾਬੀ ਪਾਠਕਾਂ ਨੇ ਮੈਨੂੰ ਬੜਾ ਪਿਆਰ ਦਿੱਤਾ। ਉਹਨਾਂ ਦੇ ਭਰਵੇਂ ਹੁੰਗਾਰੇ ਨੇ ਕਲਮ ਨੂੰ ਹੋਰ ਤਾਕਤ ਬਖਸ਼ੀ। ਨਿਊਯਾਰਕ ਦੇ ਖੇਡ ਮੇਲਿਆਂ 'ਚ ਸਟੇਜ ਸਕੱਤਰ ਦੀ ਸੇਵਾ ਤੇ ਖੇਡ-ਮੇਲਿਆਂ ਦਾ ਹਾਲ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਿਆ। 'ਪੰਜਾਬੀ ਵਿਰਸਾ ਸਪੋਰਟਸ ਕਲੱਬ ਐਂਡ ਐਸੋਸੀਏਸ਼ਨ' ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ ਨੇ ਹਮੇਸ਼ਾ ਮਾਣ ਦਿੱਤਾ। ਉਹਦਾ ਵਡੱਪਣ ਹੈ ਕਿ ਮੇਰੀ ਕਲਮ ਦੇ ਨਾਲ ਨਾਲ ਮੈਨੂੰ ਕਬੱਡੀ-ਕੱਪਾਂ 'ਤੇ ਸਟੇਜਾਂ ਸੰਭਾਲੀਆਂ। ਖੇਡ-ਲੇਖਣੀ ਦੇ ਬਾਬਾ ਬੋਹੜ ਪ੍ਰਿੰਸੀਪਲ ਸਰਵਣ ਸਿੰਘ ਜੀ ਅਤੇ ਕਬੱਡੀ ਕੁਮੈਂਟਰੀ ਦੀਆਂ ਨਵੀਆਂ ਪੈੜਾਂ ਪਾਉਣ ਵਾਲੇ ਪ੍ਰੋ. ਮੱਖਣ ਸਿੰਘ ਜੀ ਹਕੀਮਪੁਰ

ਵਾਲਿਆਂ ਨਾਲ ਸਟੇਜਾਂ ਸਾਂਝੀਆਂ ਕੀਤੀਆਂ। 'ਸੰਤ ਬਾਬਾ ਨਿਧਾਨ ਸਿੰਘ ਸਿੱਖ ਕਲਚਰਲ ਸੁਸਾਇਟੀ', 'ਕਪੂਰਥਲਾ ਸਪੋਰਟਸ ਕਲੱਬ ਐਂਡ ਕਲਚਰਲ ਸੁਸਾਇਟੀ' ਅਤੇ ਨਿਊਯਾਰਕ ਦੀਆਂ ਖੇਡ-ਕਲੱਬਾਂ ਅਤੇ ਨਿਊਜਰਸੀ ਦੀਆਂ ਕਾਰਟਰੇਟ ਅਤੇ ਬਰਲਿੰਗਟਨ ਖੇਡ ਕਲੱਬਾਂ ਨੇ ਮਾਣ ਦਿੱਤਾ। ਕੈਲੇਫ਼ੋਰਨੀਆਂ 'ਚ ਗਾਖਲ ਭਰਾਵਾਂ ਵੱਲੋਂ ਕਰਵਾਏ ਜਾਂਦੇ 'ਯੂਨਾਇਟਿਡ ਸਪੋਰਟਸ ਕਲੱਬ ਬੇ-ਏਰੀਆ' ਕਬੱਡੀ ਕੱਪ 'ਤੇ ਪਹਿਲੀ ਵਾਰ 2017 'ਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਦੂਜੀ ਵਾਰ 2023 ਦੇ ਕਬੱਡੀ-ਕੱਪ 'ਤੇ। ਅਮੋਲਕ ਸਿੰਘ ਗਾਖਲ ਤੇ ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਤੇ ਤੀਰਥ ਸਿੰਘ ਗਾਖਲ ਵੱਲੋਂ ਭਰਵਾਂ ਪਿਆਰ ਮਿਲਿਆ।

ਫ਼ਿਲਮੀ ਐਕਟਰ, ਡਾਇਰੈਕਟਰ ਤੇ ਪਹਿਲਵਾਨ ਦਾਰਾ ਸਿੰਘ ਦੇ ਉਸਤਾਦ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਜੀ ਦਾ ਵੀ ਥਾਪੜਾ ਹੈ, ਜੋ ਜਨਵਰੀ 1991 ਨੂੰ ਦਿੱਤਾ ਗਿਆ ਸੀ। ਮੈਂ ਅਮਰੀਕਾ ਤੋਂ ਪਹਿਲੀ ਵਾਰ ਪੰਜਾਬ ਗਿਆ ਸਾਂ। ਵੱਡੇ ਭਾ ਜੀ ਹੈੱਡਮਾਸਟਰ ਗਿਆਨ ਸਿੰਘ ਤੇ ਮੈਂ ਮਾਸਟਰ ਮੋਹਣ ਸਿੰਘ ਜੀ ਨੂੰ ਮਿਲਣ ਰਾਏਪੁਰ ਡੱਬੇ ਜਾ ਰਹੇ ਸਾਂ। ਮਾਸਟਰ ਮੋਹਣ ਸਿੰਘ ਮੇਰੇ ਭਾ ਜੀ ਦੇ ਵਧੀਆ ਮਿੱਤਰ ਤੇ ਮੇਰੇ ਮਾਹਿਲ-ਗਹਿਲਾਂ ਹਾਈ ਸਕੂਲ ਦੇ ਉਸਤਾਦ ਅਧਿਆਪਕ ਰਹੇ ਹਨ। ਪਿੰਡ ਵੜਦਿਆਂ ਹੀ ਮੂਹਰਿਓਂ ਭਲਵਾਨ ਜੀ ਫਹੁੜੀਆਂ ਦੇ ਸਹਾਰੇ ਬੋਹੜ ਦੇ ਵੱਡੇ ਦਰੱਖਤ ਵੱਲ ਨੂੰ ਤੁਰੇ ਆ ਰਹੇ ਸਨ। ਸ਼ਾਇਦ ਚੌਂਤਰੇ 'ਤੇ ਬੈਠੇ ਆਪਣੇ ਸੰਗੀ-ਸਾਥੀਆਂ ਨੂੰ ਮਿਲਣ ਜਾ ਰਹੇ ਸਨ। ਵੱਡੇ ਭਾਈ ਨੇ ਸਕੂਟਰ ਰੋਕਿਆ ਤੇ ਮੈਂ ਉਤਰ ਕੇ ਗੋਡੀਂ ਹੱਥ ਲਾਇਆ। ਭਾ ਜੀ ਨੂੰ ਕਹਿਣ ਲੱਗੇ, "ਜੁਆਨਾ, ਤੂੰ ਤਾਂ ਅਕਸਰ ਸਕੂਟਰ 'ਤੇ ਘੁੰਮਦਾ ਫਿਰਦਾ ਦਿਸਦਾ ਹੀ ਰਹਿੰਨੈਂ, ਆਹ ਮੁੰਡਾ ਕੌਣ ਆ...?" "ਭਲਵਾਨ ਜੀ ਇਹ ਮੇਰਾ ਛੋਟਾ ਭਾਈ ਸਾਹਿਬ ਐ, 'ਮਰੀਕਾ ਤੋਂ ਆਇਐ, ਏਹਨੂੰ ਭਲਵਾਨਾਂ ਬਾਰੇ ਲਿਖਣ ਦਾ ਸ਼ੌਕ ਐ। ਹੁਣ ਇਥੇ ਮਾਸਟਰ ਮੋਹਣ ਸਿੰਘ ਨੂੰ ਮਿਲਣ ਆਏ ਹਾਂ।"

ਉਨ੍ਹਾਂ ਮੈਨੂੰ ਧਿਆਨ ਨਾਲ ਵੇਖਿਆ ਤੇ ਭਾਰੇ ਹੱਥਾਂ ਦਾ ਥਾਪੜਾ ਦਿੰਦੇ ਕਹਿਣ ਲੱਗੇ, "ਜੁਆਨਾ, ਲਿਖਣਾ ਨਾ ਛੱਡੀਂ, ਇਹ ਕੰਮ ਕੋਈ ਸੌਖਾ ਨਹੀਂ, ਔਖਾ ਹੈ। ਸੱਚ ਲਿਖੀਂ, ਸੱਚ ਲਿਖਦੇ ਕਈ ਵਾਰ ਉੱਚੀਆਂ ਨੀਵੀਆਂ ਗੱਲਾਂ ਦਾ ਸਾਹਮਣਾ ਵੀ ਕਰਨਾ ਪੈਂਦੈ, ਪਰਵਾਹ ਨਹੀਂ ਕਰੀਦੀ।" ਭਾਰੇ ਹੱਥਾਂ ਦੇ ਥਾਪੜੇ ਨੇ ਮੈਨੂੰ ਹਿਲਾ ਦਿੱਤਾ। ਮੈਂ ਸੋਚਿਆ, ਭਲਵਾਨ ਜੀ ਦੇ ਹੱਥਾਂ 'ਚ ਹਾਲੇ ਵੀ ਤਾਕਤ ਹੈ। ਆਪਣੇ ਸਮੇਂ 'ਚ ਤਾਂ ਵਿਰੋਧੀਆਂ ਦਾ ਬੁਰਾ ਹਾਲ ਕਰਦੇ ਹੋਣਗੇ। ਭਲਵਾਨ ਜੀ ਦੀ ਉਹੀ ਗੱਲ ਲੜ ਬੰਨ੍ਹ ਮੈਂ ਅੱਜ ਤੱਕ ਲਿਖਦਾ ਆ ਰਿਹਾ ਹਾਂ, ਕਦੇ ਪਿਛਾਂਹ ਮੁੜ ਨਹੀਂ ਵੇਖਿਆ।

ਉਸਤਾਦ ਪ੍ਰਿੰਸੀਪਲ ਸਰਵਣ ਸਿੰਘ ਜੀ ਹੁਣਾਂ ਦਾ ਹਮੇਸ਼ਾ ਹੌਸਲਾ ਰਿਹਾ, ਜਿਨ੍ਹਾਂ ਚੰਗਾ ਤੇ ਨਿਰੋਲ ਲਿਖਣ ਲਈ ਹਮੇਸ਼ਾ ਪ੍ਰੇਰਨਾ ਤੇ ਕਹਿਣਾ, "ਲਿਖਣਾਂ ਨਾ

ਛੱਡੀਂ ਇਕਬਾਲ ਸਿੰਹਾਂ, ਏਹਦੀ ਕਦਰ ਜ਼ਰੂਰ ਪਵੇਗੀ।" ਪ੍ਰਿੰਸੀਪਲ ਸਾਹਿਬ ਦੀ ਕਹੀ ਗੱਲ 8 ਅਕਤੂਬਰ 2023 ਨੂੰ ਸੱਚ ਹੋ ਨਿਬੜੀ, ਜਦੋਂ ਨਿਊਯਾਰਕ ਕਬੱਡੀ ਕੱਪ 'ਤੇ 'ਐਨ. ਵਾਈ. ਸੀ.' ਕਬੱਡੀ ਕਲੱਬ ਨਿਊਯਾਰਕ ਨੇ 'ਸੋਨੇ ਦੇ ਤਮਗ਼ੇ' ਨਾਲ ਮਾਣ ਬਖਸ਼ ਕੇ ਬੱਲੇ ਬੱਲੇ ਕਰਾਈ। ਇਹ ਮਾਣ-ਸਨਮਾਨ ਮੇਰਾ ਨਹੀਂ, ਪ੍ਰਿੰਸੀਪਲ ਸਾਹਿਬ ਦਾ ਹੈ, ਜਿਨ੍ਹਾਂ ਹਮੇਸ਼ਾ ਚੰਗੀ ਸੇਧ ਦਿੱਤੀ ਤੇ ਮਿਆਰੀ ਲਿਖਣ ਲਈ ਪ੍ਰੇਰਿਆ। ਉਨ੍ਹਾਂ ਦੀ ਭਵਿੱਖਬਾਣੀ ਸੱਚ ਸਾਬਿਤ ਹੋ ਨਿਬੜੀ।

ਅੱਠ ਅਕਤੂਬਰ 2023 ਨੂੰ ਪੰਜਾਬੀ ਵਿਰਸਾ ਸਪੋਰਟਸ ਕਲੱਬ ਐਂਡ ਐਸੋਸੀਏਸ਼ਨ, ਐਨ. ਵਾਈ. ਸੀ. ਕਬੱਡੀ ਕਲੱਬ, ਮੈਟਰੋ ਕਬੱਡੀ ਕਲੱਬ ਅਤੇ ਮਾਲਵਾ ਬ੍ਰਦਰਜ਼ ਐਸੋਸੀਏਸ਼ਨ - ਚਾਰੇ ਕਲੱਬਾਂ ਨੇ ਇਕ ਪਲੇਟਫ਼ਾਰਮ 'ਤੇ 'ਕੱਠੇ ਹੋ ਕੇ ਸਾਂਝਾ ਕਬੱਡੀ-ਕੁੰਭ ਕਰਾਇਆ। ਇਸ ਕਬੱਡੀ-ਕੁੰਭ ਵਿੱਚ 'ਐਨ. ਵਾਈ. ਸੀ.' ਕਬੱਡੀ ਕਲੱਬ ਨਿਊਯਾਰਕ ਨੇ 'ਸੋਨੇ ਦੇ ਮੈਡਲ' ਨਾਲ ਨਿਵਾਜ਼ ਕੇ ਮੇਰੀਆਂ ਇਕੱਤੀਆਂ ਸਾਲਾਂ ਦੀਆਂ ਸੇਵਾਵਾਂ ਨੂੰ ਚਾਰ ਚੰਨ ਲਾਏ। ਮੇਰੀ ਕਲਮ ਵਿਚ ਹੋਰ ਜੋਸ਼ ਭਰਿਆ। ਕਿਉਂਕਿ ਜਦੋਂ ਤੋਂ ਨਿਊਯਾਰਕ ਵਿੱਚ ਕਬੱਡੀ ਮੈਚਾਂ ਦੀ ਸ਼ੁਰੂਆਤ ਹੋਈ ਹੈ, ਮੀਡੀਏ ਦੇ ਤੌਰ 'ਤੇ ਮੈਂ ਹਮੇਸ਼ਾ ਨਾਲ ਵਿਚਰਿਆਂ। ਅਜਿਹਾ ਮਾਣ-ਸਨਮਾਨ ਭਾਗਾਂ ਵਾਲੇ ਦੇ ਹੀ ਹਿੱਸੇ ਆਉਂਦਾ ਹੈ। 'ਐਨ. ਵਾਈ. ਸੀ. ਕਬੱਡੀ ਕਲੱਬ ਨਿਊਯਾਰਕ' ਦੀਆਂ ਭਾਵਨਾਵਾਂ ਦੀ ਮੈਂ ਕਦਰ ਕਰਦਾ ਹਾਂ, ਜਿਨ੍ਹਾਂ ਮੇਰੀ ਕਲਮ ਦੀ ਕਦਰ ਕੀਤੀ ਤੇ ਦੁਨੀਆਂ ਦੇ ਕੋਨੇ ਕੋਨੇ 'ਚ ਵਸਦੇ ਮੇਰੇ ਪਾਠਕਾਂ ਤੋਂ ਵਾਹਵਾ ਪਿਆਰ ਖੱਟਿਆ। 'ਐਨ. ਵਾਈ. ਸੀ.' ਕਬੱਡੀ ਕਲੱਬ ਦੇ ਦਿਲਦਾਰ ਸੱਜਣਾਂ 'ਚ ਸ. ਦਰਬਾਰਾ ਸਿੰਘ ਪਵਾਰ, ਹੈਰੀ ਪਵਾਰ, ਰਾਜ ਕੁਮਾਰ ਰਾਜੂ (ਏ. ਟੀ. ਏ. ਟੋਇੰਗ), ਦਲਜੀਤ ਸਿੰਘ ਪੱਤੜ, ਰਾਜ ਪਵਾਰ, ਕੁਲਦੀਪ ਸਿੰਘ ਢਿੱਲੋਂ (ਕਾਲਾ) ਜੇ. ਕੇ. ਪੈਟਰੋਲੀਅਮ, ਕਾਬਲ ਸਿੰਘ ਗਿੱਲ, ਲਾਡੀ ਬਾਜਵਾ, ਰਾਜਿੰਦਰ ਸਿੰਘ ਹੈਪੀ, ਪਾਲਾ ਪੱਤੜ ਤੇ ਗਗਨ (ਚਾਵਲਾ ਰੈਸਟੋਰੈਂਟ) ਸੱਜਣਾਂ ਨੇ ਵਡਮੁੱਲਾ ਮਾਣ ਦਿੱਤਾ।

**- ਇਕਬਾਲ ਸਿੰਘ ਜੱਬੋਵਾਲੀਆ**

# ਕਬੱਡੀ ਦਾ ਮਸੀਹਾ ਸੀ—
# ਕਾਲਾ ਸੰਘਿਆਂ ਵਾਲਾ ਮਹਿੰਦਰ ਮੌੜ

ਕਬੱਡੀ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਮਹਿੰਦਰ ਮੌੜ 11 ਮਈ 2021 ਨੂੰ ਅਕਾਲ ਚਲਾਣਾ ਕਰ ਗਏ। ਦੁਨੀਆਂ ’ਤੇ ਆਏ ਹਰ ਪ੍ਰਾਣੀ ਨੇ ਇਕ ਦਿਨ ਤੁਰ ਜਾਣਾ, ਪਰ ਅਜਿਹਾ ਇਨਸਾਨ ਲੱਭਣਾ ਬਹੁਤ ਔਖਾ ਹੈ, ਜੋ ਆਪਣੇ ਘਰੇਲੂ ਕੰਮਾਂ ਨੂੰ ਭੁੱਲ ਕੇ ਲੋੜਵੰਦਾਂ ਅਤੇ ਦੂਜਿਆਂ ਦੀਆਂ ਮੁਸ਼ਕਿਲਾਂ ਨੂੰ ਤਰਜੀਹ ਦੇਵੇ। ਉਹ ਦਿਲ ਦਾ ਬਾਦਸ਼ਾਹ ਸ਼ਾਹੀ ਫ਼ਕੀਰ ਬੰਦਾ ਸੀ, ਹਰ ਇਕ ਦੀ ਬਾਂਹ ਫੜਨ ਵਾਲਾ ਇਨਸਾਨ। ਉਹਦੀ ਦਰਿਆ-ਦਿਲੀ ਨੂੰ ਯਾਦ ਕਰ ਖਿਡਾਰੀ ਉਦਾਸ ਹਨ। ਹਰ ਇਕ ਦਾ ਦੁੱਖ ਸਮੇਟਣ ਵਾਲੇ ਦਲੇਰ ਦਾਨੀ ਇਨਸਾਨ ਮਹਿੰਦਰ ਮੌੜ ਦੀ ਜ਼ਿੰਦਗੀ ਦੇ ਖੱਟੇ-ਮਿੱਠੇ ਤਜਰਬਿਆਂ ਅਤੇ ਦਲੇਰੀ ਦੀ ਸਾਂਝ ਪਾਠਕਾਂ ਦੀ ਕਚਹਿਰੀ ਸਨਮੁੱਖ ਕਰ ਰਿਹਾ ਹਾਂ।

ਆਪਣੇ ਸਮੇਂ ਦੇ ਸਟਾਰ ਖਿਡਾਰੀ ਪੱਤੜੀਏ ਬੋਲੇ ਦੇ ਸ਼ਬਦਾਂ ’ਚ— “ਮੌੜ ਵਰਗੇ ਘਰ ਘਰ ਨ੍ਹੀਂ ਜੰਮਣੇ, ਉਹ ਕਬੱਡੀ ਦਾ ਕਿਲ੍ਹਾ ਸੀ। ਉਸ ਨੇ ਨਫ਼ਾ-ਨੁਕਸਾਨ ਸੋਚੇ ਬਿਨਾ ਖਿਡਾਰੀਆਂ ਦੀ ਹਰ ਤਰ੍ਹਾਂ ਮਦਦ ਕੀਤੀ। ਸੈਂਕੜੇ ਕਬੱਡੀ ਖਿਡਾਰੀ ਇੰਗਲੈਂਡ ਸੱਦੇ, ਵਿਆਹ ਕੀਤੇ ਤੇ ਪੈਰਾਂ ਸਿਰ ਹੋਣ ’ਚ ਮਦਦ ਕੀਤੀ। ਅਜਿਹੇ ਇਨਸਾਨ ਦੁਨੀਆਂ ’ਚ ਬੜੇ ਘੱਟ ਮਿਲਦੇ ਨੇ। ”

ਕੈਲੀਫੋਰਨੀਆ ਰਹਿੰਦੇ ਉੱਘੇ ਬਿਜ਼ਨਸਮੈਨ ਤੇ ਕਬੱਡੀ ਪ੍ਰੋਮੋਟਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮਹਿੰਦਰ ਮੌੜ ਬੜਾ ਦਲੇਰ ਬੰਦਾ ਸੀ—ਇੰਗਲੈਂਡ ਵਿਚ ਕਬੱਡੀ ਦੀਆਂ ਜੜ੍ਹਾਂ ਲਾਉਣ ਵਾਲਾ, ਕਬੱਡੀ ਨੂੰ ਪਿਆਰ ਕਰਨ ਵਾਲਾ ਤੇ ਖਿਡਾਰੀਆਂ ਦੀ ਬਾਂਹ ਫੜਨ ਵਾਲਾ।

ਇੰਗਲੈਂਡ ’ਚ ਮੌੜ ਨੂੰ ‘ਕਬੱਡੀ ਦਾ ਬਾਬਾ ਬੋਹੜ’ ਕਰਕੇ ਜਾਣਿਆ ਜਾਂਦੈ। ਉਹਨੇ ਖਿਡਾਰੀਆਂ ’ਚ ਹਮੇਸ਼ਾ ਜੋਸ਼ ਤੇ ਜਜ਼ਬਾ ਭਰ ਕੇ ਰੱਖਿਆ। ਪੰਜਾਬੀਆਂ ਦੀ ਰੂਹ ਦੀ ਖੁਰਾਕ ਕਬੱਡੀ ਉਹਦੇ ਰੋਮ ਰੋਮ ’ਚ ਵਸੀ ਹੋਈ ਸੀ। ਉਹ ਪੰਜਾਬ ਦੇ ਨਾਮੀ

ਖਿਡਾਰੀਆਂ ਪਿੱਛੇ ਹਮੇਸ਼ਾ ਥੰਮ੍ਹ ਵਾਂਗ ਖੜ੍ਹਿਆ ਰਿਹਾ। ਮੁਲਕ ਦੀ ਵੰਡ ਪਿੱਛੋਂ ਤੋਖੀ, ਮਾਲੜੀ, ਬੱਲ ਤੇ ਪ੍ਰੀਤੇ ਜਿਹੇ ਖਿਡਾਰੀਆਂ ਨੇ ਭਾਰਤੀ ਪੰਜਾਬ ਦੇ ਲੋਕਾਂ ਦੀ ਰਗ ਨੂੰ ਪਛਾਣਿਆ ਅਤੇ ਕਬੱਡੀ ਨੂੰ ਹੱਸਦੀ ਵੱਸਦੀ ਵੇਖਣ ਤੇ ਬੁਲੰਦੀਆਂ ’ਤੇ ਪਹੁੰਚਾਉਣ ਲਈ ਮਹਿੰਦਰ ਮੌੜ ਦਾ ਵੱਡਾ ਯੋਗਦਾਨ ਰਿਹਾ। ਘਰ ਫੂਕ ਤਮਾਸ਼ਾ ਵੇਖਣ ਵਾਂਗ ਸ਼ੌਕ ਪਾਲਣ ਲਈ ਜੇਬਾਂ ਖਾਲੀ ਕੀਤੀਆਂ ਤੇ ਜ਼ਮੀਨਾਂ ਦਾਅ ’ਤੇ ਲਾਈਆਂ। ਗਰੀਬ ਖਿਡਾਰੀਆਂ ਦੀ ਬਾਂਹ ਫੜੀ ਅਤੇ ਕੱਚਿਆਂ ਤੋਂ ਪੱਕੇ ਕਰਵਾਏ। ਮਹਿੰਦਰ ਮੌੜ 89 ਕੁ ਸਾਲ ਦੀ ਉਮਰੇ ਸਰੀਰਕ ਤੌਰ ’ਤੇ ਨਾਜ਼ੁਕ ਹਾਲਤਾਂ ’ਚੋਂ ਗੁਜ਼ਰ ਰਿਹਾ ਸੀ ਤੇ ਇਲਾਜ ਚੱਲਦਾ ਸੀ। ਭਤੀਜੇ ਜੀਤੇ ਮੌੜ ਨੇ ਬਹੁਤ ਸੇਵਾ ਕੀਤੀ, ਪਰ 11 ਮਈ 2021 ਨੂੰ ਜਲੰਧਰ ਦੇ ਇਕ ਹਸਪਤਾਲ ਵਿੱਚ ਸਵਾਸਾਂ ਦੀ ਲੜੀ ਟੁੱਟ ਗਈ।

ਪਿਤਾ ਤੇ ਭਰਾ ਸਿੰਘਾਪੁਰ ਰਹਿੰਦੇ ਕਰਕੇ 1957 ’ਚ ਮੌੜ ਉਨ੍ਹਾਂ ਕੋਲ ਚਲਾ ਗਿਆ। ਸਾਢੇ ਛੇ ਫੁੱਟ ਦਰਸ਼ਨੀ ਜੁਆਨ ਵੱਡਾ ਭਾਈ ਪਰਗਣ ਸਿੰਘ ਸਿੰਘਾਪੁਰ ’ਚ ਕੁਸ਼ਤੀਆਂ ਕਰਦਾ ਤੇ ਰੱਸਾ ਖਿੱਚਦਾ ਸੀ। ਡੇਢ ਕੁ ਸਾਲ ਮੌੜ ਉਨ੍ਹਾਂ ਕੋਲ ਰਿਹਾ। ਚੰਗੀ ਖੁਰਾਕ ਖਾਧੀ, ਪਹਿਲਵਾਨੀ ਕੀਤੀ ਤੇ ਦਿਲ ਨਾ ਲੱਗਣ ਕਰਕੇ ਵਾਪਸ ਪਿੰਡ ਆ ਗਿਆ। ਕੁਝ ਮਹੀਨੇ ਪਿੰਡ ਰਿਹਾ, ਫਿਰ ਏਜੰਟ ਨਾਲ ਗੱਲ ਕਰਕੇ ਇੰਗਲੈਂਡ ਨੂੰ ਚਾਲੇ ਪਾ ਦਿੱਤੇ।

1959 ’ਚ ਉਹ ਇੰਗਲੈਂਡ ਚਲਾ ਗਿਆ। ਉਥੇ ਉਹਨੂੰ ਕੋਈ ਨਹੀਂ ਸੀ ਜਾਣਦਾ। ਉਥੇ ਪੰਜਾਬੀ ਉਦੋਂ ਬੜੇ ਘੱਟ ਸਨ। ਪਹਿਲੀ ਰਾਤ ਉਹਨੇ ਵੁਲਵਰਹੈਂਮਟਨ ਦੇ ਸਟੇਸ਼ਨ ’ਤੇ ਕੱਟੀ। ਫਿਰ ਉਹਨੂੰ ਅੱਪਰੇ ਲਾਗੇ ਦਾ ਕੋਈ ਪਰਿਵਾਰ ਮਿਲਿਆ। ਥੋੜ੍ਹੇ ਦਿਨ ਉਨ੍ਹਾਂ ਕੋਲ ਰਿਹਾ ਤੇ ਕੰਮ ਲੱਭ ਕੇ ਟਿਕਾਣਾ ਬਣਾ ਲਿਆ। ਕੁਸ਼ਤੀਆਂ ਕਰਦਾ ਰਿਹਾ ਕਰਕੇ ਇੰਗਲੈਂਡ ਜਾ ਕੇ ਕੁਸ਼ਤੀਆਂ ਕੀਤੀਆਂ ਤੇ ਕੇਬੋ, ਨਿੰਮਾ ਮੱਲੀਆਂ ਤੇ ਹੋਰ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ। ਫਿਰ ਕਬੱਡੀ ਦਾ ਜਨੂੰਨ ਸਿਰ ਚੜ੍ਹ ਬੋਲਣ ਲੱਗਾ। ਕੰਮ ਤੋਂ ਘਰ ਜਾ ਥੋੜ੍ਹਾ ਅਰਾਮ ਕਰਨਾ, ਫਿਰ ਵੈਨ ’ਚ ਖਿਡਾਰੀਆਂ ਨੂੰ ਘਰੋਂ ਚੁੱਕ ਕੇ ਗਰਾਊਂਡ ਲਿਜਾਣਾ ਤੇ ਪ੍ਰੈਕਟਿਸ ਕਰ ਕੇ ਫਿਰ ਘਰੋ-ਘਰੀ ਛੱਡਣਾ, ਰੋਜ਼ ਦਾ ਕੰਮ ਸੀ।

1965 ’ਚ ਇੰਗਲੈਂਡ ’ਚ ਕਬੱਡੀ ਦੀ ਸ਼ੁਰੂਆਤ ਹੋਈ। 13 ਫਰਵਰੀ 1973 ਨੂੰ ਇੰਗਲੈਂਡ ਦੀ ਟੀਮ ਪਹਿਲੀ ਵਾਰ ਪੰਜਾਬ ਖੇਡਣ ਗਈ। ਇੰਗਲੈਂਡ ’ਚ ਕਬੱਡੀ ਦਾ ਸ਼ੌਕ ਰੱਖਣ ਵਾਲੇ ਕਾਵੈਂਟਰੀ ਤੇ ਵੁਲਵਰਹੈਂਮਟਨ ਤੋਂ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ, ਬਰਮਿੰਘਮ ਤੋਂ ਪਿਆਰਾ ਸਿੰਘ ਉਪਲ ਤੇ ਜਰਨੈਲ ਸਿੰਘ ਹੇਅਰ, ਸਾਊਥਹਾਲ ਤੋਂ ਸੁਰਜਨ ਸਿੰਘ ਚੱਠਾ ਤੇ ਰੇਸ਼ਮ ਸਿੰਘ ਅਤੇ ਗਰੇਵਜੈਂਡ ਤੋਂ ਕਰਨੈਲ ਸਿੰਘ ਸਨ। ਇਨ੍ਹਾਂ ਪ੍ਰੋਮੋਟਰਾਂ ਨੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਖਿਡਾਰੀ ਚੁਣ

ਚੁਣ ਪੰਜਾਬ ਖੇਡਣ ਭੇਜੇ। ਟੀਮ ਵਿਚ ਹਰਪਾਲ ਬਰਾੜ, ਜੀਤੀ ਖਹਿਰਾ, ਟਹਿਲ ਸਿੰਘ ਟਹਿਲਾ ਸੰਧਵਾਂ, ਹਿੰਮਤ ਸਿੰਘ, ਜਸਵੀਰ ਘੁੱਗੀ, ਲਹਿੰਬਰ ਲਿਤਰਾਂ, ਕੇਵਲ ਪਾਸਲਾ, ਦੇਬੀ ਕੋਟਲੀ ਥਾਨ ਸਿੰਘ, ਤੋਚੀ, ਬਾਬਾ ਕਰਨੈਲ ਘੁਰਲੀ, ਅਮਰੀਕ ਢਿੱਲਵਾਂ, ਸੋਹਣ ਬੋਪਾਰਾਏ, ਅਜੈਬ ਚੀਮਾ, ਜੀਤੀ ਹੁਸ਼ਿਆਰਪੁਰ, ਬਿੰਦਰ ਹੁਸ਼ਿਆਰਪੁਰ, ਪਰਮਜੀਤ ਲਾਖਾ, ਪਾਲੀ ਰਾਏਪੁਰ ਡੱਬਾ ਤੇ ਮੀਤਾ ਸੰਗ ਢੇਸੀਆਂ ਨਾਮੀ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਨੇ ਪੰਜਾਬ ਦੇ ਜਲੰਧਰ, ਫਿਰੋਜ਼ਪੁਰ, ਮੋਰਾਂਵਾਲੀ ਤੇ ਕਿਲ੍ਹਾ ਰਾਏਪੁਰ ਮੈਚ ਖੇਡੇ।

ਉਦੋਂ ਦੇ ਨਾਮੀ ਕਬੱਡੀ ਖਿਡਾਰੀ ਤੇ ਕੋਚ ਰਮੀਦੀ ਵਾਲੇ ਸਰਬਣ ਬੱਲ ਨੂੰ ਮੌੜ ਨੇ ਪਹਿਲੀ ਵਾਰ 1972 ’ਚ ਇੰਗਲੈਂਡ ਸੱਦਿਆ। ਇੰਗਲੈਂਡ ਤੋਂ ਵਾਪਸ ਜਾ ਕੇ ਸ. ਬੱਲ ਨੇ ਗ੍ਰਾਮ ਸੇਵਕ ਭਜਨ ਸਿੰਘ ਸੰਘਾ ਅਤੇ ਪੰਚਾਇਤ ਅਫਸਰ ਤੇ ਖੇਡਾਂ ’ਚ ਸ਼ੌਕ ਰੱਖਦੇ ਬੀ. ਡੀ. ਪੀ. ਓ. ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ ਤੇ ਪੰਜਾਬ ਦੇ ਤਕੜੇ ਖਿਡਾਰੀਆਂ ਦੀ ਟੀਮ ਤਿਆਰ ਕਰ 1974 ’ਚ ਇੰਗਲੈਂਡ ਖੇਡਣ ਗਏ। ਟੀਮ ਨਾਲ ਕੋਚ ਬੱਲ, ਹਰਮਿੰਦਰ ਸਿੰਘ ਭੁੱਲਰ, ਸਿਹਤ ਮੰਤਰੀ ਬਲਵੀਰ ਸਿੰਘ ਸ਼ੰਕਰ ਤੇ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਸਨ। ਤੋਖੀ ਐਟਮ ਬੰਬ ਤੇ ਅਜੀਤ ਸਿੰਘ ਮਾਲੜੀ ਮਹਿਮਾਨ ਵਜੋਂ ਨਾਲ ਗਏ। ਖਿਡਾਰੀਆਂ ’ਚ ਪ੍ਰੀਤਾ (ਕਪਤਾਨ), ਦੇਵੀ ਦਿਆਲ (ਉਪ ਕਪਤਾਨ), ਸੱਤਾ ਅੰਮ੍ਰਿਤਸਰ, ਜੀਤਾ ਸਿਪਾਹੀ ਅੰਮ੍ਰਿਤਸਰ, ਰਸਾਲ ਸਿੰਘ ਰਸਾਲਾ, ਬੰਸਾ ਢੰਡੋਵਾਲ ਸ਼ਾਹਕੋਟ, ਭੱਜੀ ਖੁਰਦਪੁਰ ਤੇ ਜੱਗੀ ਰਸੂਲਪੁਰ ਰੇਡਰ ਸਨ ਅਤੇ ਜਾਫੀਆਂ ’ਚ ਘੁੱਗਾ ਸ਼ੰਕਰ, ਦਰਸ਼ਨ ਮੰਗਲੀ ਲੁਧਿਆਣਾ, ਸੁਰਜੀਤ ਸੈਦੋਵਾਲ, ਬਿੰਦਰ ਘੱਲ ਕਲਾ ਤੇ ਮੋਹਣੀ ਜੰਡਿਆਲਾ (ਜਾਫੀ ਤੇ ਪਹਿਲਵਾਨ) ਖਿਡਾਰੀ ਸਨ। ਨਾਲ ਗਏ ਸ. ਭੁੱਲਰ ਨੂੰ ਸਟੇਜ ਦਾ ਧਨੀ ਤੇ ਗਜ਼ਬ ਦਾ ਕੁਮੈਂਟੇਟਰ ਐਲਾਨਿਆ ਗਿਆ।

ਮਹਿੰਦਰ ਮੌੜ 15-16 ਸਾਲਾਂ ਬਾਅਦ 1974-75 ’ਚ ਪੰਜਾਬ ਗਏ ਤਾਂ ਫਸਲਾਂ ਦੇ ਰੰਗ ਤੇ ਕਬੱਡੀ ਮੈਚ ਵੇਖ ਗਦ-ਗਦ ਹੋ ਗਏ। 1977 ’ਚ ਪੰਜਾਬ ਦੀ ਟੀਮ ਦੂਜੀ ਵਾਰ ਫਿਰ ਇੰਗਲੈਂਡ ਖੇਡਣ ਗਈ। ਧਾਵੀਆਂ ’ਚ ਪ੍ਰੀਤਾ, ਦੇਵੀ ਦਿਆਲ, ਪੱਤੜੀਆ ਬੋਲਾ, ਫਿੱਡੂ, ਅਰਜਨ ਕਾਉਂਕੇ ਤੇ ਦਿਲਬਾਗ ਬਾਘਾ ਬੇਗੋਵਾਲ ਸਨ ਅਤੇ ਜਾਫੀਆਂ ’ਚ ਸ਼ਿਵਦੇਵ ਸਿੰਘ, ਮੱਖਣ ਪੁਆਦੜਾ, ਭੱਜੀ ਖੀਰਾਂਆਲੀ, ਦਰਬਾਰਾ ਬੋਲਾ ਤੇ ਬਲਤੇਜ ਘੱਲ ਕਲਾਂ ਸਨ। 1988 ’ਚ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ ਇੰਗਲੈਂਡ ਦੀ ਟੀਮ ਫਿਰ ਪੰਜਾਬ ਲੈ ਕੇ ਗਏ। ਖਿਡਾਰੀਆਂ ’ਚ ਜਸਵੀਰ ਘੁੱਗੀ, ਸਵਰਨਾ, ਪਾਲੀ, ਜੱਸਾ ਭੱਜੀ, ਮੋਹਣਾ ਸੰਧਵਾਂ, ਜੈਲਾ ਹੁਸ਼ਿਆਰਪੁਰ ਤੇ

ਚੁੰਨੀ ਪੱਤੜ (ਪੱਤੜੀਏ ਬੋਲੇ ਦਾ ਚਚੇਰਾ ਭਰਾ) ਸਨ। ਇਸ ਪਿਛੋਂ ਇੰਗਲੈਂਡ ਦੀ ਟੀਮ ਹਰ ਸਾਲ ਪੰਜਾਬ ਖੇਡਣ ਜਾਣ ਲੱਗੀ।

1986 'ਚ ਮੁੜ ਇੰਗਲੈਂਡ ਤੋਂ ਪੰਜਾਬ ਖੇਡਣ ਗਈ ਟੀਮ 'ਚ ਜਸਵੀਰ ਘੁੱਗੀ, ਕੇਵਲ ਪਾਸਲਾ, ਮੱਖਣ ਪੁਆਦੜਾ, ਬਲਵੀਰ ਵੀਰ੍ਹਾ ਚਮਿਆਰਾ, ਨਿੰਦੀ ਔਜਲਾ, ਸਵਰਨਾ ਲੁਧਿਆਣਾ, ਮੇਜੀ ਲੁਧਿਆਣਾ, ਦੀਪਾ ਮੌਲੀ, ਜੈਲਾ ਹੁਸ਼ਿਆਰਪੁਰ, ਬਲਵੀਰ ਦੁੱਗਰੀ, ਮਿੰਦੀ ਪਧਾਣਾ, ਸੁਲੱਖਣ ਖੈੜਾ ਦੋਨਾਂ ਤੇ ਬਰਮਿੰਘਮ ਦਾ ਭਲਵਾਨ। ਇਸ ਟੀਮ ਨੇ ਤਲਵੰਡੀ ਸਾਬੋ ਕੀ, ਦੋਰਾਹੇ, ਬੱਸੀ ਪਠਾਣਾਂ, ਛੋਟਾ ਰੁੜਕਾ ਅਤੇ ਚੰਡੀਗੜ੍ਹ ਲਾਗੇ ਕਾਲਕਾ (ਦੇਵੀ ਦਿਆਲ ਦੇ ਸ਼ਾਗਿਰਦ ਟੋਨੀ ਦੇ ਪਿੰਡ) ਮੈਚ ਖੇਡੇ। ਮਹੀਨਾ ਕੁ ਇਹ ਟੀਮ ਪੰਜਾਬ ਰਹੀ ਤੇ ਉਦੋਂ ਖਾੜਕੂਵਾਦ ਦੇ ਦਿਨ ਸਨ। ਕਾਵੈਂਟਰੀ ਵਾਲੇ ਸੀਤਲ ਸਿੰਘ ਜੌਹਲ ਤੇ ਸੋਹਣ ਸਿੰਘ ਚੀਮਾ ਇਸ ਟੀਮ ਦੀ ਅਗਵਾਈ ਕਰ ਰਹੇ ਸਨ। ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੀਆਂ ਆਪੋ-ਆਪਣੀਆਂ ਕਲੱਬਾਂ ਕਰਕੇ ਫਿਰ ਤਾਂ ਹਰ ਸਾਲ ਇੰਗਲੈਂਡ ਦੀ ਟੀਮ ਪੰਜਾਬ ਖੇਡਣ ਜਾਣ ਲੱਗੀ।

1979 'ਚ ਮਹਿੰਦਰ ਮੌੜ ਨੇ 'ਮੌੜ ਡੇਅਰੀ' ਪਾ ਲਈ ਤੇ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਲਈ ਬੰਦੇ ਰੱਖ ਲਏ। ਲੁਧਿਆਣੇ ਵਾਲਾ ਮੇਜ਼ੀ ਤੇ ਕਾਲਾ ਸੰਘਿਆਂ ਵਾਲਾ ਮੋਹਣਾ ਵੀ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਜਾਂਦੇ ਰਹੇ। ਮੌੜ ਦੀ ਪਾਰਖੂ ਅੱਖ ਹਮੇਸ਼ਾ ਚੰਗੇ ਖਿਡਾਰੀਆਂ ਨੂੰ ਲੱਭਦੀ ਰਹਿੰਦੀ। ਉਹ ਚੰਗੀ ਖੇਡ ਦੀ ਕਦਰ ਕਰਦਾ ਸੀ। ਇਕ ਵਾਰ ਮਹਿੰਦਰ ਮੌੜ ਕਿਤੇ ਮੈਚ ਵੇਖਣ ਗਿਆ, ਕੋਈ ਖਿਡਾਰੀ ਵਧੀਆ ਖੇਡ ਰਿਹਾ ਸੀ। ਮੈਚ ਮੁੱਕਣ ਪਿਛੋਂ ਮੌੜ ਉਹਦੇ ਕੋਲ ਗਿਆ ਤੇ ਕਿਹਾ, "ਜੁਆਨਾਂ ਇੰਗਲੈਂਡ ਖੇਡਣ ਜਾਣੈ ? ਪਾਸਪੋਰਟ ਹੈ ?" ਇੰਗਲੈਂਡ ਦਾ ਨਾਂ ਸੁਣ ਕੇ ਮੁੰਡਾ ਹੈਰਾਨ ਜਿਹਾ ਹੋ ਗਿਆ।

ਉਹਦਾ ਅਤਾ-ਪਤਾ ਕਰ ਕੇ ਦੂਜੇ ਦਿਨ ਮੌੜ ਉਹਦੇ ਘਰ ਚਲਾ ਗਿਆ। ਘਰ ਵੜਦੇ ਨੂੰ ਵਿਹੜੇ 'ਚ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ ਤੇ ਬਾਪ ਹੁੱਕਾ ਪੀ ਰਿਹਾ ਸੀ। ਮੌੜ ਨੇ ਘਰ ਦੇ ਹਾਲਾਤ ਦਾ ਅੰਦਾਜ਼ਾ ਲਾ ਲਿਆ।

"ਬਜ਼ੁਰਗਾ ਮੁੰਡਾ ਇੰਗਲੈਂਡ ਲੈ ਕੇ ਜਾਣਾ ਖੇਡਣ ਲਈ, ਵਧੀਆ ਖੇਡਦੈ !"

"ਸਾਡੇ ਭਾਗਾਂ 'ਚ ਇੰਗਲੈਂਡ ਕਿਥੇ ਜੀ ?" ਇੰਗਲੈਂਡ ਦਾ ਨਾਂ ਸੁਣ ਕੇ ਬਾਪ ਸੁੰਨ ਜਿਹਾ ਹੋ ਗਿਆ।

"ਮੁੰਡਾ ਕਿਥੇ ਐ ?"

"ਜੀ, ਉਹ ਬੱਕਰੀਆਂ ਚਾਰਨ ਗਿਆ ਹੋਇਐ।"

ਬਜ਼ੁਰਗ ਦੇ ਬੋਲਾਂ ਨੇ ਮੌੜ ਨੂੰ ਸੱਟ ਮਾਰੀ। ਪਤਾ ਕਰਕੇ ਮੌੜ ਬੱਕਰੀਆਂ ਚਾਰਨ ਗਏ ਮੁੰਡੇ ਦੇ ਮਗਰੇ ਚਲਾ ਗਿਆ। ਜਾ ਕੇ ਉਹਦੇ ਨਾਲ ਗੱਲਬਾਤ ਕੀਤੀ।

ਘਰੋਂ ਜਾ ਕੇ ਪਾਸਪੋਰਟ ਲਿਆ। ਪਾਸਪੋਰਟ ਲੈ ਕੇ ਮੌੜ ਬਾਹਰ ਆ ਗਿਆ। ਸਾਰੇ ਪੇਪਰ ਆਪੇ ਤਿਆਰ ਕੀਤੇ। ਖਰਚਾ ਵੀ ਚੰਗਾ ਸੀ। ਕਲੱਬ ਦੇ ਖਾਤੇ 'ਚੋਂ 4 ਹਜ਼ਾਰ ਪੌਂਡ ਲਿਆ ਤੇ 4 ਹਜ਼ਾਰ ਪੌਂਡ ਮੌੜ ਨੇ ਆਪਣੀ ਜੇਬ 'ਚੋਂ ਪਾ ਉਸ ਮੁੰਡੇ ਨੂੰ ਵਾਇਆ ਜਰਮਨ ਇੰਗਲੈਂਡ ਸੱਦਿਆ। ਦੋ ਕੁ ਸਾਲ ਉਹ ਮੁੰਡਾ ਮੌੜ ਵੱਲੋਂ ਖੇਡਿਆ ਤੇ ਵੱਧ ਪੈਸਿਆਂ ਦੇ ਲਾਲਚ ਵਿਚ ਆ ਫਿਰ ਕਿਸੇ ਹੋਰ ਕਲੱਬ ਵੱਲੋਂ ਖੇਡਣ ਲੱਗ ਪਿਆ।

ਮੌੜ ਨੂੰ ਦੁੱਖ ਉਦੋਂ ਹੁੰਦਾ, ਜਦੋਂ ਖਿਡਾਰੀ ਪੰਜਾਬ ਤੋਂ ਲਿਆ ਕੇ ਖਿਡਾਏ ਤੇ ਸੈੱਟ ਕਰਾਏ ਹੁੰਦੇ ਅਤੇ ਉਹੀ ਮੌੜ ਨਾਲ ਧੋਖਾ ਕਰ ਜਾਂਦੇ ਜਾਂ ਦੂਜੀਆਂ ਟੀਮਾਂ ਵਿਚ ਖੇਡਣ ਲੱਗ ਜਾਂਦੇ। ਮੌੜ ਫਿਰ ਵੀ 'ਚਲੋ ਕੋਈ ਨੀ' ਕਹਿ ਦਿੰਦਾ, ਪਰ ਉਹ ਦੁੱਖ ਅੰਦਰੇ ਅੰਦਰ ਪੀ ਜਾਂਦਾ।

ਮੋਹਣਾ, ਜਸਵੀਰ ਘੁੱਗੀ, ਬਿੰਦਰ ਮਾਹਲ, ਰਾਜਨ, ਚੀਮਾ ਤੇ ਸ਼ਿੰਦਾ ਅਮਲੀ ਮੌੜ ਦੇ ਖਾਸ ਖਿਡਾਰੀ ਰਹੇ। ਮੌੜ ਦਾ ਭਤੀਜਾ ਘੁੱਗੀ ਤਕੜਾ ਤੇ ਤੇਜ਼-ਤਰਾਰ ਖਿਡਾਰੀ ਰਿਹੈ। ਘੁੱਗੀ ਨੂੰ ਹੋਰ ਤੇਜ਼ ਕਰਨ ਲਈ ਕੋਚ ਸਰਬਣ ਬੱਲ ਨੇ ਮੌੜ ਨਾਲ ਸਲਾਹ ਕਰ ਕੇ ਉਸ ਨੂੰ ਪੰਜਾਬ ਸੱਦ ਲਿਆ। ਸ. ਬੱਲ ਨੇ ਬੀ. ਡੀ. ਪੀ. ਓ. ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ ਕਿ ਘੁੱਗੀ ਨੂੰ ਹੋਰ ਤਿੱਖਾ ਕਰਨੈ।

"ਇਹ ਨਿੱਕੇ ਜਿਹੇ ਨੇ ਕੀ ਖੇਡਣਾ ?" ਘੁੱਗੀ ਦੇ ਛੋਟੇ ਕੱਦ ਵੱਲ ਵੇਖ ਸ. ਭੁੱਲਰ ਨੇ ਵਿਅੰਗ ਕੱਸਿਆ।

"ਜ਼ਰਾ ਮੌਕਾ ਦੇ ਕੇ ਤਾਂ ਵੇਖੋ, ਸ਼ੁਰਲੀ ਆ ਸ਼ੁਰਲੀ।" ਸ. ਬੱਲ ਨੇ ਬੜੇ ਠਰੰਮੇ ਨਾਲ ਕਿਹਾ।

ਫਿਰ ਕੀ ਸੀ, ਉਨ੍ਹਾਂ ਆਪਸ ਵਿਚ ਗੱਲ ਕਰ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਮੈਚ ਰੱਖ ਲਿਆ ਤੇ ਸਟੇਡੀਅਮ ਦਾ ਨੀਂਹ ਪੱਥਰ ਰੱਖਣ ਦੇ ਬਹਾਨੇ ਗਿਆਨੀ ਜ਼ੈਲ ਸਿੰਘ ਨੂੰ ਸੱਦ ਲਿਆ। ਉਸ ਮੈਚ ਦਾ ਗਿਆਨੀ ਜ਼ੈਲ ਸਿੰਘ ਨੇ ਵੀ ਅਨੰਦ ਮਾਣਿਆ। ਵਾਕਿਆ ਘੁੱਗੀ ਤਕੜਾ ਖੇਡਿਆ। ਜਾਫੀ ਤੇ ਧਾਵੀ—ਘੁੱਗੀ ਦੋਹਾਂ ਪਾਸੇ ਬੜਾ ਚੱਲਿਆ। ਟੀਮ ਦੇ ਦੂਜੇ ਪਾਸੇ ਜੋਤਾ, ਸੱਤਾ, ਜੀਤਾ ਸਿਪਾਹੀ ਤੇ ਹੋਰ ਤਕੜੇ ਖਿਡਾਰੀ ਖੇਡ ਰਹੇ ਸਨ। ਘੁੱਗੀ ਨੇ ਸ. ਭੁੱਲਰ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ। ਫਿਰ ਜਿਧਰ ਨੂੰ ਵੀ ਜੀਪ 'ਚ ਜਾਣਾ ਘੁੱਗੀ ਨੂੰ ਨਾਲ ਹੀ ਰੱਖਿਆ।

ਬਹਾਦੁਰ ਸਿੰਘ ਸੰਘਾ, ਕੰਤਾ ਸੰਘਾ, ਗੁਰਦੇਵ ਪੱਪੂ ਪੰਛੀ, ਬਲਕਾਰ ਸਿੰਘ ਤੇ ਗੁਰਮੇਜਾ ਜਿਹੇ ਸੱਜਣਾਂ ਨੇ ਮੌੜ ਦਾ ਬੜਾ ਸਾਥ ਦਿੱਤਾ ਤੇ ਚੱਟਾਨ ਵਾਂਗ ਹਰ ਤਰ੍ਹਾਂ ਨਾਲ ਖੜ੍ਹਦੇ ਰਹੇ।

ਮੌੜ ਨੇ ਸਿਰਫ ਭਾਰਤੀ ਪੰਜਾਬ ਦੇ ਖਿਡਾਰੀਆਂ ਨੂੰ ਹੀ ਨਹੀਂ, ਸਗੋਂ ਪਾਕਿਸਤਾਨੀ ਖਿਡਾਰੀਆਂ ਨੂੰ ਵੀ ਮੌਕਾ ਦਿੱਤਾ। ਦੋ ਕੁ ਸਾਲ ਉਹ ਵੀ ਉਹਦੀ ਟੀਮ

’ਚ ਖੇਡੇ। ਜਿਨ੍ਹਾਂ ’ਚ ਆਮੀਨ ਜੱਟ, ਗੁਲ, ਰਿਆਜ਼ ਤੇ ਲਾਲਾ ਖਿਡਾਰੀਆਂ ਨੂੰ ਵੀ ਮੌਕਾ ਦਿੱਤਾ। ਮੌੜ ਦੇ ਭਤੀਜੇ ਜੀਤੇ ਮੌੜ ਨੇ ਉਸੇ ਸਾਲ 1993 ’ਚ ਖੇਡਣਾ ਸ਼ੁਰੂ ਕੀਤਾ ਸੀ। ਜੀਤਾ ਕਈ ਸਾਲ ਤਕੜਾ ਖੇਡਿਆ। ਅੱਜ ਕੱਲ੍ਹ ਉਹ ਪਿੰਡ ਰਹਿੰਦੈ।

1990 ’ਚ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ ਇੰਗਲੈਂਡ ਦੀ ਟੀਮ ਪਾਕਿਸਤਾਨ ਖੇਡਣ ਲੈ ਕੇ ਗਏ। ਜਾਫੀਆਂ ’ਚ ਸਵਰਨਾ, ਪਾਲੀ, ਸ਼ਿੰਦਾ ਅਮਲੀ, ਨਿੰਦੀ ਔਜਲਾ ਤੇ ਮੱਖਣ ਬੈਂਸ ਸਨ, ਜਦਕਿ ਧਾਵੀਆਂ ’ਚ ਵੀਰ੍ਹਾ ਚਮਿਆਰਾ, ਮੇਜਰ ਅਟਾਲਾਂ, ਪੱਪੂ ਖੱਬਾ ਤੇ ਮੋਹਣਾ ਸੰਘਾ ਸਨ, ਪਰ ਸੱਟ ਲੱਗਣ ਕਰਕੇ ਮੋਹਣਾ ਖੇਡ ਨਾ ਸਕਿਆ। ਇੰਗਲੈਂਡ ਦੀ ਟੀਮ ਨੇ ਤਕੜੇ ਮੈਚ ਖੇਡੇ। ਤਿੰਨ ਮੈਚ ਪਾਕਿਸਤਾਨ ਤੋਂ ਜਿੱਤੇ ਤੇ ਇਕ ਹਾਰਿਆ। ਪਾਕਿਸਤਾਨੀ ਕਬੱਡੀ ਪ੍ਰੋਮੋਟਰ ਖਵਾਜ਼ਾ ਅਹਿਮਦ ਅੱਬਾਸ ਨੇ ਮੌੜ ਨੂੰ ‘ਕਬੱਡੀ ਦੇ ਬਾਬਾ ਬੋਹੜ’ ਦਾ ਖ਼ਿਤਾਬ ਦਿੱਤਾ ਤੇ ਵਾਹਵਾ ਮਾਣ-ਤਾਣ ਕੀਤਾ।

1991 ’ਚ ਸੋਹਣ ਚੀਮਾ ਤੇ ਹਰਪਾਲ ਬਰਾੜ ਦੀ ਦੇਖ-ਰੇਖ ਹੇਠ ਫਿਰ ਇੰਗਲੈਂਡ ਦੀ ਟੀਮ ਪਾਕਿਸਤਾਨ ਖੇਡਣ ਗਈ। ਛਾਂਟ ਛਾਂਟ ਕੇ ਚੁਣੇ ਖਿਡਾਰੀਆਂ ’ਚ ਕੁਲਦੀਪ ਮੱਲ੍ਹਾ, ਮੋਹਣਾ ਸੰਧਵਾਂ, ਪੰਮਾ ਪਾਸਲਾ, ਅਰਜਨ ਕਾਉਂਕੇ ਤੇ ਭੋਲਾ ਮਾਹਲਾ ਰੇਡਰ ਅਤੇ ਜਾਫੀਆਂ ’ਚ ਘੁੱਗੀ, ਚੁੰਨੀ ਪੱਤੜ, ਬਿੰਦਰ ਫਿਰੋਜ਼ਪੁਰ, ਬਿੱਟੂ ਸਾਊਥਹਾਲ ਤੇ ਸ਼ਿੰਦਾ ਅਮਲੀ ਸਨ।

ਕਬੱਡੀ ਦੇ ਪ੍ਰਸਿੱਧ ਕੋਚ ਮਦਨ ਲਾਲ ਗੋਗੀ ਦੀ ਟੀਮ ਮਹਿੰਦਰ ਮੌੜ ਦੀ ਮਿਹਰਬਾਨੀ ਸਦਕਾ ਤਿੰਨ ਸਾਲ ਇੰਗਲੈਂਡ ਖੇਡਣ ਜਾਂਦੀ ਰਹੀ। ਗੁਰਲਾਲ, ਬਿੱਟੂ ਦੁਗਾਲ, ਵੀਰ੍ਹਾ ਸਿਧਵਾਂ, ਜਾਦੂ ਤੇ ਫੰਤਾ ਖਿਡਾਰੀਆਂ ਤਿੰਨ ਸਾਲ ਫਸਵੇਂ ਮੈਚ ਖੇਡੇ ਤੇ ਤਿੰਨੇ ਸਾਲ ਜਿੱਤ ਦੇ ਕੱਪ ਚੁੱਕੇ। ਖਿਡਾਰੀਆਂ ਨੇ ਗੋਗੀ ਨੂੰ ਵਧੀਆ ਕੋਚ ਮੰਨਿਆ, ਜਿਹਦੀ ਦੇਖ-ਰੇਖ ਹੇਠ ਖਿਡਾਰੀ ਹਮੇਸ਼ਾ ਨਸ਼ਾ-ਰਹਿਤ ਖੇਡੇ।

1967 ’ਚ ਮੌੜ ਦਾ ਭਤੀਜਾ ਜਸਵੀਰ ਸਿੰਘ ਘੁੱਗੀ (ਮੌੜ ਦੇ ਵੱਡੇ ਭਾਈ ਸਰਪੰਚ ਚੇਤਨ ਸਿੰਘ ਦਾ ਬੇਟਾ) 14 ਸਾਲਾਂ ਦਾ ਸੀ, ਜਦੋਂ ਉਹ ਇੰਗਲੈਂਡ ਗਿਆ। ਦੋ ਸਾਲ ਬਰਮਿੰਘਮ ਤੇ ਕਾਵੈਂਟਰੀ ਦੇ ਮੈਚ ਚਾਚੇ ਮੌੜ ਨਾਲ ਵੇਖਣ ਜਾਂਦਾ ਰਿਹੈ। ਆਮ ਤੌਰ ’ਤੇ ਸ਼ਨੀ-ਐਤਵਾਰ ਹੁੰਦੇ ਮੈਚ ਕਦੇ ਮਿਸ ਨਾ ਕੀਤੇ। ਘੁੱਗੀ ਦਾ ਕਬੱਡੀ ਸ਼ੌਕ ਵਧਦਾ ਗਿਆ। 1969 ’ਚ ਘੁੱਗੀ 16 ਸਾਲਾਂ ਦਾ ਹੋ ਗਿਆ। ਚਾਚੇ ਮੌੜ ਨੇ ਉਹਨੂੰ ਤੇ ਕੇਵਲ ਪਾਸਲਾ ਨੂੰ ਕਾਵੈਂਟਰੀ ਦੀ ‘ਬੀ’ ਟੀਮ ਵੱਲੋਂ ਖਿਡਾ ਕੇ ਵੇਖਿਆ। ਫਿਰ ਵੂਲਵਰਹੈਂਮਟਨ ਦਾ ਟੂਰਨਾਮੈਂਟ ਖੇਡਿਆ। ਫਿਰ ਤਾਂ ਚੱਲ ਸੋ ਚੱਲ। ਘੁੱਗੀ ਦੀ ਖੇਡ ਨਿਖਰਦੀ ਗਈ। ਉਸ ਨੇ ਚਾਚੇ ਮੌੜ ਅਤੇ ਪਰਿਵਾਰ ਦਾ ਸਿਰ ਮਾਣ ਨਾਲ ਉੱਚਾ ਕੀਤਾ।

1975 ’ਚ ਮਹਿੰਦਰ ਮੌੜ ਨੇ ‘ਪੰਜਾਬ ਯੂਨਾਈਟਿਡ ਸਪੋਰਟਸ ਕਲੱਬ, ਵੂਲਵਰਹੈਂਮਟਨ’ ਦੀ ਸਥਾਪਨਾ ਕੀਤੀ। ਪੰਜਾਬ ਤੋਂ ਖੇਡਣ ਗਈ ਪਹਿਲੀ ਟੀਮ ਦੇ ਕੁਝ ਖਿਡਾਰੀ ਮੌੜ ਨੇ ਰੱਖ ਲਏ ਸਨ ਤੇ ਕੁਝ ਆਪਣੇ ਤਿਆਰ ਕੀਤੇ ਖਿਡਾਰੀ ਪਾ ਕੇ ਕਲੱਬ ਦੀ ਤਕੜੀ ਟੀਮ ਬਣਾ ਲਈ। ਜਿਨ੍ਹਾਂ ’ਚ ਸੁਰਜੀਤ ਗੱਛਾ ਸੈਦੋਵਾਲ, ਬਿੰਦਰ ਘੱਲ ਕਲਾਂ, ਬੰਸਾ ਸ਼ਾਹਕੋਟ, ਜਸਵੀਰ ਘੁੱਗੀ, ਜੱਸਾ ਨੱਥੂ ਚਾਹਲ, ਬਾਬਾ ਘੁਰਲੀ ਹੁਸ਼ਿਆਰਪੁਰ, ਪਰਮਜੀਤ ਲਾਖਾ, ਲਹਿੰਬਰ ਲਿਤਰਾਂ, ਨਿੰਦਰ ਮਝੈਲ, ਗੇਲੀ ਖਹਿਰਾ, ਸੁਰਿੰਦਰ ਬੈਂਸ ਟੀਮ ਦੇ ਖਿਡਾਰੀ ਸਨ। ਉਨ੍ਹਾਂ ਇੰਗਲੈਂਡ ’ਚ ਤਕੜੇ ਮੈਚ ਖੇਡੇ ਤੇ 8-10 ਸਾਲ ਕੱਪ ਜਿੱਤ ਕੇ ਮਹਿੰਦਰ ਮੌੜ ਦੀ ਝੋਲੀ ਪਾਉਂਦੇ ਰਹੇ।

ਆਪਣੇ ਆਪ ਨੂੰ ਫਿੱਟ ਰੱਖਣ ਲਈ ਮੌੜ ਕੰਮ ਤੋਂ ਘਰ ਜਾ ਥੋੜ੍ਹਾ ਅਰਾਮ ਕਰਦਾ ਤੇ ਫਿਰ ਦੌੜ ਲਾਉਣ ਜਾਂਦਾ। ਪਹਿਲੀਆਂ ’ਚ ਮੌੜ ਨੇ ਕਬੱਡੀ ਮੈਚ ਵੀ ਲਾਇਆ। ਸਾਊਥਹਾਲ ਇਕ ਵਾਰ ਮੈਚ ਵੇਖਣ ਗਿਆ ਤਾਂ ਖਿਡਾਰੀ ਘੱਟ ਸਨ। ਉਹ ਆਪ ਕੱਪੜੇ ਖੋਲ੍ਹ ਖੇਡਣ ਲੱਗ ਪਿਆ। ਜਸਵੀਰ ਘੁੱਗੀ, ਮੌੜ ਤੇ ਛੋਟਾ ਘੁੱਗੀ ਖਹਿਰਾ ਜਾਫੀ ਸਨ ਅਤੇ ਰੇਡਰਾਂ ’ਚ ਬਾਬਾ ਘੁਰਲੀ, ਲਾਖਾ ਪਰਮਜੀਤ ਤੇ ਸੁਰਜੀਤ ਸਨ। ਇਹ ਗੱਲ 1970-71 ਦੀ ਹੈ।

ਮਹਿੰਦਰ ਮੌੜ ਗਰਾਊਂਡ ’ਚ ਖਿਡਾਰੀਆਂ ਨਾਲ ਦੌੜ ਲਾਉਂਦਾ ਕਈ ਵਾਰ ਸੌ ਮੀਟਰ ਦੀ ਫਰਾਟਾ ਦੌੜ ਜਾਂ ਲੰਬੀ ਦੌੜ ਬਰਾਬਰ ਲਾ ਲੈਂਦਾ। ਵੀਰ੍ਹਾ ਚਮਿਆਰਾ, ਬੰਸਾ, ਸੁਰਜੀਤ, ਲਹਿੰਬਰ ਤੇ ਹੋਰ ਖਿਡਾਰੀਆਂ ਨਾਲ ਬਰਾਬਰ ਦੌੜਦੇ ਰਹੇ। ਘੁੱਗੀ ਤੇ ਅਰਜਨ ਕਾਉਂਕੇ ਦੀ ਖਾਸੀਅਤ ਸੀ ਜਿੰਨੀ ਤੇਜ਼ੀ ਨਾਲ ਉਹ ਅੱਗੇ ਨੂੰ ਦੌੜਦੇ, ਉਨੀ ਤੇਜ਼ੀ ਨਾਲ ਹੀ ਪਿੱਛਲਖੁਰੀਆਂ (ਪਿੱਛੇ ਨੂੰ) ਦੌੜ ਲੈਂਦੇ ਸਨ। ਜੀਤਾ, ਘੁੱਗੀ ਤੇ ਲਾਖਾ (ਮੌੜ ਦੇ ਭਤੀਜੇ), ਜੱਸਾ ਨੱਥੂ ਚਾਹਲ (ਮੌੜ ਦਾ ਸਾਲ਼ਾ) ਤੇ ਹੋਰ ਕਈ ਰਿਸ਼ਤੇਦਾਰ ਨਾਮੀ ਖਿਡਾਰੀ ਰਹੇ।

ਬਿੰਦਰ ਮਾਹਲ, ਕਾਟੋ ਤੇ ਪੱਪੂ ਗੁਰਦਾਸਪੁਰੀਏ ਨੂੰ ਮੌੜ ਨੇ ਪੇਪਰ ਭੇਜੇ। ਉਹ ਪੇਪਰ ਅੰਬੈਸੀ ਵਾਲਿਆਂ ਕਿਸੇ ਕਾਰਨ ਕਰਕੇ ਕੈਂਸਲ (ਰਿਫਿਊਜ਼) ਕਰ ਦਿੱਤੇ। ਫਿਰ ਰਾਹਦਾਰੀ (ਪੇਪਰ) ਲੈ ਕੇ ਖੁਦ ਮੌੜ ਗਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਇੰਗਲੈਂਡ ਪਰਤਿਆ। ਮੌੜ ਦੇ ਮਨ ਨੂੰ ਠੇਸ ਉਦੋਂ ਲੱਗਦੀ, ਜਦੋਂ ਖਿਡਾਰੀ ਬਹਾਨੇ ਨਾਲ ਪੈਸੇ ਲੈ ਲੈਂਦੇ। ਮੌੜ ਨੂੰ ਪਸੰਦ ਨਹੀਂ ਸੀ ਕਿ ਉਹਦੇ ਨਾਲ ਕੋਈ ਝੂਠ ਬੋਲੇ ਜਾਂ ਬੇਵਕੂਫ ਬਣਾਵੇ।

ਬਲਵਿੰਦਰ ਫਿੱਡੂ ਵੀ ਮੌੜ ਦਾ ਮਨਪਸੰਦ ਖਿਡਾਰੀ ਰਿਹੈ। ਸੁਰਜਨ ਚੱਠਾ ਤੇ ਸੋਹਣ ਸਿੰਘ ਚੀਮਾ ਦੇ ਸੱਦੇ ’ਤੇ ਫਿੱਡੂ ਇੰਗਲੈਂਡ ਖੇਡਣ ਆਉਂਦਾ ਰਿਹੈ। ਮੌੜ ਅਕਸਰ ਉਹਦੀ ਖੇਡ ਨੂੰ ਬੜਾ ਪਸੰਦ ਕਰਦਾ ਸੀ। ਮੌੜ ਦੀ ਇੱਛਾ ਹੁੰਦੀ ਤਕੜੇ

ਖਿਡਾਰੀ ਉਹਦੀ ਕਲੱਬ ਵੱਲੋਂ ਖੇਡਣ। ਪੈਸੇ ਦੀ ਪਰਵਾਹ ਨਹੀਂ ਸੀ ਕਰਦਾ। ਇਕ ਵਾਰ ਉਸ ਵੇਲੇ ਦੇ ਨਾਮੀ ਕਬੱਡੀ ਖਿਡਾਰੀ ਨਾਲ ਮੌੜ ਦੀ ਅਗਲੇ ਸਾਲ ਉਹਦੇ ਵੱਲੋਂ ਖੇਡਣ ਦੀ ਗੱਲਬਾਤ ਹੋ ਗਈ। ਮੌੜ ਨੇ ਉਹਨੂੰ 2500 ਪੌਂਡ ਪਹਿਲਾਂ ਹੀ ਦੇ ਦਿੱਤਾ। ਅਗਲੇ ਸਾਲ ਉਹ ਖਿਡਾਰੀ ਪੰਜਾਬ ਤੋਂ ਖੇਡਣ ਆਇਆ ਤਾਂ ਇੰਗਲੈਂਡ ਪਹੁੰਚ ਕੇ ਮਨ ਬਦਲ ਲਿਆ ਤੇ ਕਿਸੇ ਹੋਰ ਕਲੱਬ ਵੱਲੋਂ ਖੇਡਣ ਦੀ ਤਿਆਰੀ ਕਰ ਲਈ। ਅਗਲੇ ਦਿਨ ਮੈਚ ਸ਼ੁਰੂ ਹੋਣ ਲੱਗਾ ਤਾਂ ਗਰਾਊਂਡ ਵਿਚ ਜਾ ਕੇ ਮੌੜ ਉਸ ਖਿਡਾਰੀ ਦੇ ਮੂਹਰੇ ਜਾ ਖੜ੍ਹਾ ਹੋਇਆ। ਮੌੜ ਨੂੰ ਵੇਖਦੇ ਹੀ ਉਸ ਖਿਡਾਰੀ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਇਸੇ ਤਰ੍ਹਾਂ ਹੀ ਖ਼ੁਸ਼ੀ ਦੁੱਗਾਂ, ਬਿੱਟੂ ਦੁਗਾਲ ਤੇ ਸੰਦੀਪ ਦਿੜਬਾ ਨਾਲ ਅਗਲੇ ਸਾਲ ਉਸ ਦੇ ਕਲੱਬ ਵੱਲੋਂ ਖੇਡਣ ਦੀ ਗੱਲ ਕਰ ਲਈ ਜਾਂਦੀ ਸੀ।

ਮੋਹਣਾ ਸੰਘਾ ਤੇ ਕਿਸ਼ਨ ਚੱਕ ਢੱਡਾ 1984 ’ਚ ਇੰਗਲੈਂਡ ਖੇਡਣ ਗਏ। ਮੋਹਣਾ ਸੰਘਾ 34-35 ਸਾਲ ਮੌੜ ਨਾਲ ਰਿਹਾ। ਸਿੱਧਵਾਂ ਵਾਲਾ ਲੱਡੂ ਵੀ ਮੌੜ ਸਦਕਾ ਇੰਗਲੈਂਡ ਖੇਡਣ ਗਿਆ। ਮੌੜ ਤੋਂ ਬਾਅਦ ਪਿੰਡ ਦੀ ਕਬੱਡੀ ਨੂੰ ਉੱਚਾ ਚੁੱਕਣ ਲਈ ਜਤਿੰਦਰ ਲਾਲੀ ਦੀ ਵੱਡੀ ਦੇਣ ਹੈ। ਲਾਲੀ ਵੀ ਵਧੀਆ ਕਬੱਡੀ ਖਿਡਾਰੀ ਰਿਹੈ। 1981 ’ਚ ਉਹ ਆਪਣੇ ਮਾਤਾ-ਪਿਤਾ ਨਾਲ ਪੱਕੇ ਤੌਰ ’ਤੇ ਵੈਨਕੂਵਰ ਪਹੁੰਚ ਗਿਆ। 1981-82 ਦੋ ਸਾਲ ਉਸ ਨੇ ਵੈਨਕੂਵਰ ਦੇ ਮੈਚ ਖੇਡੇ। 1984 ’ਚ ਲਾਲੀ ਨੇ ਕਬੱਡੀ ਟੀਮ ਕੈਨੇਡਾ ਸੱਦੀ। ਉਸ ਟੀਮ ਨੇ ਪਹਿਲਾਂ ਵੈਨਕੂਵਰ ਮੈਚ ਖੇਡੇ, ਫਿਰ ਉਸੇ ਸਾਲ ਹੀ ਪਹਿਲੀ ਵਾਰ ਅਮਰੀਕਾ ਖੇਡਣ ਗਏ ਟੀਮ ਦੇ ਦੋ ਖਿਡਾਰੀਆਂ—ਗਿਆਨੀ ਮੋਠਾ ਆਲੀਆ ਤੇ ਸੋਖਾ ਨਿੱਝਰ ਨੂੰ ਛੱਡ ਬਾਕੀ ਸਾਰੇ ਖਿਡਾਰੀ ’ਕੱਲੇ ਪਿੰਡ ਕਾਲਾ ਸੰਘਿਆਂ ਦੇ ਸਨ। ਖਿਡਾਰੀਆਂ ’ਚ ਮੱਖਣ, ਸੋਖਾ ਨਿੱਝਰ, ਬਲਵਿੰਦਰ ਟਾਊ, ਸੁਰਿੰਦਰ ਸਿੰਘ ਜਾਫੀ ਸਨ ਅਤੇ ਰੇਡਰਾਂ ’ਚ ਗਿਆਨੀ ਮੋਠਾ ਆਲੀਆ, ਅਮਰਜੀਤ ਪੱਪੂ, ਲੱਖੀ ਬੋਲਾ, ਹਰਕੀਰਤ ਕੀਕਾ ਸਨ।

ਕੈਨੇਡਾ ਵਸਦੇ ਪਿੰਡ ਦੇ ਪੁਰਾਣੇ ਖਿਡਾਰੀ ਸ. ਭਜਨ ਸਿੰਘ ਸੰਘਾ ਨੂੰ ਮਾਣ ਹੈ, ਮਹਿੰਦਰ ਮੌੜ ਅਤੇ ਸਾਰੇ ਪਰਿਵਾਰ ’ਤੇ। ਮਹਿੰਦਰ ਮੌੜ ਹੋਰੀਂ ਪੰਜ ਭਰਾ ਸਨ—ਅਰਜਨ ਸਿੰਘ, ਚੇਤਨ ਸਿੰਘ (ਜੋ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹੈ) ਜੋਗਿੰਦਰ ਸਿੰਘ ਅਤੇ ਪਰਗਣ ਸਿੰਘ ਤੇ ਇਕ ਭੈਣ। ਛੇ-ਛੇ ਫੁੱਟ ਲੰਬੇ ਕੱਦ-ਕਾਠ। ਮਾਤਾ, ਪਿਤਾ ਸ. ਬੁੱਕਣ ਸਿੰਘ ਵੀ ਉੱਚੇ-ਲੰਬੇ ਸਨ। ਪੰਜੇ ਭਰਾਵਾਂ ਨੂੰ ਭਲਵਾਨੀ ਤੇ ਹੋਰ ਖੇਡਾਂ ਦੇ ਸ਼ੌਕ ਤੋਂ ਇਲਾਵਾ ਹਲਟਾਂ ਦੀਆਂ ਦੌੜਾਂ ਦਾ ਵੀ ਸ਼ੌਕ ਸੀ। ਤਕੜੇ ਬਲਦਾਂ ਦੀਆਂ ਜੋੜੀਆਂ ਹਮੇਸ਼ਾ ਰਹੀਆਂ। ਮਹਿੰਦਰ ਮੌੜ ਦਾ ਭਰਾਵਾਂ ਨਾਲ ਦਸਤ-ਪੰਜਾ,

ਮਜ਼ਬੂਤ ਪਕੜਾਂ ਹੁੰਦੀਆਂ ਰਹਿੰਦੀਆਂ ਤੇ ਖੂਹ 'ਤੇ ਬਣੇ ਅਖਾੜੇ 'ਚ ਪੰਜੇ ਭਰਾ ਜ਼ੋਰ-ਅਜ਼ਮਾਈ ਕਰਦੇ।

ਇਕ ਵਾਰ ਸਾਰੇ ਭਰਾ ਜ਼ੋਰ ਕਰ ਰਹੇ ਸਨ ਤਾਂ ਕਿਸੇ ਮਰਗ 'ਤੇ ਜਾਂਦੇ ਬਜ਼ੁਰਗ ਕੋਲ ਆ ਕੇ ਬੈਠ ਗਏ ਤੇ ਪੁੱਛਣ ਲੱਗੇ, "ਜੁਆਨੋ ਕਿਹੜਾ ਕਿਹੜਾ ਪਿੰਡ ਐ ਤੁਹਾਡਾ ?"

"ਸਾਡਾ ਪਿੰਡ ਤਾਂ ਆਹੀ ਆ ਜੀ, ਅਸੀਂ ਸਾਰੇ ਸਕੇ ਭਰਾ ਆਂ !" ਮੌੜ ਹੁਰੀਂ ਜਵਾਬ ਦਿੱਤਾ।

"ਤੁਹਾਡੇ ਘਰ ਦੀਆਂ ਇੱਟਾਂ ਹੈਗੀਆਂ ?"

"ਕੀ ਮਤਲਬ ਬਜ਼ੁਰਗੋ ?"

"ਮਤਲਬ ਕਿ ਘਰ ਦੀਆਂ ਇੱਟਾਂ ਵਗੈਰਾ ਖਾ ਗਏ ਹੋਣੇ ਆ ?"

"ਇੱਟਾਂ ਕੀ ਖਾਣੀਆਂ ਬਜ਼ੁਰਗੋ, ਘਰ 'ਚ ਲਵੇਰਾ ਈ ਬਹੁਤ ਐ !"

"ਧੰਨ ਹੈ ਤੁਹਾਡੇ ਮਾਪੇ, ਜੋ ਅਜਿਹੇ ਸ਼ੇਰਾਂ ਨੂੰ ਪਾਲ ਰਹੇ ਨੇ !"

ਧਰਤੀ ਨੂੰ ਮੱਥਾ ਟੇਕਦੇ ਉਹ ਬਜ਼ੁਰਗ ਤੁਰ ਪਏ।

ਕਹਿੰਦੇ ਨੇ, ਉਨ੍ਹਾਂ ਦੀਆਂ ਖੁਰਾਕਾਂ ਬਹੁਤ ਹੁੰਦੀਆਂ ਸਨ। ਪਸ਼ੂਆਂ ਨੂੰ ਕਾੜ੍ਹਾ ਦੇਣ ਵਾਲੀ 'ਨਾਲ਼' ਨਾਲ ਘਿਓ ਪੀਂਦੇ ਸਨ। ਮੱਖਣ, ਦੁੱਧ, ਘਿਓ; ਰੋਟੀਆਂ ਦਾ ਤਾਂ ਕੋਈ ਹਿਸਾਬ ਈ ਨਹੀਂ ਸੀ ਹੁੰਦਾ।

ਉਸ ਵੇਲੇ ਦਾ ਡੀ. ਜੀ. ਪੀ. ਗੁਰਇਕਬਾਲ ਸਿੰਘ ਭੁੱਲਰ ਮੌੜ ਦੀ ਬੜੀ ਇੱਜ਼ਤ ਕਰਦਾ ਸੀ। ਮੌੜ ਜਦੋਂ ਪੰਜਾਬ ਗਿਆ, ਡੀ. ਜੀ. ਪੀ. ਭੁੱਲਰ ਨੇ ਉਹਦੇ ਘੁੰਮਣ-ਫਿਰਨ ਲਈ ਪਿੰਡ ਜੀਪ ਤੇ ਗੰਨਮੈਨ ਭੇਜ ਦਿੱਤੇ। ਮੌੜ ਜਲੰਧਰ ਜਾ ਕੇ ਡੀ. ਜੀ. ਪੀ. ਭੁੱਲਰ ਨੂੰ ਕਹਿਣ ਲੱਗਾ, "ਭੁੱਲਰ ਸਾਹਿਬ ਰੋਟੀ ਤਾਂ ਮੈਨੂੰ ਨ੍ਹੀਂ ਮਿਲਦੀ, ਉਨ੍ਹਾਂ ਨੂੰ ਕਿਥੋਂ ਖੁਆਊਂਗਾ ?"

ਛੋਟਾ ਹੁੰਦਾ ਮਹਿੰਦਰ ਸਿੰਘ ਹੱਡਾਂ-ਪੈਰਾਂ ਤੇ ਸਰੀਰ ਦਾ ਖੁੱਲ੍ਹਾ-ਡੁੱਲ੍ਹਾ ਸੀ। ਘਰ ਵਾਲੇ ਪੰਜਾਬ ਦੇ ਲੋਕ ਗੀਤਾਂ ਦੇ ਨਾਇਕ ਜਿਉਣੇ ਮੌੜ ਵਾਂਗ ਦਲੇਰ ਬਹਾਦੁਰ ਵੇਖਣ ਲੱਗੇ। ਜਦੋਂ ਵੀ ਕੋਈ ਕੰਮਕਾਰ ਹੋਣਾ ਤਾਂ ਘਰਦਿਆਂ ਨੇ ਮੌੜ ਕਹਿ ਕੇ ਅਵਾਜ਼ ਮਾਰਨੀ। ਮੌੜਾ ਆਹ ਕਰੀਂ, ਮੌੜਾ ਅਹੁ ਕਰੀਂ। ਇਸ ਤਰ੍ਹਾਂ ਘਰਦਿਆਂ ਤੋਂ ਪਿੰਡ ਦੇ ਲੋਕਾਂ 'ਚ ਅਤੇ ਲੋਕਾਂ ਤੋਂ ਇਲਾਕੇ 'ਚ ਮੌੜ-ਮੌੜ ਹੋ ਗਈ। ਫਿਰ ਤਾਂ ਖੇਡ ਹਲਕਿਆਂ 'ਚ ਮੌੜ ਨਾਂ ਦੀ ਚਰਚਾ ਹੋਣ ਲੱਗੀ। ਉਦੋਂ ਤੋਂ ਆਖ਼ਰ ਤੱਕ ਖੇਡ ਦੁਨੀਆਂ 'ਚ ਮੌੜ ਦੀਆਂ ਧੁੰਮਾਂ ਪਈਆਂ ਰਹੀਆਂ। ਪਿੰਡ ਦੇ ਸਿਆਣੇ ਹੋ ਚੁੱਕੇ ਸ. ਭਜਨ ਸਿੰਘ ਸੰਘਾ ਨੇ ਇਹ ਦਿਲਚਸਪ ਵਾਰਤਾ ਸਾਂਝੀ ਕੀਤੀ, ਜੋ ਸਰਬਣ ਬੱਲ, ਰਤਨ ਟਿੱਬਾ,

ਅਜੀਤ ਸਠਿਆਲਾ ਤੇ ਅਮਰੀਕ ਗੜ੍ਹਦੀਵਾਲਾ ਨਾਲ ਖੇਡਦਾ ਰਿਹੈ। 1968 'ਚ ਭਜਨ ਸਿੰਘ ਦਾ ਕਬੱਡੀ 'ਚ ਪੂਰਾ ਨਾਂ ਸੀ।

ਖੇਡਾਂ ਤੇ ਕੁਸ਼ਤੀਆਂ 'ਚ ਸ. ਭਜਨ ਸਿੰਘ ਨੇ ਮੰਨਿਆ ਕਿ ਉਹਦੇ ਬਾਪ-ਦਾਦੇ ਤੋਂ ਪਹਿਲਾਂ ਦੀਆਂ ਪਿੰਡ 'ਚ ਕੁਸ਼ਤੀਆਂ ਹੋ ਰਹੀਆਂ ਨੇ, 100 ਸਾਲ ਦੇ ਲਗਪਗ। ਕਾਲਾ ਸੰਘਿਆਂ ਦੀ ਛਿੰਝ ਇਲਾਕੇ ਭਰ 'ਚ ਮਸ਼ਹੂਰ ਹੈ ਤੇ ਇਥੇ ਸ਼ੰਕਰੀਏ ਗੁਰਦਾਵਰ ਤੇ ਮੇਹਰਦੀਨ ਜਿਹੇ ਕੁਸ਼ਤੀਆਂ ਲੜਨ ਆਉਂਦੇ ਰਹੇ ਹਨ। ਮਹਿੰਦਰ ਮੌੜ ਦੇ ਪਰਿਵਾਰ ਵੱਲੋਂ ਹਰ ਸਾਲ ਪਿੰਡ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਹਨ। ਹਰ ਸਾਲ ਅਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਕਬੱਡੀ ਮੈਚ ਕਰਾਏ ਜਾਂਦੇ ਹਨ, ਜੋ ਇੰਗਲੈਂਡ ਰਹਿੰਦੇ ਮੌੜ ਦੇ ਸ਼ਾਗਿਰਦ ਕਰਵਾਉਂਦੇ ਹਨ। ਉਨ੍ਹਾਂ ਮੈਚਾਂ ਵਿਚ ਮੌੜ ਦਾ ਵੱਡਾ ਯੋਗਦਾਨ ਰਿਹਾ। ਮੌੜ ਦੀ ਕਬੱਡੀ ਪ੍ਰਤੀ ਵੱਡੀ ਦੇਣ ਕਰਕੇ ਅਨੰਦਪੁਰ ਸਾਹਿਬ ਦੇ ਕਬੱਡੀ ਮੈਚਾਂ 'ਚ ਇੰਗਲੈਂਡ ਰਹਿੰਦੇ ਸ. ਪਿਆਰਾ ਸਿੰਘ ਗੁਮਟਾਲਾ ਨੇ ਘੋੜੀ ਦਿੱਤੀ ਤੇ ਅਗਲੇ ਸਾਲ ਰਾਜਸਥਾਨ ਤੋਂ ਮੰਗਵਾ ਕੇ ਬੋਤੀ ਦਿੱਤੀ ਸੀ।

ਮੌੜ ਨੇ ਹਰ ਇਕ ਦਾ ਭਲਾ ਕਰਨ ਦੀ ਕੋਸ਼ਿਸ਼ ਕੀਤੀ। ਘਰਵਾਲੀ ਨਸੀਬ ਕੌਰ ਨੇ ਵੀ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਰੱਖਿਆ। ਮਾਵਾਂ ਵਾਲੇ ਸਾਰੇ ਸ਼ਗਨ-ਵਿਹਾਰ ਕੀਤੇ। ਉਹਦੇ ਘਰ ਮਿਲਣੀਆਂ ਦੇ ਪਤਾ ਨਹੀਂ ਕਿੰਨੇ ਕੁ ਕੰਬਲ, ਸੋਨੇ ਦੀਆਂ ਮੁੰਦਰੀਆਂ ਤੇ ਕੜੇ ਪਏ ਹੁੰਦੇ। ਰਿਸ਼ਤਾ ਕਰਨ ਲੱਗੇ ਉਹਨੇ ਕਿਸੇ ਪਰਿਵਾਰ ਨੂੰ ਕਦੇ ਨਹੀਂ ਸੀ ਪੁੱਛਿਆ। ਬੱਸ ਅਗਲੇ ਨੂੰ ਦੱਸ ਦੇਣਾ ਕਿ ਉਹਦੇ ਮੁੰਡੇ ਜਾਂ ਕੁੜੀ ਦਾ ਰਿਸ਼ਤਾ ਕਰ ਦਿੱਤਾ ਹੈ। ਲੋਕਾਂ ਨੂੰ ਪੂਰਾ ਯਕੀਨ ਸੀ ਕਿ ਮੌੜ ਜੋ ਵੀ ਕਰਦਾ, ਚੰਗਾ ਤੇ ਭਲਾਈ ਲਈ ਹੀ ਕਰਦਾ। ਸੁਨਿਆਰੇ ਵੀ ਵਾਕਫ ਸਨ। ਜਦੋਂ ਕਿਸੇ ਦਾ ਵਿਆਹ ਹੋਣਾ ਤਾਂ ਸਾਈਜ਼ ਨਹੀਂ ਸੀ ਪਤਾ ਹੁੰਦਾ। ਮੌੜ ਨੇ ਕਹਿਣਾ 5-6 ਮੁੰਦੀਆਂ ਦੇ ਦੇ, ਜਿਹੜੀ ਮੇਚ ਆ'ਗੀ, ਰੱਖ ਲਾਂ'ਗੇ, ਬਾਕੀ ਵਾਪਸ ਕਰ ਦਿਆਂਗੇ। ਸੁਨਿਆਰਿਆਂ ਨੂੰ ਪੂਰਾ ਯਕੀਨ ਹੁੰਦਾ ਸੀ। ਕਦੇ ਪੈਸੇ ਨਹੀਂ ਸੀ ਪੁੱਛੇ।

1977 'ਚ ਕਬੱਡੀ ਦਾ ਪ੍ਰਸਿੱਧ ਖਿਡਾਰੀ ਪੱਤੜੀਆ ਬੋਲਾ ਇੰਗਲੈਂਡ ਖੇਡਣ ਗਿਆ ਤਾਂ ਮੌੜ ਦੀ ਕੋਸ਼ਿਸ਼ ਸੀ ਕਿ ਬੋਲੇ ਨੂੰ ਵਾਪਸ ਨਾ ਜਾਣ ਦਿੱਤਾ ਜਾਵੇ। ਰਾਤੋ-ਰਾਤ ਕਈ ਪਾਸੇ ਰਿਸ਼ਤਿਆਂ ਦੀ ਗੱਲ ਚਲਾਈ, ਪਰ ਕਿਸੇ ਕਾਰਨ ਕਰਕੇ ਵਾਪਸ ਜਾਣਾ ਪਿਆ। ਬੋਲਾ ਉਹਦੀ ਕੁਰਬਾਨੀ ਨੂੰ ਯਾਦ ਕਰਦਾ ਕਹਿੰਦਾ, "ਮੌੜ ਜ਼ਿੰਦਾਦਿਲ ਇਨਸਾਨ ਸੀ।" ਸ਼ਿੰਦੇ ਅਮਲੀ ਨੂੰ ਪੱਕਾ ਕਰਵਾਉਣ ਲਈ ਮੌੜ ਦਾ ਵੱਡਾ ਯੋਗਦਾਨ ਹੈ। ਮੈਚਾਂ ਦੌਰਾਨ ਮੌੜ ਨੇ ਅਨਾਊਂਸਮੈਂਟ ਕਰਵਾ ਦਿੱਤੀ ਸੀ ਕਿ ਜਿਹੜਾ ਕਲੱਬ ਸ਼ਿੰਦੇ ਨੂੰ ਪੱਕਾ ਕਰਵਾਊ, ਉਹ ਉਸੇ ਕਲੱਬ ਵੱਲੋਂ ਖੇਡੇਗਾ। ਸਭ ਨੇ ਬੜੀ ਨੱਠ-ਭੱਜ ਕੀਤੀ, ਕੋਈ ਗੱਲ ਨਾ ਬਣੀ। ਵੀਜ਼ੇ ਦੀ ਮਿਆਦ ਵੀ ਦੋ ਦਿਨ ਦੀ

ਰਹਿ ਗਈ ਸੀ। ਫਿਰ ਕਮਾਨ ਮੌੜ ਨੇ ਸੰਭਾਲ ਲਈ। ਤੀਰ ਨਿਸ਼ਾਨੇ 'ਤੇ ਜਾ ਲੱਗਾ। ਮੌੜ ਨੇ ਦੋ ਦਿਨਾਂ 'ਚ ਰਿਸ਼ਤਾ ਲੱਭ ਲਿਆ। ਖੜ੍ਹੇ ਪੈਰ ਪੱਲਿਓਂ 2500 ਪੌਂਡ ਖਰਚ ਕੇ ਵਕੀਲ ਕੀਤਾ ਤੇ ਸ਼ਿੰਦੇ ਦਾ ਵਿਆਹ ਕਰਵਾਇਆ। ਅਫ਼ਸੋਸ! ਸ਼ਿੰਦਾ ਅੱਜ ਸਾਡੇ ਵਿਚਕਾਰ ਨਹੀਂ ਹੈ।

ਬਹੁਤੇ ਖਿਡਾਰੀਆਂ ਦੇ ਵਿਆਹ ਕਰਾਉਣ ਕਰਕੇ ਵੁਲਵਰਹੈਂਮਟਨ ਦਾ ਰਜਿਸਟਰਾਰ ਵੀ ਮੌੜ ਦਾ ਵਾਕਫ ਹੋ ਗਿਆ। ਰਜਿਸਟਰਾਰ ਨੂੰ ਸ਼ੱਕ ਜਿਹੀ ਹੋ ਗਈ ਕਿ ਇਹ ਕੋਈ ਗਲਤ ਕੰਮ ਕਰਦਾ ਹੋਊ। ਮੌੜ ਨੂੰ ਕਹਿੰਦਾ, ਸਾਰਿਆਂ ਦਾ ਬਾਪ ਤੂੰ ਹੀ ਬਣਦੈਂ, ਕੋਈ ਹੋਰ ਕਿਉਂ ਨਹੀਂ? ਮੌੜ ਨੂੰ ਇੰਗਲਿਸ਼ ਬਹੁਤੀ ਤਾਂ ਸਮਝ ਨਾ ਲੱਗੀ, ਪਰ ਨਾਲ ਦੇ ਮੁੰਡੇ ਨੂੰ ਕਿਹਾ ਕਿ ਏਹਨੂੰ ਕਹਿ, 'ਜਿਹਦੇ ਪਿੱਛੇ ਕੋਈ ਨਹੀਂ, ਉਹਦੇ ਪਿੱਛੇ ਮੌੜ ਖੜ੍ਹਦੈ।'

ਪੰਜਾਬ ਤੋਂ 8-8, 9-9 ਖਿਡਾਰੀ ਉਹਦੇ ਘਰ ਆਏ ਰਹਿੰਦੇ। ਹਰ ਇਕ ਦੇ ਰਹਿਣ, ਖਾਣ-ਪੀਣ ਦਾ ਪੂਰਾ ਖਿਆਲ ਰੱਖਦਾ। ਘਰੇ ਫਰੂਟਾਂ ਦੀਆਂ ਪੇਟੀਆਂ ਪਈਆਂ ਰਹਿੰਦੀਆਂ। ਮਾਤਾ ਨਸੀਬ ਕੌਰ ਦੀ ਮੌਤ ਪਿੱਛੋਂ ਉਹ ਖਿਡਾਰੀ ਬੜਾ ਰੋਏ, ਜਿਨ੍ਹਾਂ ਉਹਦੇ ਹੱਥਾਂ ਦੀਆਂ ਪੱਕੀਆਂ ਖਾਧੀਆਂ ਸਨ ਤੇ ਮਾਵਾਂ ਵਾਲਾ ਪਿਆਰ ਲਿਆ ਸੀ।

ਮਹਿੰਦਰ ਮੌੜ ਨੇ ਇਕ ਵਾਰ 'ਪੈਨਮ ਏਅਰ-ਲਾਈਨ' ਦੀ ਪੂਰੀ ਦੀ ਪੂਰੀ ਫਲਾਈਟ ਬੁੱਕ ਕਰਾ ਲਈ ਸੀ। ਵੈਨਕੂਵਰ ਕਾਮਰੇਡਾਂ ਦਾ ਟੂਰਨਾਮੈਂਟ ਸੀ ਤੇ ਫਲਾਈਟ ਸਿੱਧੀ ਸ਼ਾਇਦ ਨਹੀਂ ਸੀ ਮਿਲ ਰਹੀ। ਵਾਇਆ ਸਿਆਟਲ ਜਾਣਾ ਪਿਆ। ਸਾਰਾ ਜਹਾਜ਼ ਕਬੱਡੀ, ਫੁੱਟਬਾਲ ਤੇ ਹਾਕੀ ਖਿਡਾਰੀਆਂ ਅਤੇ ਪਹਿਲਵਾਨਾਂ ਨਾਲ ਭਰਿਆ ਪਿਆ ਸੀ। ਸਿਆਟਲ ਤੋਂ ਕਾਰਾਂ, ਵੈਨਾਂ ਰਾਹੀਂ ਵੈਨਕੂਵਰ ਪਹੁੰਚੇ। ਸ. ਸੋਹਣ ਸਿੰਘ ਚੀਮਾ ਵੀ ਮੌੜ ਨਾਲ ਸੀ।

ਸਮੂਹ ਪਰਿਵਾਰ ਵੱਲੋਂ ਮੌੜ ਦਾ 75ਵਾਂ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਜਨਮ ਦਿਨ ਦੀ ਪਾਰਟੀ 'ਚ ਇੰਗਲੈਂਡ ਦੀਆਂ ਪ੍ਰਸਿੱਧ ਹਸਤੀਆਂ, ਪ੍ਰੋਮੋਟਰ, ਖਿਡਾਰੀ, ਖੇਡ ਪ੍ਰੇਮੀ ਤੇ ਯਾਰ-ਬੇਲੀ ਹਾਜ਼ਰ ਹੋਏ। ਕਿਸੇ ਨੇ ਕੜਾ, ਕਿਸੇ ਨੇ ਮੁੰਦੀ, ਕਿਸੇ ਨੇ ਚੇਨੀ—ਪਤਾ ਨਹੀਂ ਕਿੰਨਾ ਕੁ ਸੋਨਾ 'ਕੱਠਾ ਹੋ ਗਿਆ ਹੋਵੇ।

ਮਹਿੰਦਰ ਮੌੜ ਇਕ ਵਾਰ ਲੁਧਿਆਣੇ ਮੈਚ ਵੇਖਣ ਗਿਆ ਤਾਂ ਸਟੇਜ ਤੋਂ ਹੇਠਾਂ ਹੀ ਕੁਰਸੀ 'ਤੇ ਬੈਠ ਗਿਆ। ਉਸ ਨੂੰ ਸਟੇਜ 'ਤੇ ਬੈਠਣ ਦੀ ਕਦੇ ਲਾਲਸਾ ਨਹੀਂ ਸੀ ਹੁੰਦੀ। ਕਿਸੇ ਨੇ ਪ੍ਰਬੰਧਕਾਂ ਨੂੰ ਦੱਸ ਦਿੱਤਾ ਕਿ ਮੌੜ ਮੈਚ ਵੇਖਣ ਆਇਆ ਹੋਇਐ। ਲੋਕ ਮੈਚ ਦੁਆਲਿਓਂ ਹਟ ਕੇ ਮੌੜ ਦੁਆਲੇ 'ਕੱਠੇ ਹੋਣ ਲੱਗ ਪਏ ਕਿ ਵੇਖ ਤਾਂ ਲਈਏ, ਕਿਹੜਾ ਫ਼ਰਿਸ਼ਤਾ ਹੈ। ਮੌੜ ਲੁਧਿਆਣੇ 'ਚੋਂ ਦੇਵੀ ਦਿਆਲ, ਦਰਬਾਰਾ ਬੋਲਾ, ਦਰਸ਼ਨ ਮੰਗਲੀ, ਸਵਰਨਾ, ਪਾਲੀ, ਗੋਲਾ ਤੇ ਮੇਜਰ ਸਿੰਘ ਜਿਹੇ ਅਨੇਕ

ਖਿਡਾਰੀ ਇੰਗਲੈਂਡ ਲੈ ਕੇ ਗਿਆ। ਮੌੜ ਦੀ ਖਾਸੀਅਤ ਸੀ ਕਿ ਉਹ ਕਦੇ ਮੂਹਰੇ ਹੋ ਕੇ ਫੋਟੋ ਖਿਚਵਾਉਣ ਦਾ ਸ਼ੌਕੀਨ ਨਹੀਂ ਸੀ। ਉਹਦਾ ਕਥਨ ਸੀ ਕਿ ਹਮੇਸ਼ਾ ਚੰਗੇ ਕੰਮ ਕਰੋ ਤਾਂ ਜੋ ਲੋਕ ਤੁਹਾਨੂੰ ਮਾਣ ਨਾਲ ਆਪ ਮੂਹਰੇ ਲੈ ਕੇ ਜਾਣ।

2021 ਫਰਵਰੀ ਮਹੀਨੇ ਇੰਗਲੈਂਡ ਰਹਿੰਦੇ 'ਬਾਬਾ ਕਾਹਨ ਦਾਸ ਸਪੋਰਟਸ ਕਲੱਬ, ਕਾਲਾ ਸੰਘਿਆਂ' ਦੇ ਪ੍ਰਧਾਨ ਗੁਰਦੇਵ ਸਿੰਘ ਉਰਫ ਪੰਛੀ ਪੱਪੂ ਨੇ ਪਿੰਡ ਦੇ ਟੂਰਨਾਮੈਂਟ ਵਿਚ ਮੌੜ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਕਬੱਡੀ ਪ੍ਰਤੀ ਵੱਡੀ ਦੇਣ ਅਤੇ ਵਿਦੇਸ਼ਾਂ 'ਚ ਪਿੰਡ ਦਾ ਨਾਂ ਉੱਚਾ ਕਰਨ ਕਰਕੇ ਮਾਣ ਬਖਸ਼ਿਆ। ਖੇਡਾਂ ਨੂੰ ਪ੍ਰੋਮੋਟ ਕਰਨ ਲਈ ਕਾਲਾ ਸੰਘਿਆਂ ਦਾ ਜਤਿੰਦਰ ਸਿੰਘ ਲਾਲੀ ਵੀ ਮੌੜ ਦੇ ਰਾਹਾਂ 'ਤੇ ਚੱਲ ਰਿਹਾ ਹੈ।

ਪਿੰਡ ਦੇ ਪੁਰਾਣੇ ਤੇ ਨਵੇਂ ਖਿਡਾਰੀਆਂ ਵੱਲ ਵੀ ਝਾਤ ਮਾਰ ਲਈਏ। ਸ. ਭਜਨ ਸਿੰਘ ਤੇ ਪਾਲ ਸਿੰਘ (ਦੋਵੇਂ ਸਕੇ ਭਰਾ), ਪਰਮਜੀਤ ਲਾਖਾ ਤੇ ਜਸਵੀਰ ਘੁੱਗੀ (ਸਕੇ ਭਰਾ), ਮੋਹਣਾ ਤੇ ਪੱਪੂ ਖੱਬਾ (ਦੋਵੇਂ ਭਰਾ), ਜਤਿੰਦਰ ਲਾਲੀ, ਜੀਤਾ ਮੌੜ, ਬਿਕਰ ਮਾਸਟਰ, ਟਾਊ, ਮੱਖਣ, ਰੋਡਾ, ਲੱਖੀ, ਤੋਚੀ, ਦੀਪਾ, ਜਵਾਹਰਾ, ਚਰਨਜੀਤ, ਦੇਵ ਤੇ ਫੁੱਲ। ਮੌੜ ਪਿੰਡ ਦੇ ਕਿਸੇ ਗੱਭਰੂ ਵੱਲ ਜਦੋਂ ਨਿਗ੍ਹਾ ਮਾਰਦਾ ਤਾਂ ਥਾਪੜਾ ਦੇ ਕੇ ਕਹਿੰਦਾ, "ਜੁਆਨਾ ਮਿਹਨਤ ਕਰ, ਸਿਹਤ ਬਣਾ।"

ਮੌੜ ਨੇ ਨਡਾਲੇ ਵਾਲੇ ਪ੍ਰੀਤੇ ਤੋਂ ਲੈ ਸੰਦੀਪ ਲੁੱਧੜ ਤੱਕ ਦੇ ਖਿਡਾਰੀ ਖੇਡਣ ਲਈ ਇੰਗਲੈਂਡ ਸੱਦੇ ਯਾਨਿ 6 ਪੀੜ੍ਹੀਆਂ ਦੇ ਖਿਡਾਰੀਆਂ ਨੂੰ ਹੱਥੀਂ ਖਿਡਾਇਆ। ਪ੍ਰੀਤੇ ਨੇ ਮੌੜ ਨੂੰ ਖੁੱਲ੍ਹ-ਦਿਲਾ ਤੇ ਕਬੱਡੀ ਨੂੰ ਬੁਲੰਦੀਆਂ 'ਤੇ ਲਿਜਾਣ ਵਾਲਾ ਇਨਸਾਨ ਮੰਨਿਆ। ਪ੍ਰੀਤੇ ਨੇ ਇਹ ਵੀ ਦੱਸਿਆ ਕਿ 1974 'ਚ ਜਦੋਂ ਉਹ ਪਹਿਲੀ ਵਾਰ ਟੀਮ ਨਾਲ ਖੇਡਣ ਗਿਆ ਤਾਂ ਮੌੜ ਨੇ ਉਹਦੀ ਖੇਡ ਨੂੰ ਬੜਾ ਪਸੰਦ ਕੀਤਾ। ਮੌੜ ਨਾਲ ਦੇ ਸਾਥੀਆਂ ਨੂੰ ਕਹਿਣ ਲੱਗਾ ਕਿ ਦੋ ਸਾਲ ਪਹਿਲਾਂ ਜਦੋਂ ਬੱਲ ਨੂੰ ਇੰਗਲੈਂਡ ਸੱਦਿਆ ਸੀ ਤਾਂ ਪ੍ਰੀਤੇ ਨੂੰ ਕਿਉਂ ਨ੍ਹੀਂ ਸੱਦਿਆ। ਮੌੜ ਪ੍ਰੀਤੇ ਦੀ ਖੇਡ ਦਾ ਦੀਵਾਨਾ ਤੇ ਵਧੀਆ ਮਿੱਤਰ ਸੀ।

1991 'ਚ ਮੌੜ, ਪ੍ਰੀਤਾ, ਬਲਕਾਰ ਸਿੰਘ ਤੇ ਪਾਕਿਸਤਾਨੀ ਖਿਡਾਰੀ ਅਮੀਨ ਜੱਟ ਕੈਨੇਡਾ ਵਰਲਡ ਕਬੱਡੀ ਕੱਪ ਵੇਖਣ ਗਏ। ਉਹ ਕੱਪ ਮੌੜ ਦੇ ਦਾਮਾਦ ਬਲਕਾਰ ਸਿੰਘ ਅਤੇ ਅਮੀਨ ਜੱਟ ਨੇ ਵੀ ਖੇਡਣਾ ਸੀ। ਸਾਰਾ ਸਟੇਡੀਅਮ ਖਚਾ-ਖਚ ਭਰਿਆ ਪਿਆ ਸੀ। ਮੌੜ ਤੇ ਪ੍ਰੀਤਾ 'ਕੱਠੇ ਬੈਠੇ ਸਨ। ਸਟੇਡੀਅਮ 'ਚ ਬੈਠੇ ਪ੍ਰੀਤੇ ਦਾ ਪਤਾ ਲੱਗ ਗਿਆ ਤੇ ਅਨਾਊਂਸਰ ਨੇ ਅਨਾਊਂਸ ਕਰ ਦਿੱਤਾ ਕਿ ਸਾਡੇ ਵਿਚਕਾਰ ਆਪਣੇ ਸਮੇਂ ਦਾ ਟਾਪ ਖਿਡਾਰੀ 'ਆਇਆ ਪ੍ਰੀਤਾ, ਗਿਆ ਪ੍ਰੀਤਾ' ਵੀ ਬਿਰਾਜਮਾਨ ਹੈ। ਸਭ ਦੀਆਂ ਨਜ਼ਰਾਂ ਪ੍ਰੀਤੇ ਵੱਲ ਹੋ ਤੁਰੀਆਂ। ਪਿੱਛੇ ਬੈਠਾ ਇਕ ਬਜ਼ੁਰਗ ਉਠ ਕੇ ਖੜ੍ਹ

ਗਿਆ ਤੇ ਕਹਿਣ ਲੱਗਾ, "ਨਾਂ ਤਾਂ ਬੜਾ ਸੁਣਿਆ ਸੀ ਪ੍ਰੀਤੇ ਦਾ! ਆਇਆ ਪ੍ਰੀਤਾ ਗਿਆ ਪ੍ਰੀਤਾ! ਦਰਸ਼ਨ ਅੱਜ ਹੋਏ ਨੇ।"

"ਬਜ਼ੁਰਗਾ ਆ ਤਾਂ ਗਿਆਂ, ਹੁਣ ਜਾਣਾ ਨ੍ਹੀਂ।" ਪ੍ਰੀਤੇ ਨੇ ਹੱਸਦਿਆਂ ਬਜ਼ੁਰਗ ਨੂੰ ਜਵਾਬ ਦਿੱਤਾ।

ਜੇ ਮੌੜ ਨੇ ਪ੍ਰੀਤੇ ਦੀ ਕਬੱਡੀ ਨੂੰ ਪਸੰਦ ਕੀਤਾ ਤਾਂ ਪਹਿਲਵਾਨਾਂ 'ਚੋਂ ਬੁੱਧੂ ਉਹਦਾ ਪਸੰਦੀਦਾ ਪਹਿਲਵਾਨ ਸੀ। ਵੈਨਕੂਵਰ ਕਾਮਰੇਡਾਂ ਦੇ ਮੈਚਾਂ 'ਚ ਮੌੜ ਇੰਗਲੈਂਡ ਤੋਂ ਖਿਡਾਰੀਆਂ ਦੀ ਟੀਮਾਂ ਨਾਲ ਪਹਿਲਵਾਨ ਵੀ ਲੈ ਕੇ ਗਿਆ। ਭਾਰਤ ਦੀ ਪਹਿਲਵਾਨੀ 'ਚ ਉਸ ਵੇਲੇ ਬੁੱਧੂ ਦਾ ਪੂਰਾ ਨਾਂ ਸੀ। ਮੌੜ ਦੀ ਟੀਮ ਦੇ ਪਹਿਲਵਾਨ ਕਹਿਣ ਕਿ ਬੁੱਧੂ ਨਾਲ ਪਹਿਲਾਂ ਮੈਂ ਘੁਲਣਾ, ਕੋਈ ਕਹੇ ਮੈਂ ਘੁਲਣਾ। ਮੌੜ ਚੁੱਪ-ਚਾਪ ਬੈਠਾ ਸੁਣੀ ਗਿਆ। ਬੁੱਧੂ ਮੌੜ ਨੂੰ ਕਹਿਣ ਲੱਗਾ, "ਅੰਕਲ ਜੀ, ਕੋਈ ਗੱਲ ਨ੍ਹੀਂ, ਵਾਰੀ ਵਾਰੀ ਆਉਣ ਦਿਓ ਸਭ ਨੂੰ।"

ਕੈਲੀਫੋਰਨੀਆ ਰਹਿੰਦਾ ਕਬੱਡੀ ਖਿਡਾਰੀ ਸਰਬਜੀਤ ਮਾਹਲ ਮੌੜ ਨੂੰ 1995-96-97 'ਚ ਟੋਰਾਂਟੋ ਤੇ ਵੈਨਕੂਵਰ (ਕੈਨੇਡਾ) ਕਬੱਡੀ ਕੱਪਾਂ 'ਚ ਮਿਲਦਾ ਰਿਹਾ। ਦੋ ਵਾਰ ਇੰਗਲੈਂਡ ਅਤੇ ਇਕ ਵਾਰ ਨਿਊਯਾਰਕ ਦੇ ਕਬੱਡੀ ਮੇਲੇ 'ਚ ਵੀ ਮਿਲਿਆ। ਟੋਰਾਂਟੋ ਰਹਿੰਦਾ ਕਬੱਡੀ ਖਿਡਾਰੀ ਜਰਮਨ ਚਾਹਲ ਵੀ ਮੌੜ ਜਿਹੇ ਚੰਗੇ ਇਨਸਾਨਾਂ ਦੀ ਕਦਰ ਕਰਦਾ ਹੈ, ਜਿਨ੍ਹਾਂ ਕਬੱਡੀ ਨੂੰ ਹਮੇਸ਼ਾ ਚੜ੍ਹਦੀਕਲਾ 'ਚ ਰੱਖਿਆ।

ਮਹਿੰਦਰ ਮੌੜ ਨੇ ਜ਼ਿੰਦਗੀ ਦਾ ਹਰ ਪੱਖ ਵੇਖਿਆ। ਪੰਜਾਬੀ ਭਾਈਚਾਰੇ 'ਚ ਚੰਗੀਆਂ ਸੇਵਾਵਾਂ ਕਰਕੇ ਵੁਲਵਰਹੈਂਮਟਨ ਕੌਂਸਲ ਦੇ ਮੇਅਰ ਨੇ ਟਰਾਫੀ ਦੇ ਕੇ ਸਨਮਾਨ ਕੀਤਾ। ਐਮ. ਪੀ. ਸ. ਮੱਟੂ ਵੀ ਨਾਲ ਸਨ ਉਸ ਵੇਲੇ।

1963 'ਚ ਮੌੜ ਨੱਥੂ ਚਾਹਲ ਦੀ ਨਸੀਬ ਕੌਰ ਨਾਲ ਵਿਆਹਿਆ ਗਿਆ। ਉਹ ਪੰਜ ਬੱਚਿਆਂ ਦਾ ਬਾਪ ਬਣਿਆ। ਤਿੰਨ ਬੇਟੀਆਂ ਤੇ ਦੋ ਬੇਟੇ। ਵੱਡੀ ਬੇਟੀ ਕੁਲਵਿੰਦਰ ਕੌਰ ਪੀਐਚ. ਡੀ. ਹੈ, ਜੋ ਸੈਦੋਆਲ ਦੇ ਕਬੱਡੀ ਖਿਡਾਰੀ ਬਲਕਾਰ ਸਿੰਘ ਨਾਲ ਵਿਆਹੀ ਹੋਈ ਹੈ। ਦੂਜੀ ਬੇਟੀ ਸੁਖਵਿੰਦਰ ਕੌਰ ਸਰਕਾਰੀ ਨੌਕਰੀ ਕਰਦੀ ਹੈ ਤੇ ਤੀਜੀ ਬੇਟੀ ਸਤਿੰਦਰ ਕੌਰ ਕੰਪਿਊਟਰ ਇੰਜੀਨੀਅਰ ਹੈ। ਵੱਡਾ ਬੇਟਾ ਬਲਜੀਤ ਸਿੰਘ ਕਾਰੋਬਾਰ ਕਰ ਰਿਹੈ। ਛੋਟਾ ਬੇਟਾ ਬਲਵੀਰ ਸਿੰਘ ਭਰ ਜੁਆਨੀ 'ਚ ਵਿਛੋੜਾ ਦੇ ਗਿਆ। ਮੌੜ ਨੇ ਰੱਬ ਦਾ ਭਾਣਾ ਮੰਨਦਿਆਂ ਹੌਸਲਾ ਨਾ ਛੱਡਿਆ।

ਬੜੇ ਲੋਕਾਂ ਮੌੜ ਬਣਨ ਦੀ ਕੋਸ਼ਿਸ਼ ਕੀਤੀ, ਉਹਦੇ ਰਾਹਾਂ 'ਤੇ ਤੁਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਮੌੜ ਜਿਹੀ ਕਿਸਮਤ ਕਿਸੇ ਭਾਗਾਂ ਵਾਲੇ ਦੀ ਹੁੰਦੀ ਹੈ। ਮੌੜ ਨੇ ਕਿਸੇ ਦਾ ਭਲਾ ਕਰ ਅਹਿਸਾਨ ਨਹੀਂ ਜਤਾਇਆ, ਸਗੋਂ ਬੇਧੜਕ ਤੇ ਬੇਖ਼ੌਫ਼ ਹੋ ਕੇ ਫ਼ਰਜ਼ ਨਿਭਾਏ। ਧਨ ਸੀ ਮੌੜ!

ਖੇਡ ਮੈਦਾਨਾਂ 'ਚ ਬੁੱਕਦੇ ਸਦਾ
ਪੰਜਾਬ ਦੇ ਬੱਬਰ ਸ਼ੇਰ ਆਏ।
ਜਾਨ ਨਿਛਾਵਰ ਕਰਦੇ ਦਿਲ ਦੇ ਬਾਦਸ਼ਾਹ
'ਮੌੜ' ਮਰਦ ਦਲੇਰ ਆਏ।
ਜਸ ਖੱਟ ਲੈ ਖਿਡਾਰੀਆਂ ਤੋਂ 'ਇਕਬਾਲ ਸਿੰਹਾਂ'
ਜ਼ਿੰਦਗੀ ਪਤਾ ਨਹੀਂ ਕਦੋਂ ਫੇਰ ਆਏ ?

# ਭਾਰਤ ਦਾ ਮਾਣ—ਪਹਿਲਵਾਨ ਬੁੱਧ ਸਿੰਘ

ਸੰਜੇ ਗਾਂਧੀ ਦੀ ਮੌਤ ਤੋਂ ਬਾਅਦ 1981 'ਚ ਦਿੱਲੀ ਫੈਡਰੇਸ਼ਨ ਵਾਲਿਆਂ ਉਹਦੀ ਯਾਦ ਵਿਚ ਕੁਸ਼ਤੀਆਂ ਕਰਾਈਆਂ। ਇਨ੍ਹਾਂ ਕੁਸ਼ਤੀਆਂ ਵਿਚ ਭਾਰਤ ਦੇ ਨਾਮਵਰ ਪਹਿਲਵਾਨਾਂ ਨੇ ਹਿੱਸਾ ਲੈਣਾ ਸੀ। ਬੁੱਧ ਸਿੰਘ ਦਾ ਨਾਂ ਉਸ ਵੇਲੇ ਧਰੂ ਤਾਰੇ ਵਾਂਗ ਚਮਕ ਰਿਹਾ ਸੀ। 'ਦਿੱਲੀ-ਕੁਮਾਰ' ਖ਼ਿਤਾਬ ਜੇਤੂ ਅਤੇ ਨੈਸ਼ਨਲ ਚੈਂਪੀਅਨ ਜੈ ਪ੍ਰਕਾਸ਼ ਨਾਲ ਇਹ ਕੁਸ਼ਤੀ ਹੋਣੀ ਸੀ। ਦਿੱਲੀ ਰਹਿੰਦੇ ਹੋਰ ਨਾਮੀ ਪਹਿਲਵਾਨ ਇਸ ਕੁਸ਼ਤੀ ਤੋਂ ਆਨਾ-ਕਾਨੀ ਕਰ ਗਏ। ਫਿਰ ਬੁੱਧੂ ਨਿੱਤਰਿਆ ਮੈਦਾਨ ਵਿਚ। ਜੈ ਪ੍ਰਕਾਸ਼ ਨੂੰ ਹਰਾ ਕੇ ਬੁੱਧੂ ਨੇ 'ਸੰਜੇ ਗਾਂਧੀ' ਟਰਾਫੀ 'ਤੇ ਕਬਜ਼ਾ ਕੀਤਾ। ਜਿੱਤ ਦੀ ਖੁਸ਼ੀ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬੁੱਧ ਸਿੰਘ ਨੂੰ ਘਰ ਖਾਣੇ 'ਤੇ ਬੁਲਾਇਆ। ਰਾਜੀਵ ਗਾਂਧੀ ਵੀ ਖਾਣੇ 'ਚ ਸ਼ਾਮਲ ਸੀ। ਰਾਜੀਵ ਨੇ ਬੁੱਧ ਸਿੰਘ 'ਤੇ ਬਹੁਤ ਮਾਣ ਮਹਿਸੂਸ ਕੀਤਾ। ਇਹ ਦਾਅਵਤ ਤੇ ਸਨਮਾਨ ਬੁੱਧ ਸਿੰਘ ਲਈ ਬੜੇ ਫ਼ਖ਼ਰ ਵਾਲੀ ਗੱਲ ਸੀ। ਭਾਰਤੀ ਪਹਿਲਵਾਨੀ ਵਿਚ ਇਹ ਇਕ ਵੱਖਰੀ ਛਾਪ ਸੀ। ਚਾਂਦਗੀ ਰਾਮ ਦੇ ਅਖਾੜੇ ਜਾਣ ਤੋਂ ਬਾਅਦ ਬੁੱਧ ਸਿੰਘ ਨੇ ਪਹਿਲਵਾਨੀ ਦੀ ਦੁਨੀਆਂ 'ਚ ਪੂਰੀ ਤਰਥੱਲੀ ਮਚਾਈ।

ਬੁੱਧ ਸਿੰਘ ਨੇ ਸੱਤਵੀਂ 'ਚ ਪੜ੍ਹਦੇ ਹੀ ਕੁਸ਼ਤੀ 'ਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। 14 ਸਾਲ ਦੀ ਉਮਰੇ ਹਾਈ ਸਕੂਲ ਤੋਂ ਯੂਨੀਵਰਸਿਟੀ ਤੱਕ ਗੋਲਡ-ਮੈਡਲ ਜਿੱਤੇ। ਸੰਨ '81 ਤੱਕ ਵੱਡੇ-ਵੱਡੇ ਮੱਲਾਂ ਨੂੰ ਢਾਹਿਆ। ਬੁੱਧ ਸਿੰਘ ਦੀਆਂ ਕੁਸ਼ਤੀਆਂ ਪੰਜਾਬ 'ਚ ਘੱਟ ਦਿੱਲੀ, ਹਰਿਆਣਾ ਅਤੇ ਮਹਾਂਰਾਸ਼ਟਰ ਵਿਚ ਜ਼ਿਆਦਾ ਹੋਈਆਂ। ਲੋਕ ਬੁੱਧ ਸਿੰਘ ਦੀ ਤੇਜ਼-ਤਰਾਰੀ ਅਤੇ ਫੁਰਤੀ ਨੂੰ ਅੱਜ ਵੀ ਯਾਦ ਕਰਦੇ ਨੇ। ਖੇਡ-ਸ਼ੌਕੀਨਾਂ ਦੇ ਮੂੰਹੋਂ ਅਕਸਰ ਅੱਜ ਵੀ ਸੁਣਿਆ ਜਾਂਦੈ, ਜੇ ਕਿਸਮਤ ਸਾਥ ਦਿੰਦੀ ਤਾਂ ਬੁੱਧ ਸਿੰਘ ਕਿੱਕਰ ਸਿੰਘ ਅਤੇ ਗਾਮੇ ਦੀ ਤਰ੍ਹਾਂ ਭਾਰਤੀ ਕੁਸ਼ਤੀ ਦਾ ਰਾਜਾ ਹੁੰਦਾ। ਸਖ਼ਤ ਮੁਕਾਬਲਿਆਂ 'ਚ ਟੱਕਰ ਲੈਂਦੇ ਬੁੱਧੂ ਨੇ ਸਫਲਤਾ ਦੀਆਂ ਪੌੜੀਆਂ ਚੜ੍ਹਦੇ ਜਿੱਤਾਂ ਦੇ ਢੇਰ ਲਾਏ। ਸਾਢੇ ਕੁ ਤਿੰਨ ਸੌ ਛੋਟੀਆਂ ਵੱਡੀਆਂ ਕੁਸ਼ਤੀਆਂ ਲੜੀਆਂ।

ਖੰਨੇ ਲਾਗਲੇ ਪਿੰਡ ਭੁੱਟੇ ਜਨਮੇ ਬੁੱਧੂ ਦੇ ਪਿਤਾ ਪਹਿਲਵਾਨ ਕਰਮ ਸਿੰਘ ਅਤੇ ਮਾਤਾ ਦਲਵਾਰ ਕੌਰ ਨੇ ਖ਼ੁਰਾਕਾਂ ਖੁਆ ਉਹਨੂੰ ਵੱਡਾ ਮੱਲ ਬਣਾਇਆ। ਦਾਦਾ

ਪੂਰਨ ਸਿੰਘ ਵੀ ਪਹਿਲਵਾਨ ਸੀ। ਸੋ, ਪਹਿਲਵਾਨੀ ਖ਼ੂਨ 'ਚ ਰਚੀ ਹੋਈ ਸੀ। ਬੁੱਧੂ ਦੇ ਦੱਸਣ ਅਨੁਸਾਰ ਜਦੋਂ ਪਹਿਲੀ ਵਾਰ ਉਹਨੇ ਬੈਠਕਾਂ ਮਾਰੀਆਂ ਤਾਂ ਲੱਤਾਂ ਚੌੜੀਆਂ ਕਰਕੇ ਤੁਰਦੇ ਨੂੰ ਵੇਖ ਪਿਤਾ ਨੇ ਪੁੱਛਿਆਂ, "ਅੱਜ ਬੈਠਕਾਂ ਮਾਰੀਆਂ ?" 'ਹਾਂ' ਦਾ ਜਵਾਬ ਸੁਣ ਪਿਤਾ ਨੇ ਹੱਲਾਸ਼ੇਰੀ ਦਿੱਤੀ। ਬੁੱਧੂ ਹੁਣੀਂ ਤਿੰਨ ਭਰਾ ਹਨ—ਊਧਮ ਸਿੰਘ ਵੱਡਾ, ਬੁੱਧੂ ਵਿਚਕਾਰਲਾ ਤੇ ਪਾਲਾ ਛੋਟਾ। ਸਿਰਫ਼ ਬੁੱਧ ਹੀ ਪਹਿਲਵਾਨੀ ਵੱਲ ਤੁਰਿਆ।

ਉਹਨੇ ਕੁਸ਼ਤੀਆਂ ਦੀ ਸ਼ੁਰੂਆਤ ਆਪਣੇ ਪਿਤਾ ਜੀ ਤੋਂ ਕੀਤੀ। ਪਹਿਲਵਾਨ ਹੋਣ ਕਰਕੇ ਪਿਤਾ ਨੇ ਕੁਸ਼ਤੀਆਂ ਦੇ ਕਈ ਨੁਕਤੇ ਸਮਝਾਏ। ਇਲਾਕੇ ਦਾ ਮੰਨਿਆ ਪਹਿਲਵਾਨ ਕਾਲਾ ਕੁੰਬੜੇ ਵਾਲਾ ਬੁੱਧੂ ਕੇ ਖੂਹ 'ਤੇ ਰਹਿੰਦਾ ਕਰਕੇ, ਉਸ ਕੋਲੋਂ ਵੀ ਬਹੁਤ ਕੁਝ ਸਿੱਖਿਆ। ਪਟਿਆਲੇ ਕੋਲ ਕਾਨ੍ਹਾ-ਹੇੜ੍ਹੀਆ ਦਾ ਸਾਧੂ (ਸਾਧੂ ਕਾਨ੍ਹਾ-ਹੇੜ੍ਹੀਆ) ਪ੍ਰਸਿੱਧ ਭਲਵਾਨ ਹੋਇਐ। ਕਾਲਾ ਅਤੇ ਸਾਧੂ—ਦੋਵੇਂ ਤਕੜੇ ਅਤੇ ਚੀੜ੍ਹੇ ਮੱਲ ਸਨ। ਦੋ-ਦੋ, ਢਾਈ-ਢਾਈ ਘੰਟੇ ਫ਼ਸਵਾਂ ਘੁਲਦੇ। ਸਾਧੂ ਨਾਲ ਬੁੱਧੂ ਦੀਆਂ ਤਿੰਨ ਕੁਸ਼ਤੀਆਂ ਹੋਈਆਂ। ਦੋ ਬਰਾਬਰ ਤੇ ਤੀਜੀ ਨੂੰ ਰਾਜਪੁਰੇ ਹਰਾਇਆ।

ਬੁੱਧੂ ਨੇ ਰੱਜ ਕੇ ਖ਼ੁਰਾਕ ਖਾਧੀ। ਦਾਦੀ ਨੇ ਤਕੜਾ ਮੱਲ ਬਣਾਉਣ ਲਈ ਪੀਪਿਆਂ ਦੇ ਪੀਪੇ ਘਿਓ ਦੇ ਚਾਰੇ। ਪੌਣਾ ਕਿੱਲੋ ਰੋਜ਼ਾਨਾ ਘਿਓ, ਮੀਟ ਦਾ ਸੂਪ, ਬਦਾਮ ਅਤੇ ਕੁਸ਼ਤੇ ਮਾਰ ਕੇ ਖਾਣੇ। ਸੌਣਾ ਵੀ ਰੱਜ ਕੇ। ਖ਼ੁਰਾਕ 'ਚ ਕਈ ਵਾਰ ਔਲੇ ਦਾ ਮੁਰੱਬਾ ਲੈਣਾ, ਚਾਂਦੀ ਦਾ ਵਰਕ ਲਾ ਕੇ। ਖ਼ੁਰਾਕ ਨੂੰ ਤਰੀਕੇ ਨਾਲ ਖਾਣ ਲਈ ਪੁਰਾਣਾ ਪਹਿਲਵਾਨ ਦਾਦਾ ਗੁਰੂ ਪਹਾੜੀਆ ਪੰਜ ਸਾਲ ਨਾਲ ਰੱਖਿਆ। ਸਵੇਰੇ-ਸ਼ਾਮ ਡੰਡ-ਬੈਠਕਾਂ, ਦੌੜ ਲਾਉਣੀ, ਛੋਟੇ ਭਰਾ ਪਾਲੇ ਨੂੰ ਸੁਹਾਗੀ 'ਤੇ ਬਿਠਾ ਖੇਤ ਦੇ ਕਈ ਕਈ ਚੱਕਰ ਲਾਉਣੇ। ਹਲਕੀ ਸੁਹਾਗੀ ਦੀ ਥਾਂ ਫਿਰ ਗੱਡੀ ਦੀ ਲਾਈਨ ਦੇ ਗਾਡਰਾਂ ਦਾ ਬਣਿਆ 70 ਕਿੱਲੋ ਭਾਰਾ ਸੁਹਾਗਾ ਖੇਤ 'ਚ ਖਿੱਚਣਾ। ਦਸ ਕਿੱਲੋ ਭਾਰੀ ਕਹੀ ਨਾਲ ਦੋ-ਤਿੰਨ ਵਾਰ ਰੋਜ਼ਾਨਾ ਅਖਾੜਾ ਗੁੱਡਣਾ।

ਆਲੇ-ਦੁਆਲੇ ਇਲਾਕੇ 'ਚ ਜਿਥੇ ਕਿਤੇ ਕੁਸ਼ਤੀਆਂ ਹੁੰਦੀਆਂ ਤਾਂ ਪਿਤਾ ਆਪ ਨਾਲ ਲੈ ਕੇ ਜਾਂਦਾ। ਬੁੱਧ ਸਿੰਘ ਦਾ ਕਹਿਣਾ ਹੈ ਕਿ ਅਸਲੀ ਪਹਿਲਵਾਨ ਉਹੀ ਹੁੰਦੈ, ਜਿਹੜਾ ਸੱਚ ਦੱਸੇ। ਕਿਹਦੇ ਕੋਲੋਂ ਹਾਰਿਆ, ਕੀਹਨੂੰ ਹਰਾਇਆ। ਉਸ ਦੱਸਿਆ, ਅੰਮ੍ਰਿਤਸਰ ਕੁਸ਼ਤੀਆਂ ਵਿਚ ਇਕ ਵਾਰ ਅੰਮ੍ਰਿਤਸਰੀਏ ਸਰਲੇ ਪਹਿਲਵਾਨ ਨੇ ਹਰਾ ਦਿੱਤਾ ਸੀ। ਉਸ ਹਾਰ ਨੇ ਉਸ ਨੂੰ ਦਿੱਲੀ ਦਾ ਰਾਹ ਵਿਖਾਇਆ। ਕੁਝ ਬਣਨ ਲਈ ਮਾਸਟਰ ਚਾਂਦਗੀ ਰਾਮ ਦੇ ਅਖਾੜੇ ਜਾ ਡੇਰੇ ਲਾਏ। ਉਥੇ ਦਿੱਲੀ, ਮਹਾਂਰਾਸ਼ਟਰ ਅਤੇ ਹਰਿਆਣੇ ਦੇ ਕੋਈ 25 ਪਹਿਲਵਾਨ ਸਨ। ਬੁੱਧੂ ਉਸ ਅਖਾੜੇ ਵਿਚ 'ਕੱਲਾ ਹੀ ਪੰਜਾਬੀ ਸੀ। ਅੰਮ੍ਰਿਤਸਰੀਆ ਬਿੱਲਾ ਅਤੇ ਰੰਗਾ ਪਹਿਲਵਾਨ ਬਾਅਦ 'ਚ ਆਏ।

ਭਾਰਤੀ ਪਹਿਲਵਾਨੀ ਵਿਚ ਦਿੱਲੀ ਦੇ ਅਖਾੜਿਆਂ ਦਾ ਨਾਂ ਸੀ। ਦਿੱਲੀ 'ਚ ਉਸ ਵੇਲੇ ਦੋ ਪ੍ਰਸਿੱਧ ਅਖਾੜੇ ਹੁੰਦੇ ਸਨ। ਇਕ ਮਾਸਟਰ ਚਾਂਦਗੀ ਰਾਮ ਦਾ ਅਤੇ ਦੂਜਾ ਹਨੂੰਮਾਨ ਦਾ। ਚਾਂਦਗੀ ਰਾਮ ਦੇ ਅਖਾੜੇ 'ਚ ਬੁੱਧੂ ਤੇ ਬਿੱਲਾ ਤਕੜੇ ਪਹਿਲਵਾਨ ਸਨ। ਜਦ ਕਿ ਹਨੂੰਮਾਨ ਅਖਾੜੇ 'ਚ ਕਰਤਾਰ ਅਤੇ ਸਤਪਾਲ। ਬੁੱਧੂ ਨੇ ਇਹ ਵੀ ਦੱਸਿਆ ਕਿ ਇਕ ਵਾਰ ਦਿੱਲੀ ਕੁਸ਼ਤੀਆਂ ਵਿਚ ਕਰਤਾਰ ਅਤੇ ਸਤਪਾਲ ਘੁਲੇ ਨਹੀਂ ਸਨ। ਉਥੋਂ 'ਰੁਸਤਮੇ ਹਿੰਦ' ਦਾ ਖ਼ਿਤਾਬ ਮਿਲਿਆ। ਸੰਜੇ ਗਾਂਧੀ ਟਰਾਫ਼ੀ ਮੁਕਾਬਲੇ ਵੇਲੇ ਵੀ ਦੋਨੋਂ ਘੁਲੇ ਨਹੀਂ ਸਨ ਤੇ ਬੁੱਧੂ ਨੇ ਉਹ ਕੁਸ਼ਤੀ ਕਰਨੀ ਪ੍ਰਵਾਨ ਕੀਤੀ। ਉਸ ਵੇਲੇ ਦੇ ਨਾਮਵਰ ਮੱਲਾਂ ਨਾਲ ਵੱਡੇ-ਵੱਡੇ ਭੇੜ ਕੀਤੇ, ਜਿਨ੍ਹਾਂ 'ਚ ਮਹਾਂਬਲੀ ਸਤਪਾਲ, ਬਿੱਲਾ ਅੰਮ੍ਰਿਤਸਰੀਆ, ਕਰਤਾਰ, ਮੇਹਰਦੀਨ, ਆਗਰੇ ਵਾਲਾ ਕ੍ਰਿਸ਼ਨ, ਆਲਮਗੀਰੀਆ ਫ਼ੱਤਾ, ਈਸ਼ਵਰ, ਸ਼ੀਰੀ ਪਹਿਲਵਾਨ, ਜੈ ਪ੍ਰਕਾਸ਼, ਸੰਨੀ ਗਿੱਲ, ਅਵਤਾਰ ਭੁੱਲਰ, ਕੇਹਰ, ਗੁਰਮੁੱਖ ਪਟਿਆਲਾ ਅਤੇ ਹੋਰ ਪਹਿਲਵਾਨਾਂ ਨਾਲ। ਸਤਾਰ੍ਹਾਂ ਸਾਲ ਪੰਜਾਬ ਬਿਜਲੀ ਬੋਰਡ ਦੇ ਚੈਂਪੀਅਨ ਰਹੇ ਗੁਰਮੁੱਖ ਸਿੰਘ ਅਨੁਸਾਰ ਬੁੱਧ ਸਿੰਘ ਵਾਕਈ ਤਕੜਾ ਪਹਿਲਵਾਨ ਸੀ। ਉਹਦੀਆਂ ਬੁੱਧ ਨਾਲ ਦੋ ਕੁਸ਼ਤੀਆਂ ਹੋਈਆਂ ਤੇ ਬੁੱਧ ਸਿੰਘ ਉਹਨੂੰ ਜਿੱਤਦਾ ਰਿਹੈ। ਇਹ ਵੀ ਦੱਸਿਆ ਕਿ ਬੁੱਧ ਸਿੰਘ ਵਿਰੋਧੀ ਪਹਿਲਵਾਨ ਦਾ ਜ਼ੋਰ ਲੁਆ ਕੇ ਫਿਰ ਉਹਨੂੰ ਹਰਾਉਂਦਾ ਸੀ। ਗੁਰਮੁੱਖ ਪਹਿਲਵਾਨ ਦਾ ਇਹ ਵਡੱਪਣ ਹੈ ਕਿ ਉਹਨੇ ਆਪਣੀ ਹਾਰ ਦਾ ਵੀ ਜ਼ਿਕਰ ਕੀਤਾ ਹੈ। ਪਹਿਲਵਾਨੋ ਯਾਦ ਰੱਖਣਾ, ਸਾਂਝੇ ਪੰਜਾਬ ਦੇ ਕਿੱਕਰ ਸਿੰਘ ਅਤੇ ਗਾਮੇ ਜਿਹੇ ਧਰਤੀ ਧੱਕ ਪਹਿਲਵਾਨ ਵੀ ਕਦੇ ਕਦੇ ਬਰਾਬਰ ਅਤੇ ਜਾਂ ਕਦੇ ਧੋਖੇ ਨਾਲ ਹਾਰ ਦਾ ਮੂੰਹ ਵੇਖਦੇ ਰਹੇ ਹਨ।

ਬੁੱਧ ਸਿੰਘ ਦੀਆਂ ਕਰਤਾਰ ਸਿੰਘ ਨਾਲ ਪੰਜ ਕੁਸ਼ਤੀਆਂ ਹੋਈਆਂ, ਦੋ ਜਿੱਤੀਆਂ, ਤਿੰਨ ਬਰਾਬਰ। ਕਿਰਲਗੜ੍ਹ ਅਤੇ ਏਸ਼ੀਆ ਟਰਾਇਲਾਂ ਲਈ ਹੋਈ ਪਟਿਆਲੇ ਕੁਸ਼ਤੀ ਵਿਚ ਜਿੱਤ ਪ੍ਰਾਪਤ ਕੀਤੀ। ਬੁੱਧ ਸਿੰਘ ਨੇ ਦੱਸਿਆ ਕਿ ਟਰਾਇਲਾਂ ਵਾਲੀ ਕੁਸ਼ਤੀ ਦਾ ਫ਼ੈਸਲਾ ਤਾਂ 9 ਮਿੰਟਾਂ ਵਿਚ ਹੀ ਹੋ ਗਿਆ ਸੀ। ਜਦ ਕਿ ਪਾਲਮ ਏਅਰਪੋਰਟ ਕੋਲ, ਆਜ਼ਾਦ ਸਟੇਡੀਅਮ ਅਤੇ ਹਰਦਾਸਪੁਰ ਬਰਾਬਰ ਰਿਹਾ। ਦਿੱਲੀ ਆਜ਼ਾਦਪੁਰ ਸਟੇਡੀਅਮ ਵਾਲੀ ਕੁਸ਼ਤੀ ਲੋਕਾਂ ਨੇ ਟਿਕਟਾਂ ਲੈ ਵੇਖੀ ਸੀ। ਬਰਾਬਰ ਫਸਵੀਂ ਰਹੀ ਕੁਸ਼ਤੀ ਦਾ ਲੋਕਾਂ ਵਾਹਵਾ ਆਨੰਦ ਮਾਣਿਆ।

ਉਹ ਮੇਹਰਦੀਨ ਦੀ ਬਹੁਤ ਇੱਜ਼ਤ ਕਰਦਾ ਹੈ। ਉਸ ਨੂੰ ਭਾਰਤ ਦਾ ਤਕੜਾ ਪਹਿਲਵਾਨ ਮੰਨਿਆ। ਬੁੱਧ ਸਿੰਘ ਦੀ ਮੇਹਰਦੀਨ ਨਾਲ ਵੀ ਕੁਸ਼ਤੀਆਂ ਹੋਈਆਂ। ਪਹਿਲੀ ਸਮਰਾਲੇ, ਜਦ ਕਿ ਨਵਾਂਸ਼ਹਿਰ ਲਾਗੇ ਬਰਨਾਲੇ ਮੇਹਰਦੀਨ ਘੁਲਿਆ ਨਹੀਂ ਸੀ। ਕਹਿੰਦਾ, "ਇਨਾਮ ਵਾਲੀ ਮੱਝ ਬੁੱਧੂ ਨੂੰ ਦੇ ਦਿਓ।" ਬਰਨਾਲੇ ਹੀ ਕਪੂਰਥਲੀਏ ਦਰਸ਼ਨ ਪਹਿਲਵਾਨ ਨੂੰ ਹਰਾ ਕੇ ਸੋਨੇ ਦੀ ਮੁੰਦਰੀ ਜਿੱਤੀ। ਸਮਰਾਲੇ ਕੁਸ਼ਤੀ ਸਮੇਂ ਬੁੱਧ

ਸਿੰਘ ਮੇਹਰਦੀਨ ਨਾਲ ਘੁਲਣਾ ਨਹੀਂ ਸੀ ਚਾਹੁੰਦਾ ਪਰ ਸਤਿਕਾਰ ਵਜੋਂ ਉਹਦੇ ਗੋਡੀਂ ਹੱਥ ਲਾਇਆ। ਬੁੱਧੂ ਉਸ ਵੇਲੇ ਉਠਿਆ ਹੀ ਸੀ ਤੇ ਮੇਹਰਦੀਨ ਦੀ ਉਮਰ ਪੱਕਣ ਵੱਲ ਤੁਰ ਪਈ ਸੀ। ਕਿਸੇ ਕਾਰਨ ਕਰਕੇ ਮਜਬੂਰਨ ਘੁਲਣਾ ਪਿਆ। ਉਹ ਕੁਸ਼ਤੀ ਜਿੱਤੀ। ਸ਼ੀਰੀ ਤੇ ਸੁੱਖਾ ਪਹਿਲਵਾਨ ਵੀ ਉਥੇ ਸਨ। ਬਿੱਲੇ ਅੰਮ੍ਰਿਤਸਰੀਏ ਨਾਲ ਵੀ ਦੋ ਕੁਸ਼ਤੀਆਂ ਹੋਈਆਂ—ਪਹਿਲੀ ਬਿਲਗੇ, ਦੂਜੀ ਚੰਡੀਗੜ੍ਹ ਲਾਗੇ ਕਾਲਕਾ। ਬੁੱਧੂ ਅਨੁਸਾਰ ਬਿੱਲਾ ਹੈ ਤਾਂ ਉਹਦਾ ਯਾਰ ਸੀ ਪਰ ਕਿਤੇ ਕਿਤੇ ਵਿੰਗਾ ਚੱਲਣ ਲੱਗ ਪੈਂਦਾ ਸੀ। ਬੁੱਧੂ ਨੇ ਦਿਲਚਸਪ ਗੱਲ ਦੱਸੀ ਕਿ ਬਿੱਲਾ ਚੰਡੀਗੜ੍ਹ ਕੋਲ ਖਰੜ ਵਿਆਹਿਆ ਹੋਇਆ ਹੈ। ਚੰਡੀਗੜ੍ਹ ਦਾ ਇਲਾਕਾ ਛੱਡ ਬੁੱਧੂ ਦਿੱਲੀ ਘੁਲਣ ਲੱਗ ਪਿਆ। ਚੰਡੀਗੜ੍ਹ ਇਲਾਕੇ ਦੇ ਸਾਰੇ ਭਲਵਾਨ ਖ਼ੁਸ਼ ਸਨ ਕਿ ਉਨ੍ਹਾਂ ਦੇ ਚਾਰ ਪੈਸੇ ਬਣ ਜਾਂਦੇ ਸਨ। ਸਹੁਰਿਆਂ ਦਾ ਇਲਾਕਾ ਹੋਣ ਕਰਕੇ ਬਿੱਲਾ ਇਥੇ ਆਪਣੀ ਟੌਹਰ ਬਣਾਉਣ ਲੱਗਾ, ਜਿਹੜਾ ਮਰਜ਼ੀ ਘੁਲ ਲਵੇ। ਅਖਾੜਿਆਂ 'ਚ ਜਾ ਕੇ ਗੇੜੀਆਂ ਮਾਰਨੀਆਂ ਤੇ ਆਖਣਾ ਭਾਵੇਂ ਬੁੱਧੂ ਵੀ ਘੁਲ ਲਵੇ। ਬਿੱਲੇ ਦੇ ਮਨ ਵਿਚ ਸੀ ਕਿ ਬੁੱਧੂ ਨੇ ਕਿਹੜਾ ਇਥੇ ਆਉਣਾ। ਇਹ ਗੱਲ ਕਾਲੇ ਕੁੰਭੜੇ ਵਾਲੇ ਦੇ ਕੰਨੀਂ ਪੈ ਗਈ। ਕਾਲੇ ਨੇ ਮਾਸਟਰ ਚਾਂਦਗੀ ਰਾਮ ਦੇ ਸ਼ਾਗਿਰਦ ਅਮਰੀਕ (ਜੋ ਅੱਜ ਕੱਲ੍ਹ ਅਮਰੀਕਾ ਹੈ) ਨੂੰ ਬੁੱਧੂ ਨੂੰ ਲੈਣ ਦਿੱਲੀ ਭੇਜ ਦਿੱਤਾ। ਅਮਰੀਕ ਅਤੇ ਬੁੱਧੂ ਕੁਸ਼ਤੀਆਂ ਵਾਲੀ ਜਗ੍ਹਾ ਜਾ ਪਹੁੰਚੇ। ਬੁੱਧੂ ਨੂੰ ਵੇਖ ਬਿੱਲਾ ਠਠੰਬਰ ਗਿਆ। ਹੁਣ ਬਿੱਲੇ ਨੂੰ ਬੁੱਧੂ ਨਾਲ ਕੁਸ਼ਤੀ ਕਰਨੀ ਪੈਣੀ ਸੀ। ਪੰਜ ਕੁ ਮਿੰਟ ਕੁਸ਼ਤੀ ਚੱਲੀ ਤੇ ਗਰਮ ਸੁਭਾਅ ਦਾ ਬਿੱਲਾ ਉਹਦੀਆਂ ਅੱਖਾਂ 'ਚ ਉਂਗਲੀਆਂ ਮਾਰ ਅਖਾੜੇ 'ਚੋਂ ਬਾਹਰ ਨਿਕਲ ਗਿਆ।

ਬੁੱਧੂ ਨੇ ਉਸਤਾਦ ਮਾਸਟਰ ਚਾਂਦਗੀ ਰਾਮ ਦੇ ਅਖਾੜੇ ਦਾ ਬੜਾ ਨਾਂ ਉੱਚਾ ਕੀਤਾ। ਆਲੇ-ਦੁਆਲੇ ਦੇ ਸਾਰੇ ਪਹਿਲਵਾਨ ਇਸ ਦੇ ਨਾਂ ਤੋਂ ਚਲਦੇ ਸਨ। ਕਹਿੰਦੇ ਕਹਾਉਂਦੇ ਪਹਿਲਵਾਨ ਬੋਰੀਆ-ਬਿਸਤਰਾ ਚੁੱਕ ਪੰਜਾਬ ਆ ਗਏ ਸਨ। ਮਾਸਟਰ ਚਾਂਦਗੀ ਰਾਮ ਨੇ ਬੁੱਧ ਨੂੰ ਭਾਰਤ ਦਾ ਮਾਣ ਅਤੇ ਬੇਹਤਰੀਨ ਭਲਵਾਨ ਦੱਸਿਆ।

ਗੋਰੇ-ਨਿਛੋਹ ਲੰਮੇ-ਝੰਮੇ ਐਕਟਰਾਂ ਵਰਗੇ ਬੁੱਧ ਸਿੰਘ ਨੇ ਕੁਸ਼ਤੀਆਂ ਦੇ ਨਾਲ-ਨਾਲ ਫ਼ਿਲਮਾਂ 'ਚ ਕੰਮ ਕਰਨ ਦਾ ਸ਼ੌਕ ਵੀ ਪੂਰਿਆ। ਗੁੱਗੂ ਗਿੱਲ, ਯੋਗਰਾਜ ਅਤੇ ਗੁਰਦਾਸ ਮਾਨ ਨਾਲ ਕਾਫ਼ੀ ਪਿਆਰ ਹੋਣ ਕਰਕੇ ਚੰਡੀਗੜ੍ਹ 'ਕੱਠੇ ਘੁੰਮਦੇ ਹੁੰਦੇ ਸਨ। ਪੰਜਾਬੀ ਫਿਲਮਾਂ—ਧੀ ਜੱਟ ਦੀ, ਬਾਗੀ ਸੂਰਮੇ ਅਤੇ ਕਚਹਿਰੀ 'ਚ ਕੰਮ ਕੀਤਾ। ਬੁੱਧ ਸਿੰਘ ਨੇ ਇਕ ਵਾਰ ਦਾ ਵਾਕਿਆ ਸੁਣਾਇਆ ਕਿ ਚੰਡੀਗੜ੍ਹ ਕਿਸੇ ਪਾਰਟੀ 'ਤੇ ਗਏ ਹੋਏ ਸਨ। ਗੁੱਗੂ ਗਿੱਲ, ਯੋਗਰਾਜ ਅਤੇ ਗੁਰਦਾਸ ਮਾਨ ਵੀ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਬੈਠੇ ਖਾ-ਪੀ ਰਹੇ ਸਨ ਕਿ ਕਿਸੇ ਨੇ ਸ਼ੈਤਾਨੀ ਨਾਲ ਬੁੱਧ ਸਿੰਘ ਨੂੰ ਦਾਰੂ 'ਚ ਮਿਲਾ ਕੇ ਕੋਈ ਚੀਜ਼ ਪਿਆ ਦਿੱਤੀ। ਪੀਂਦੇ ਸਾਰ ਹੀ ਉਹਨੂੰ ਉਲਟੀਆਂ ਲੱਗ

ਗਈਆਂ। ਚੰਗੀ ਜਿੰਦ-ਜਾਨ ਕਰਕੇ ਉਹਦਾ ਬਚਾਅ ਹੋ ਗਿਆ, ਨਹੀ ਤਾਂ ਕੁਛ ਵੀ ਹੋ ਸਕਦਾ ਸੀ।

1979 'ਚ ਜਲੰਧਰ ਏਸ਼ੀਆ ਕੁਸ਼ਤੀਆਂ 'ਚ ਵਰਲਡ ਚੈਂਪੀਅਨ ਈਰਾਨੀ ਪਹਿਲਵਾਨ ਨਾਲ ਕੁਸ਼ਤੀ ਹੋਈ। ਬੁੱਧੂ ਉਹਦੀ ਖਿਚਾਈ ਕਰਦਾ ਜਿੱਤ ਵੱਲ ਵੱਧਣ ਲੱਗਾ। ਆਖਰ ਨੂੰ ਬੁੱਧੂ ਭਾਰੂ ਹੋ ਗਿਆ। ਉਸਤਾਦ ਚਾਂਦਗੀ ਰਾਮ ਨੇ ਮੌਕੇ 'ਤੇ ਆ ਕੇ ਲੱਤ ਦਾ ਗਲਤ ਦਾਅ ਮਰਾ ਦਿੱਤਾ ਤੇ ਬੁੱਧੂ ਜਿੱਤਦਾ ਜਿੱਤਦਾ ਰਹਿ ਗਿਆ। ਦੂਜੀ ਪੁਜ਼ੀਸ਼ਨ ਦਾ ਹੱਕਦਾਰ ਬਣਿਆ। ਪੱਟ ਕੱਢਣਾ ਇਕੋ ਦਾਅ ਸੀ ਬੁੱਧੂ ਦਾ। ਬਾਹਾਂ ਅਤੇ ਲੱਤਾਂ ਦੀ ਖਿਚਾਈ ਕਰ ਵਿਰੋਧੀ ਪਹਿਲਵਾਨ ਨੂੰ ਥਕਾ ਦੇਣਾ ਤੇ ਫਿਰ ਦਾਅ ਮਾਰਨਾ। ਵੱਡੇ-ਵੱਡੇ ਪਹਿਲਵਾਨ ਹਰਾਏ ਇਸ ਦਾਅ ਨਾਲ।

1980 'ਚ ਭਾਰਤੀ ਟੀਮ ਨਾਲ ਮੰਗੋਲੀਆ ਜਾਣ ਵਾਸਤੇ ਸਿਲੈਕਟ ਹੋਇਆ। ਫ਼ੈਡਰੇਸ਼ਨ ਵਾਲਿਆਂ ਪੱਖਪਾਤ ਕਰ ਜਾਣ-ਬੁੱਝ ਕੇ ਉਹਦਾ ਪਾਸਪੋਰਟ ਅੱਗੇ-ਪਿਛੇ ਕਰ ਦਿੱਤਾ। ਬੁੱਧ ਸਿੰਘ ਸੰਜੇ ਗਾਂਧੀ ਨੂੰ ਮਿਲਿਆ ਤੇ ਹੇਰਾਫੇਰੀ ਨਾਲ ਪਾਸਪੋਰਟ ਗੁਆਉਣ ਦੀ ਸਾਰੀ ਗੱਲ ਦੱਸੀ। ਸੰਜੇ ਗਾਂਧੀ ਨੇ ਉਸ ਵੇਲੇ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਹਦਾਇਤ ਕੀਤੀ ਤੇ ਬੂਟਾ ਸਿੰਘ ਨੇ ਇਕ ਦਿਨ ਵਿਚ ਹੀ ਟਿਕਟ ਤੇ ਪਾਸਪੋਰਟ ਦਾ ਪ੍ਰਬੰਧ ਕਰ ਕੇ ਬੁੱਧ ਸਿੰਘ ਨੂੰ ਮੰਗੋਲੀਆ ਚਾੜ੍ਹ ਦਿੱਤਾ।

ਉਸਤਾਦਾਂ ਬਾਰੇ ਪੁੱਛਣ 'ਤੇ ਬੁੱਧ ਸਿੰਘ ਨੇ ਦੱਸਿਆ ਕਿ ਗੁਰੂ ਤਾਂ ਇਕ ਨੂੰ ਇਕ ਵਾਰ ਹੀ ਧਾਰਿਆ ਜਾਂਦੈ, ਵਾਰ ਵਾਰ ਨਹੀਂ। ਦਿੱਲੀ ਜਾ ਕੇ ਬੁੱਧੂ ਨੇ ਮਾਸਟਰ ਚਾਂਦਗੀ ਰਾਮ ਨੂੰ ਉਸਤਾਦ ਧਾਰਿਆ। ਇਕੋ ਗੁਰੂ ਬਣਾਇਆ। ਬੱਸ ਉਸ ਨੇ ਜ਼ਿੰਦਗੀ ਬਦਲ ਦਿੱਤੀ। ਛੇ ਕੁ ਸਾਲ ਚਾਂਦਗੀ ਰਾਮ ਦੇ ਅਖਾੜੇ ਰਹਿ ਕੇ ਵਾਹਵਾ ਮਿਹਨਤ ਕੀਤੀ। ਕਈ ਕਈ ਭਲਵਾਨਾਂ ਦਾ ਜ਼ੋਰ ਕਰਵਾ ਕਦੇ ਥੱਕਦਾ ਨਾ। ਉਸਤਾਦ ਨੇ ਚੰਗਾ ਚੰਡਿਆ। ਪੰਜਾਬ ਆ ਕੇ ਕੁਸ਼ਤੀਆਂ ਕੀਤੀਆਂ ਜਿਥੇ ਉਸ ਵੇਲੇ ਹਰ ਪਾਸੇ ਫ਼ੱਤਾ-ਫ਼ੱਤਾ ਹੋਈ ਪਈ ਸੀ। ਅਨੰਦਪੁਰ ਸਾਹਿਬ ਕੁਸ਼ਤੀਆਂ ਵਿਚ ਆਲਮਗੀਰੀਏ ਫ਼ੱਤੇ ਨੂੰ ਹਰਾ ਕੇ ਪੰਜਾਬ ਕੇਸਰੀ ਦਾ ਖ਼ਿਤਾਬ ਜਿੱਤਿਆ। ਉਥੇ ਹੀ ਸੋਂਧੀ ਕੋਚ ਦੇ ਛੋਟੇ ਭਰਾ ਜਰਨੈਲ ਸੋਂਧੀ ਨੂੰ 'ਭਾਰਤ ਕੁਮਾਰ' ਮੁਕਾਬਲੇ ਵਿਚ ਹਰਾਇਆ।

ਬੁੱਧੂ ਦੀ ਕੁਸ਼ਤੀਆਂ 'ਚ ਚੜ੍ਹਤ ਵੇਖ ਪੰਜਾਬ ਪੁਲਿਸ ਦੇ ਉਸ ਵੇਲੇ ਦੇ ਡੀ. ਆਈ. ਜੀ. ਬਰਜਿੰਦਰ ਸਿੰਘ ਨੇ ਸਿੱਧਾ ਇੰਸਪੈਕਟਰ ਭਰਤੀ ਕਰ ਲਿਆ। ਕਬੱਡੀ ਵਾਲਾ ਬਲਵਿੰਦਰ ਫਿੱਡੂ ਵੀ ਬੁੱਧ ਸਿੰਘ ਦੇ ਨਾਲ ਹੀ ਭਰਤੀ ਹੋਇਆ ਸੀ। ਪੰਜਾਬ ਪੁਲਿਸ ਵੱਲੋਂ ਬੁੱਧੂ ਨੇ ਮਹਿਕਮੇ ਦਾ ਕਾਫ਼ੀ ਨਾਂ ਉੱਚਾ ਕੀਤਾ।

ਭਲਵਾਨਾਂ ਦੀ ਈਰਖਾ ਬਾਰੇ ਬੁੱਧ ਸਿੰਘ ਦੱਸਣ ਲੱਗਾ ਕਿ ਉਹਦੀ ਤਿਆਰੀ ਕਰਾਉਣ ਲਈ ਉਨ੍ਹਾਂ ਨੇ ਖੂਹ 'ਤੇ ਭਲਵਾਨ ਰੱਖੇ ਹੋਏ ਸਨ। ਹੋਰ ਸੇਵਾ ਦੇ ਨਾਲ ਉਹ

ਉਨ੍ਹਾਂ ਨੂੰ ਰੋਜ਼ ਬਦਾਮਾਂ ਦੀ ਸ਼ਰਦਾਈ ਘੋਟ ਕੇ ਦਿੰਦਾ। ਅਸਲੀ ਮਾਲ ਉਨ੍ਹਾਂ ਨੂੰ ਪੀਣ ਨੂੰ ਦੇ ਦੇਣਾ ਤੇ ਸ਼ਰਦਾਈ ਦਾ ਧੋਣ ਜਿਹਾ ਆਪ ਪੀਣਾ। ਇਕ ਦਿਨ ਅਖਾੜੇ 'ਚ ਜ਼ੋਰ ਕਰਾਉਂਦੇ ਉਹ ਬੁੱਧੂ ਦੇ ਸੱਟ ਮਾਰਨ ਦੀ ਕੋਸ਼ਿਸ਼ ਕਰਨ ਲੱਗੇ। ਉਹ ਉਨ੍ਹਾਂ ਕੋਲੋਂ ਬਚ ਕੇ ਆ ਗਿਆ ਤੇ ਪਿਤਾ ਨੂੰ ਗੱਲ ਦੱਸੀ। ਪਿਤਾ ਨੇ ਕਿਹਾ ਕਿ ਤੈਨੂੰ ਹੁਣ ਮੈਂ ਜ਼ੋਰ ਕਰਾਵਾਂਗਾ ਤੇ ਉਨ੍ਹਾਂ ਤੋਂ ਬਚ ਕੇ ਰਹੀਂ ਤੇ ਸ਼ਰਦਾਈ ਘੋਟ ਕੇ ਨਾ ਦੇਵੀਂ, ਆਪੇ ਚਲੇ ਜਾਣਗੇ। ਹੋਇਆ ਵੀ ਇਸੇ ਤਰ੍ਹਾਂ ਹੀ। ਇਸੇ ਤਰ੍ਹਾਂ ਇਕ ਵਾਰ ਮਿਥੀ ਕੁਸ਼ਤੀ ਤੋਂ ਇਕ ਦਿਨ ਪਹਿਲਾਂ ਈਰਖਾਲੂ ਭਲਵਾਨਾਂ ਨੇ ਡੰਡ ਕਢਾ-ਕਢਾ ਉਹਦੀਆਂ ਬਾਹਾਂ ਦਾ ਜ਼ੋਰ ਲਵਾ ਦਿੱਤਾ। ਖੇਤ ਵਾਹੁਣ ਲੱਗਾ ਤਾਂ ਟਰੈਕਟਰ ਦਾ ਸਟੇਅਰਿੰਗ ਨਾ ਮੁੜੇ। ਨਾਲ ਬੈਠੇ ਬਾਬਾ ਜੀ ਨੇ ਪੁੱਛਿਆ ਤਾਂ ਪਤਾ ਲੱਗਾ ਕਿ ਭਲਵਾਨਾਂ ਨੇ ਜਾਣ-ਬੁੱਝ ਕੇ ਜ਼ੋਰ ਲੁਆ ਦਿੱਤਾ ਤਾਂ ਕਿ ਅਗਲੇ ਦਿਨ ਹੋਣ ਵਾਲੀ ਕੁਸ਼ਤੀ ਹਾਰ ਜਾਵੇ। ਬਾਬਾ ਜੀ ਸੰਨ 1976 ਵਿਚ ਪੂਰੇ ਹੋ ਗਏ ਜਦਕਿ ਪਿਤਾ ਜੀ 2001 ਵਿਚ।

ਬੁੱਧੂ ਨੇ 1979-80 ਦੀ ਗੱਲ ਸੁਣਾਉਂਦਿਆਂ ਕਿਹਾ ਕਿ ਇਕ ਵਾਰ ਮਜ਼ਾਰਾ ਰਾਜਾ ਸਾਹਿਬ ਕੁਸ਼ਤੀਆਂ ਹੋਈਆਂ। ਉਸ ਵੇਲੇ ਕਰਤਾਰ ਸਿੰਘ ਏਸ਼ੀਆ ਵਿਚੋਂ ਗੋਲਡ ਮੈਡਲ ਜਿੱਤ ਕੇ ਲਿਆਇਆ ਸੀ। ਕਰਤਾਰ ਨਾਲ ਕੁਸ਼ਤੀ ਕਰਨ ਲਈ ਬੁੱਧੂ ਨੂੰ ਸੋਂਧੀ ਕੋਚ 2500 ਰੁਪਏ ਮੁਕਾ ਕੇ ਦਿੱਲੀ ਤੋਂ ਲੈ ਆਇਆ। ਬੁੱਧੂ ਨਾਲ ਮੁਹੱਬਤ ਕਰਕੇ ਅੰਮ੍ਰਿਤਸਰੀਆ ਬਿੱਲਾ ਵੀ ਨਾਲ ਆ ਗਿਆ। ਉਥੇ ਪਹਿਲਵਾਨ ਦਾਰਾ ਸਿੰਘ ਅਤੇ ਦਾਰਾ ਸਿੰਘ ਦਾ ਉਸਤਾਦ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਵੀ ਹਾਜ਼ਰ ਸਨ। ਬੰਗਿਆਂ ਦਾ ਸਾਰਾ ਇਲਾਕਾ ਕੁਸ਼ਤੀਆਂ ਵੇਖਣ ਢੁੱਕਿਆ ਹੋਇਆ ਸੀ। ਮੈਂ (ਲੇਖਕ) ਵੀ ਸਾਰਾ ਸੀਨ ਅੱਖੀਂ ਵੇਖਿਆ। ਬੁੱਧੂ ਤੇ ਬਿੱਲਾ ਕਰਤਾਰ ਨਾਲ ਕੁਸ਼ਤੀ ਕਰਨੀ ਚਾਹੁੰਦੇ ਸਨ। ਕੁਸ਼ਤੀ ਨਹੀਂ ਸੀ ਹੋ ਰਹੀ। ਫਿਰ ਹਰਬੰਸ ਸਿੰਘ ਨੇ ਕਿਹਾ, ਇਨ੍ਹਾਂ ਮੁੰਡਿਆਂ ਨਾਲ ਕਰਤਾਰ ਦੀ ਕੁਸ਼ਤੀ ਕਿਉਂ ਨਹੀਂ ਕਰਵਾਉਂਦੇ? ਕਰਤਾਰ ਦੀ ਕੁਸ਼ਤੀ ਫਿਰ ਪੰਜਾਬ ਪੁਲਿਸ ਦੇ ਮਦਨ ਭਲਵਾਨ ਨਾਲ ਹੋਣ ਲੱਗੀ ਤਾਂ ਰੌਲਾ ਪੈ ਗਿਆ। ਕੁਸ਼ਤੀਆਂ ਵਿਚਾਲੇ ਰਹਿ ਗਈਆਂ। ਪੱਚੀ ਸੌ ਰੁਪਏ ਫਿਰ ਸੋਂਧੀ ਬੁੱਧੂ ਦੇ ਪਿੰਡ ਫੜਾ ਕੇ ਗਿਆ।

1981 'ਚ ਬੁੱਧ ਸਿੰਘ ਕੁਸ਼ਤੀਆਂ ਕਰਨ ਕੈਨੇਡਾ ਆ ਗਿਆ। ਕਈ ਭਲਵਾਨਾਂ ਨੂੰ ਹਰਾਇਆ। ਸੰਨੀ ਗਿੱਲ ਨਾਲ ਵੀ ਕੁਸ਼ਤੀ ਹੋਈ। ਭਾਰਤ ਵਾਪਸ ਜਾਣ ਲਈ ਤਿਆਰ ਹੋਇਆ ਤਾਂ ਯਾਰਾਂ-ਦੋਸਤਾਂ ਦੇ ਕਹਿਣ 'ਤੇ ਅਮਰੀਕਾ ਆ ਗਿਆ। ਕੈਲੀਫੋਰਨੀਆ ਵਿਚ ਸਕੂਲਾਂ ਦੇ ਗੋਲਡ ਮੈਡਲ ਜਿੱਤੇ। ਮਿੱਟੀ ਅਤੇ ਗੱਦੇ ਤੋਂ ਇਲਾਵਾ ਫਰੀ ਸਟਾਇਲ ਕੁਸ਼ਤੀਆਂ ਵੀ ਕੀਤੀਆਂ। ਡਰਾਮਾ ਜਿਹਾ ਲੱਗਦਾ ਕਰਕੇ ਫਰੀ ਸਟਾਇਲ ਕੁਸ਼ਤੀਆਂ ਨੂੰ ਦਿਲ ਨਾ ਮੰਨਿਆ। ਮਿੱਟੀ/ਗੱਦੇ ਵਾਲੀਆਂ ਕੁਸ਼ਤੀਆਂ ਨੂੰ ਹੀ ਪਹਿਲ ਦਿੱਤੀ। ਉਹ ਇਕ ਵਾਰ ਕਿਤੇ ਕੁਸ਼ਤੀ ਕਰ ਕੇ ਹਟਿਆ ਹੀ ਸੀ ਤਾਂ ਕੁਝ ਲੋਕਾਂ ਦੇ ਭਰੋਸੇ

’ਚ ਆ ਕੇ ਕਿਸੇ ਕਾਲੇ ਭਲਵਾਨ ਨਾਲ ਕੁਸ਼ਤੀ ਕਰਨ ਲੱਗ ਪਿਆ। ਘੁਲਦੇ ਦੇ ਗੋਡੇ ’ਤੇ ਸੱਟ ਲੱਗ ਗਈ। ਜਿਨ੍ਹਾਂ ਦੋਸਤਾਂ ’ਤੇ ਯਕੀਨ ਕੀਤਾ ਉਹ ਧੋਖਾ ਦੇ ਗਏ। ਕਰੀਅਰ ਤਬਾਹ ਹੋ ਗਿਆ। ਸੱਟ ਨਾ ਲਗਦੀ ਤਾਂ ਭਾਰਤ ਜਾ ਕੇ ’82 ਏਸ਼ੀਆ ਦੀਆਂ ਕੁਸ਼ਤੀਆਂ ਲੜਨੀਆਂ ਸਨ। ਸੰਨ 1979 ਦੀਆਂ ਏਸ਼ੀਆਈ ਖੇਡਾਂ ਵਿਚ ਕੁਸ਼ਤੀਆਂ ਦਾ ਸਿਲਵਰ ਮੈਡਲ ਜਿੱਤਿਆ ਸੀ। ਮਨ ਦੀਆਂ ਮਨ ਵਿਚ ਰਹਿ ਗਈਆਂ। ਬੁੱਧ ਸਿੰਘ ਹੁਣ ਪੱਕਾ ਅਮਰੀਕਾ ਵਿਚ ਰਹਿੰਦਾ ਹੈ। ਪਰਮਜੀਤ ਤੇ ਸਰਬਜੀਤ—ਦੋਵੇਂ ਬੇਟੇ ਸਕੂਲਾਂ ਦੀਆਂ ਕੁਸ਼ਤੀਆਂ ਦੇ ਚੈਂਪੀਅਨ ਰਹਿ ਚੁੱਕੇ ਹਨ। ਕੁਸ਼ਤੀਆਂ ਤੋਂ ਬਾਅਦ ਹੁਣ ਕਬੱਡੀ ਦੇ ਖਿਡਾਰੀ ਹਨ। ਵੱਡੇ ਭਰਾ ਊਧਮ ਸਿੰਘ ਦਾ ਬੇਟਾ ਬਲਵੀਰ ਸਿੰਘ ਵੀਰ੍ਹਾ ਵੀ ਮੰਨਣਹਾਣੇ ਦੀਆਂ ਕੁਸ਼ਤੀਆਂ ਦਾ ‘ਭਾਰਤ ਕੁਮਾਰ’ ਬਣ ਚੁੱਕਾ ਹੈ। ਭਾਰਤੀ ਟੀਮ ਨਾਲ ਉਹ ਕੈਨੇਡਾ ਦੀ ਧਰਤੀ ’ਤੇ ਵੀ ਘੁਲਣ ਜਾ ਚੁੱਕਾ ਹੈ। ਛੋਟੇ ਭਰਾ ਪਾਲੇ ਦਾ ਬੇਟਾ ਕੁਲਵਿੰਦਰ ਸਿੰਘ ਵੀ ਪਿੰਡਾਂ ਦੀਆਂ ਕੁਸ਼ਤੀਆਂ ਦਾ ਮੱਲ ਹੈ। ਪਿੰਡ ਖੂਹ ਉੱਤੇ ਮਿੱਟੀ ਅਤੇ ਗੱਦਿਆਂ ਦਾ ਅਖਾੜਾ ਚਲਦਾ ਹੈ। ਉਥੇ ਪਿੰਡ ਅਤੇ ਆਲੇ-ਦੁਆਲੇ ਪਿੰਡਾਂ ਦੇ ਪਹਿਲਵਾਨ ਮੁੰਡੇ ਜ਼ੋਰ ਕਰਨ ਆਉਂਦੇ ਹਨ। ਭਾਰਤੀ ਮੱਲ ਬੁੱਧ ਸਿੰਘ ਦਾ ਪਿੰਡ ਭੁੱਟੇ ਵੇਖਣ ਦੀ (ਲੇਖਕ ਨੂੰ) ਖਾਹਿਸ਼ ਜੋ ਕੁਝ ਸਾਲ ਪਹਿਲਾਂ ਪੂਰੀ ਹੋਈ ਤੇ ਜਾ ਕੇ ਸਾਰਾ ਕੁਝ ਵੇਖਿਆ।

ਦੋਆਬੇ ਦੇ ਮਿੰਨੀ ਓਲੰਪਿਕ ਹਕੀਮਪੁਰ ਖੇਡ ਮੇਲੇ ’ਤੇ ਇਕ ਵਾਰ ਪੰਜਾਬ ਦੇ ਰਿਟਾਇਰ ਡੀ. ਜੀ. ਪੀ. ਮਹਿਲ ਸਿੰਘ ਭੁੱਲਰ, ਬੁੱਧ ਸਿੰਘ ਅਤੇ ਕਰਤਾਰ ਸਿੰਘ ਹਾਜ਼ਰ ਸਨ। ਮਹਿਲ ਸਿੰਘ ਭੁੱਲਰ ਬੁੱਧ ਸਿੰਘ ਨੂੰ ਕਹਿਣ ਲੱਗਾ, “ਬੁੱਧ ਸਿੰਹਾਂ ਅਗਰ ਤੂੰ ਵਾਪਸ ਆ ਜਾਂਦਾ ਤਾਂ ਔਹ ਸਾਰੀਆਂ ਫ਼ੀਤੀਆਂ ਤੇਰੀਆਂ ਸਨ।”

“ਚਲੋ ਜੀ ਜੋ ਪਰਮਾਤਮਾ ਨੂੰ ਮਨਜ਼ੂਰ,” ਕਹਿੰਦੇ ਬੁੱਧ ਸਿੰਘ ਨੇ ਕੋਲ ਬੈਠੇ ਡੀ. ਜੀ. ਪੀ. ਨੂੰ ਉੱਤਰ ਦਿੱਤਾ।

ਨੇਕ ਇਨਸਾਨ ਤੇ ਮਿਲਣਸਾਰ ਬੁੱਧ ਸਿੰਘ ਦਾ ਸਭ ਨੂੰ ਇਹੋ ਪੈਗ਼ਾਮ ਹੈ ਕਿ ਚੰਗੇ ਖਿਡਾਰੀਆਂ ਨੂੰ ਹੌਸਲਾ ਦਿਓ, ਬੱਚਿਆਂ ਨੂੰ ਖੇਡਾਂ ਨਾਲ ਜੋੜੋ ਅਤੇ ਸਿਆਸਤ ਨੂੰ ਖੇਡਾਂ ਤੋਂ ਦੂਰ ਰੱਖੋ। ਪੁਰਾਣੇ ਪਹਿਲਵਾਨਾਂ ਨੂੰ ਅਰਜ਼ ਹੈ ਕਿ ਜਿੰਨਾ ਘੁਲ ਲਿਆ, ਵਧੀਆ ਘੁਲ ਲਿਆ, ਹੁਣ ਨਵੇਂ ਪਹਿਲਵਾਨਾਂ ਨੂੰ ਵੀ ਅੱਗੇ ਆਉਣ ਦਾ ਮੌਕਾ ਦਿਓ।

# ਭਾਰਤੀ ਹਾਕੀ ਦਾ
# ਸ਼ਾਰਪ-ਸ਼ੂਟਰ ਖਿਡਾਰੀ—ਸੁਰਿੰਦਰ ਸਿੰਘ ਸੋਢੀ

"ਰੱਬ ਦੀ ਰਹੀ ਮਿਹਰ ਸਦਾ,
ਉੱਚਾ ਰੁਤਬਾ ਹਾਕੀ 'ਚ ਪਾ ਲਿਆ ਏ।
ਹਾਕੀ ਦੀ ਜਾਦੂਗਰੀ ਨਾਲ,
ਕਰੋੜਾਂ ਪ੍ਰੇਮੀਆਂ ਨੂੰ ਗਲ ਲਾ ਲਿਆ ਏ।
ਹਾਕੀ ਨੂੰ 'ਇਕਬਾਲ ਸਿੰਹਾਂ' ਚਾਰ ਚੰਨ ਲਾਏ,
ਭਾਰਤੀ ਹਾਕੀ 'ਚ ਸੋਢੀ ਛਾ ਗਿਆ ਏ।"

ਭਾਰਤੀ ਹਾਕੀ ਦੇ ਜਰਨੈਲ ਸ. ਸੁਰਿੰਦਰ ਸਿੰਘ ਸੋਢੀ ਦਾ ਖੇਡ ਜਗਤ ਵਿਚ ਵੱਡਾ ਨਾਂ ਹੈ। ਜਦੋਂ ਹਾਕੀ ਦੀ ਗੱਲ ਚਲਦੀ ਹੈ ਤਾਂ ਉਨ੍ਹਾਂ ਦਾ ਨਾਂ ਆਪ ਮੁਹਾਰੇ ਮੂੰਹ 'ਤੇ ਆ ਜਾਂਦੈ। ਹਾਕੀ ਵਾਲਾ ਸੋਢੀ ਉਹ ਨਾਂ ਹੈ, ਜਿਸ ਨੇ ਖੇਡ ਮੈਦਾਨਾਂ 'ਚ ਵਿਰੋਧੀਆਂ ਦੇ ਛੱਕੇ ਛੁਡਾਏ ਅਤੇ ਕੌਮੀ ਤੇ ਕੌਮਾਂਤਰੀ ਖੇਡਾਂ ਵਿਚ ਧੁੰਮਾਂ ਪਾਈ ਰੱਖੀਆਂ। ਕਦੇ ਉਹ ਪ੍ਰਤੀਨਿਧ ਬਣ ਖੇਡਿਆ, ਕਦੇ ਕਪਤਾਨ ਬਣ ਕੇ ਭਾਰਤੀ ਟੀਮ ਦੀ ਕਮਾਂਡ ਸਾਂਭੀ ਤੇ ਗੋਲਡ ਮੈਡਲਾਂ ਨਾਲ ਭਾਰਤ ਦੀਆਂ ਝੋਲੀਆਂ ਭਰੀਆਂ। 1980 'ਚ ਉਹਦੇ ਨਾਂ ਦੀ ਪੂਰੀ ਧਾਂਕ ਸੀ। ਅਖਬਾਰਾਂ, ਰਸਾਲਿਆਂ ਤੇ ਟੈਲੀਵਿਜ਼ਨ 'ਤੇ ਪੂਰੀ ਤਰਥੱਲੀ ਮੱਚੀ। ਮੀਡੀਏ ਵਾਲੇ ਉਹਨੂੰ ਗੋਲ-ਗੈੱਟਰ, ਬਰੇਨੀ-ਪਲੇਅਰ, ਸ਼ਾਰਪ-ਸ਼ੂਟਰ ਤੇ ਹੋਰ ਪਤਾ ਨਹੀਂ ਕੀ ਕੀ ਖ਼ਿਤਾਬਾਂ ਨਾਲ ਨਿਵਾਜ਼ਦੇ ਰਹੇ। ਤੇ ਕਈਆਂ ਨੇ ਉਹਨੂੰ ਭਾਰਤੀ ਹਾਕੀ ਦਾ ਟਾਈਗਰ ਕਿਹਾ।

ਕੁਦਰਤ ਹਮੇਸ਼ਾ ਉਸ ਦੇ ਅੰਗ-ਸੰਗ ਰਹੀ। ਨਿਗ੍ਹਾ ਸਵੱਲੀ ਨਾਲ ਤੂਫ਼ਾਨਾਂ ਵਾਂਗ ਸ਼ੂਕਦਾ, ਚੜ੍ਹਾਈਆਂ ਚੜ੍ਹਦਾ ਬੜੀਆਂ ਬੜੀਆਂ ਚੋਟੀਆਂ ਸਰ ਕਰਦਾ ਅੱਗੇ ਨਿਕਲਦਾ ਗਿਆ। 1980 ਮਾਸਕੋ ਓਲੰਪਿਕਸ ਮੁਕਾਬਲਿਆਂ 'ਚੋਂ ਗੋਲਡ ਮੈਡਲ ਜਿੱਤਣ ਲਈ 15 ਗੋਲ ਕਰਨ ਦਾ ਸਿਹਰਾ ਉਸ ਦੇ ਸਿਰ ਬੱਝਾ। (16 ਸਾਲਾਂ ਪਿਛੋਂ ਭਾਰਤੀ ਹਾਕੀ ਟੀਮ ਸੋਨ ਤਮਗੇ ਦੀ ਹੱਕਦਾਰ ਬਣੀ। ਹੁਣ ਤੱਕ ਦੇ ਹੋ ਚੁੱਕੇ ਚੈਂਪੀਅਨ

ਮੁਕਾਬਲਿਆਂ ਵਿਚੋਂ ਭਾਰਤੀ ਹਾਕੀ ਟੀਮ ਨੂੰ ਉਹਦੀ ਕਪਤਾਨੀ ਹੇਠ ਵਿਸ਼ਵ-ਵਿਜੇਤਾ ਹੋਣ ਦਾ ਮਾਣ ਪ੍ਰਾਪਤ ਹੋਇਐ।) ਫ਼ਾਈਨਲ ਵਿਚ ਉਨ੍ਹਾਂ ਦਾ ਸਪੇਨ ਨਾਲ ਭੇੜ ਹੋਇਆ ਤੇ ਟੀਮ 'ਚ ਖੇਡਦੇ ਚਾਰ ਜੂੜਿਆਂ ਵਾਲਿਆਂ ਵਿਚੋਂ ਪਹਿਲੇ ਦੋ ਗੋਲ ਸ. ਸੋਢੀ ਨੇ ਕੀਤੇ। ਭਾਰਤੀ ਹਾਕੀ ਦੇ ਇਤਿਹਾਸ ਵਿਚ ਇਹ ਪੱਕੀ ਮੋਹਰ ਹੈ ਕਿ ਸਭ ਤੋਂ ਘੱਟ ਸਮੇਂ 'ਚ ਲਗਾਤਾਰ ਤਿੰਨ ਗੋਲ ਕਰ ਕੇ ਹੈਟ੍ਰਿਕ ਬਣਾਉਣ ਦਾ ਰਿਕਾਰਡ ਹਾਲੇ ਤੱਕ ਕਿਸੇ ਤੋਂ ਨਹੀਂ ਟੁੱਟਾ। 'ਬੈਸਟ ਸਕੋਰਰ' ਦਾ ਖ਼ਿਤਾਬ ਪ੍ਰਾਪਤ ਕਰ ਕੇ ਉਸਨੇ ਭਾਰਤੀ ਤਿਰੰਗੇ ਨੂੰ ਮਾਣ ਬਖਸ਼ਿਆ। 15 ਗੋਲ ਕਰਨ ਦਾ ਰਿਕਾਰਡ ਪਹਿਲਾਂ ਹਾਕੀ ਦੇ ਧੁਨੰਤਰ ਖਿਡਾਰੀ ਸ. ਊਧਮ ਸਿੰਘ ਨੇ ਬਣਾਇਆ ਸੀ। ਉਸ ਪਿਛੋਂ ਇਹ ਮਾਣ ਸ. ਸੋਢੀ ਦੇ ਹਿੱਸੇ ਆਇਐ।

"ਕਦੇ ਰਫਤਾਰ ਦੀ ਗੱਲ,
ਕਦੇ ਦਸਤਾਰ ਦੀ ਗੱਲ।
ਖੇਡ ਮੈਦਾਨਾਂ 'ਚ,
ਉਹਦੇ ਤੇਜ਼-ਤਰਾਰ ਦੀ ਗੱਲ।
ਖੇਡ ਫ਼ਿਜ਼ਾਵਾਂ 'ਚ ਗੂੰਜੇ ਜੂੜੇ ਵਾਲੇ,
ਸੋਢੀ ਸਰਦਾਰ ਦੀ ਗੱਲ।"

ਉਹਦਾ ਗੋਤਰ ਤਾਂ ਛੋਕਰ ਹੈ, ਪਰ ਉਹ ਯਾਰਾਂ-ਬੇਲੀਆਂ, ਪ੍ਰਸ਼ੰਸਕਾਂ, ਖੇਡ ਪ੍ਰੇਮੀਆਂ ਤੇ ਦੁਨੀਆਂ ਦੇ ਕੋਨੇ ਕੋਨੇ 'ਚ 'ਸੋਢੀ' ਨਾਂ ਨਾਲ ਜਾਣਿਆਂ ਜਾਂਦੈ। ਕਿਸੇ ਦੇ ਮੂੰਹੋਂ ਅਚਾਨਕ ਜਦੋਂ 'ਸੋਢੀ' ਨਿਕਲਦੈ ਤਾਂ ਝੱਟ ਹਾਕੀ ਖਿਡਾਰੀ ਸੁਰਿੰਦਰ ਸਿੰਘ ਛੋਕਰ (ਸੋਢੀ) ਦਾ ਚਿਹਰਾ ਦਿਲ ਦਿਮਾਗ 'ਤੇ ਛਾ ਜਾਂਦੈ। ਕਈ ਖੇਡ ਪ੍ਰੇਮੀਆਂ ਨੇ ਤਾਂ ਬੱਚਿਆਂ ਦੇ ਨਾਂ ਸ. ਸੋਢੀ ਦੇ ਨਾਂ 'ਤੇ ਰੱਖੇ ਹੋਏ ਨੇ।

ਸ. ਸੋਢੀ ਨੇ ਭਾਰਤ ਦੇ ਵੱਖ ਵੱਖ ਰਾਜਾਂ/ਪ੍ਰਾਂਤਾਂ ਵਿਚ ਖੇਡ ਦਾ ਲੋਹਾ ਮਨਵਾਇਆ। ਨੈਸ਼ਨਲ ਖੇਡਾਂ 'ਚ ਉਹਦੀਆਂ ਬੇਹੱਦ ਪ੍ਰਾਪਤੀਆਂ ਹਨ। ਪੰਜਾਬ ਵੱਲੋਂ ਖੇਡਦਿਆਂ 1977 'ਚ ਮਦਰਾਸ, 1978 'ਚ ਮੁਦਰਾਏ, 1979 'ਚ ਹੈਦਰਾਬਾਦ ਅਤੇ 1980 'ਚ ਕਟਕ ਦੀਆਂ ਚੈਂਪੀਅਨਸ਼ਿਪਾਂ ਵਿਚ ਹਿੱਸਾ ਲਿਆ। 1981 'ਚ ਪੰਜਾਬ ਵੱਲੋਂ ਖੇਡਦਿਆਂ ਜਲੰਧਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਹਿੱਸਾ ਲਿਆ ਤੇ ਟੀਮ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਸੁਰਿੰਦਰ ਸਿੰਘ ਸੋਢੀ ਦੀ ਕਪਤਾਨੀ ਹੇਠ 1982 'ਚ ਕਲਕੱਤਾ ਅਤੇ 1983 'ਚ ਮੇਰਠ ਨੈਸ਼ਨਲ ਹਾਕੀ ਚੈਂਪੀਅਨਸ਼ਿਪਾਂ ਖੇਡੀਆਂ ਤੇ ਪੰਜਾਬ ਦੀ ਝੋਲੀ 'ਚ ਗੋਲਡ ਮੈਡਲਾਂ ਨਾਲ ਭਰੀ। ਤਿੰਨ ਸਾਲ ਲਗਾਤਾਰ ਪੰਜਾਬ ਵੱਲੋਂ ਖੇਡਦਿਆਂ ਜਿੱਤ ਦੀ ਹੈਟ੍ਰਿਕ ਬਣਾਈ।

1984 'ਚ ਨਵੀਂ ਦਿੱਲੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਤੇ ਕਾਂਸੀ ਦਾ ਮੈਡਲ ਜਿੱਤਿਆ। 1985 'ਚ ਪਾਲਘਾਟ (ਸਾਊਥ) ਹਾਕੀ ਨੈਸ਼ਨਲ ਚੈਂਪੀਅਨਸ਼ਿਪ ਮੁਕਾਬਲੇ ਵਿਚੋਂ ਪੰਜਾਬ ਲਈ ਸਿਲਵਰ ਮੈਡਲ ਜਿੱਤਿਆ। ਇਸੇ ਤਰ੍ਹਾਂ 1986 'ਚ ਪੰਜਾਬ ਦੀ ਟੀਮ ਨੇ ਬੰਗਲੌਰ ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਖੇਡ ਕੇ ਕਾਂਸੀ ਦਾ ਤਮਗ਼ਾ ਜਿੱਤਿਆ।

ਕੌਮਾਂਤਰੀ ਖੇਡਾਂ 'ਚ ਇਸ ਤੇਜ਼ ਤਰਾਰ ਖਿਡਾਰੀ ਦੀਆਂ ਘਰ ਘਰ ਗੱਲਾਂ ਹੋਈਆਂ। 1975 'ਚ ਜੂਨੀਅਰ ਹਾਕੀ ਟੀਮ ਦਾ ਮੈਂਬਰ ਬਣ ਯੂਰਪੀ ਦੇਸਾਂ—ਜਰਮਨੀ, ਫਰਾਂਸ ਅਤੇ ਸਪੇਨ ਖੇਡਣ ਗਿਆ। 1976 ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕਰ ਕੇ ਲਾਹੌਰ ਦਾ ਕਾਇਦੇ-ਆਜ਼ਮ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡਿਆ।

ਹਾਲੈਂਡ ਦੀ ਟੈਸਟ ਸੀਰੀਜ਼ 1977 'ਚ ਖੇਡੀ ਅਤੇ ਉਸੇ ਸਾਲ ਹੀ ਇੰਡੀਆ-ਪਾਕਿਸਤਾਨ ਵਿਚ ਟੈਸਟ ਸੀਰੀਜ਼ ਖੇਡੀਆਂ। 1978 'ਚ ਅਰਜਨਟੀਨਾ ਵਰਲਡ ਹਾਕੀ ਕੱਪ ਲਈ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ ਅਤੇ ਉਸੇ ਸਾਲ ਹੀ ਭਾਰਤੀ ਟੀਮ ਦੀ ਬੈਂਕਾਕ ਏਸ਼ੀਅਨ-ਗੇਮਜ਼ ਲਈ ਪ੍ਰਤੀਨਿਧਤਾ ਕੀਤੀ ਤੇ ਭਾਰਤ ਲਈ ਸਿਲਵਰ ਮੈਡਲ ਜਿੱਤਿਆ। ਉਹਦੀ ਕਪਤਾਨੀ ਹੇਠ ਭਾਰਤੀ ਟੀਮ ਨੇ 1979 ਦੀ ਕਰਾਚੀ ਚੈਂਪੀਅਨ ਟਰਾਫੀ ਖੇਡੀ ਤੇ ਉਸੇ ਸਾਲ ਭਾਰਤ ਵੱਲੋਂ ਰੂਸ ਨਾਲ ਟੈਸਟ ਸੀਰੀਜ਼ ਖੇਡੀਆਂ।

ਪਰਥ ਆਸਟ੍ਰੇਲੀਆ ਵਿਖੇ ਖੇਡੇ ਗਏ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ। ਕੁਆਲਾਲੰਪੁਰ ਮਲੇਸ਼ੀਆ ਦੇ ਕੌਮਾਂਤਰੀ ਹਾਕੀ ਟੂਰਨਾਮੈਂਟ ਵਿਚ ਭਾਰਤੀ ਟੀਮ ਵਿਚ ਖੇਡਿਆ ਅਤੇ ਦੇਸ਼ ਲਈ ਕਾਂਸੀ ਦੇ ਤਮਗ਼ੇ ਜਿੱਤੇ।

"ਦਿਲ ਦਾ ਸਮੁੰਦਰ ਹੈਂ ਤੂ।
ਹਾਕੀ ਦਾ ਸਿਕੰਦਰ ਹੈਂ ਤੂ।
ਸਿਰ ਘੁਮਾ ਕੇ ਵੇਖ ਸਾਰੇ,
ਖੇਡ ਸ਼ੌਕੀਨਾਂ ਦੇ ਵਸਦਾ ਅੰਦਰ ਹੈਂ ਤੂ।"

1981 'ਚ ਯੂਰਪੀ ਦੇਸ਼ਾਂ ਦੇ ਦੌਰੇ 'ਤੇ ਜਾਣ ਵਾਲੀ ਭਾਰਤੀ ਟੀਮ ਅਤੇ ਅੱਠ ਦੇਸ਼ਾਂ 'ਚ ਖੇਡਣ ਦੇ ਮੌਕੇ ਮਿਲੇ। ਉਸੇ ਸਾਲ ਹੀ ਲਿਆਨੋ (ਇਟਲੀ) 'ਚ ਭਾਰਤ ਵੱਲੋਂ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡੇ ਤੇ ਗੋਲਡ ਮੈਡਲ ਜਿੱਤਿਆ। ਉਸੇ ਸਾਲ ਭਾਰਤ-ਪਾਕਿਸਤਾਨ ਅਤੇ ਰੂਸ ਨਾਲ ਟੈਸਟ ਸੀਰੀਜ਼ ਖੇਡੀਆਂ।

ਹਾਲੈਂਡ ਵਿਖੇ ਖੇਡੀ ਗਈ ਵਰਲਡ ਹਾਕੀ ਚੈਂਪੀਅਨਜ਼ ਟਰਾਫੀ 'ਚ ਭਾਰਤੀ ਟੀਮ ਦੀ 1982 'ਚ ਕਪਤਾਨੀ ਕੀਤੀ ਤੇ ਬਰੌਂਜ਼ ਮੈਡਲ ਜਿੱਤਿਆ। ਇਹ ਮੈਡਲ

ਦੁਨੀਆਂ ਦੀਆਂ ਛੇ ਤਕੜੀਆਂ ਟੀਮਾਂ ਨਾਲ ਬੜੀ ਸਖਤ ਟੱਕਰ ਨਾਲ ਜਿੱਤਿਆ। ਉਸੇ ਸਾਲ ਹੀ ਬੰਬਈ ਚੈਂਪੀਅਨਸ਼ਿਪ ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ।

ਕਲਾ ਤੇ ਸ਼ੁਹਰਤ ਕਿਸੇ ਦੀ ਜਾਗੀਰ ਨਹੀਂ ਹੁੰਦੀ। ਇਹ ਪਰਮਾਤਮਾ ਦੀ ਅਪਾਰ ਕ੍ਰਿਪਾ ਨਾਲ ਬਖਸ਼ਿਸ਼ ਹੁੰਦੀ ਹੈ। ਜਿਹਦੇ 'ਤੇ ਮਾਲਕ ਦੀ ਮਿਹਰ ਹੋ ਜਾਵੇ, ਬੱਸ ਉਹਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਜਿਵੇਂ ਸ. ਸੋਢੀ 'ਤੇ ਬਾਬੇ ਨਾਨਕ ਦੀ ਨਿਗ੍ਹਾ ਸਵੱਲੀ ਰਹੀ। ਹਮੇਸ਼ਾ ਚੜ੍ਹਦੀ-ਕਲਾ 'ਚ ਰਹਿ ਕੇ ਉਸ ਨੇ ਹਾਕੀ ਦੇ ਜੌਹਰ ਵਿਖਾਏ ਤੇ ਆਲ ਇੰਡੀਆ ਪੁਲਿਸ ਖੇਡਾਂ ਵਿਚ 15 ਸਾਲ ਪੰਜਾਬ ਪੁਲਿਸ ਵੱਲੋਂ ਖੇਡਿਆ ਅਤੇ 11 ਵਾਰ ਗੋਲਡ ਮੈਡਲ ਅਤੇ 4 ਵਾਰ ਸਿਲਵਰ ਮੈਡਲ ਜਿੱਤ ਕੇ ਮਹਿਕਮੇ ਦਾ ਮਾਣ ਵਧਾਇਆ।

ਚੰਗੀ ਗੇਮ ਸਦਕਾ ਸ. ਸੋਢੀ ਨੂੰ ਵਿਦੇਸ਼ੀ ਕਲੱਬਾਂ ਵਿਚ ਖੇਡਣ ਦੇ ਮੌਕੇ ਮਿਲੇ। ਆਸਟ੍ਰੇਲੀਆ ਦੇ ਮੈਲਬੌਰਨ ਅਤੇ ਪਰਥ ਸ਼ਹਿਰਾਂ ਵਿਚ ਖੇਡਿਆ। ਇਟਲੀ ਦੇ ਮਿਲਾਨ ਸ਼ਹਿਰ ਦੇ 'ਚਰਨੂਸਕੋ ਹਾਕੀ ਕਲੱਬ' ਵਿਚ ਤਿੰਨ ਸਾਲ ਖੇਡ ਕੇ ਗੋਰਿਆਂ ਦਾ ਦਿਲ ਜਿੱਤਿਆ। ਇਟਲੀ ਖੇਡਦੇ ਉਨ੍ਹਾਂ ਜਰਮਨੀ, ਹਾਲੈਂਡ, ਸਵਿਟਜ਼ਰਲੈਂਡ ਤੇ ਹੋਰ ਲਾਗੇ ਲਾਗੇ ਦੇ ਕਈ ਮੁਲਕ ਕਾਰ ਰਾਹੀਂ ਘੁੰਮੇ।

"ਕੁਦਰਤ ਵੀ ਨਿਹਾਲ ਹੁੰਦੀ,
ਹਵਾਵਾਂ ਦਾ ਜਾਵੇ ਰੁਖ਼ ਮੋੜਦਾ।
ਸਮੁੰਦਰਾਂ ਦੀ ਨਾ ਪਰਵਾਹ ਕੀਤੀ,
ਜਾਵੇ ਬੰਨ੍ਹ ਤੋੜਦਾ।
ਸੋਢੀ ਦੀ ਹਾਕੀ ਦਾ ਕਮਾਲ ਜਾਦੂ,
ਇਤਿਹਾਸਕ ਪੰਨੇ ਜਾਵੇ ਜੋੜਦਾ।"

ਭਾਰਤੀ ਹਾਕੀ ਦਾ ਸੁਨਹਿਰੀ ਇਤਿਹਾਸ ਸਿਰਜਣ ਲਈ ਉਸ ਦਾ 1978 ਵਿਚ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨ ਕੀਤਾ ਗਿਆ। ਉਹ ਲੜਕਿਆਂ ਵਿਚੋਂ ਪਹਿਲਾ ਭਾਰਤੀ ਹਾਕੀ ਖਿਡਾਰੀ ਸੀ, ਜਿਸ ਨੂੰ ਇਹ ਮਾਣ ਪ੍ਰਾਪਤ ਹੋਇਐ। ਸ. ਸੋਢੀ ਦੇ ਨਾਲ ਹੀ ਭਾਰਤ ਦੀ ਐਥਲੈਟਿਕਸ ਵਿਚੋਂ ਪ੍ਰਤੀਨਿਧਤਾ ਕਰਨ ਵਾਲੇ 'ਮਹਾਭਾਰਤ' ਸੀਰੀਅਲ ਵਾਲੇ ਭੀਮ ਪ੍ਰਵੀਨ ਕੁਮਾਰ ਨੂੰ ਹੈਮਰ-ਥਰੋ ਵਿਚੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਦਿੱਤਾ ਗਿਆ।

1994 'ਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਭਾਰਤ ਸਰਕਾਰ ਵੱਲੋਂ ਸ. ਸੋਢੀ ਨੂੰ 'ਪੰਜਾਬ ਪੁਲਿਸ ਮੈਡਲ' ਨਾਲ ਨਿਵਾਜ਼ਿਆ ਗਿਆ ਅਤੇ ਉਸੇ ਸਾਲ ਹੀ ਆਸਟ੍ਰੇਲੀਆ ਦੌਰੇ 'ਤੇ ਜਾਣ ਵਾਲੀ ਜੂਨੀਅਰ ਭਾਰਤੀ ਹਾਕੀ ਟੀਮ ਨਾਲ ਬਤੌਰ ਕੋਚ ਗਏ ਤੇ 1997 'ਚ ਕੇਂਦਰ ਸਰਕਾਰ ਵੱਲੋਂ ਅਰਜਨ ਐਵਾਰਡ ਦਿੱਤਾ ਗਿਆ।

ਸਾਬਕਾ ਹਾਕੀ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸ. ਸੁਰਿੰਦਰ ਸਿੰਘ ਸੋਢੀ ਹਾਕੀ ਛੱਡਣ ਤੋਂ ਬਾਅਦ ਡੀ. ਐਸ. ਪੀ., ਐਸ. ਪੀ., ਐਸ. ਐਸ. ਪੀ. ਅਤੇ ਡੀ. ਆਈ. ਜੀ. ਅਹੁਦਿਆਂ 'ਤੇ ਤਾਇਨਾਤ ਹੁੰਦੇ ਹੋਏ ਆਈ. ਜੀ. (ਇੰਸਪੈਕਟਰ ਜਨਰਲ ਆਫ ਪੁਲਿਸ) ਅਹੁਦੇ ਤੋਂ ਸੇਵਾ ਮੁਕਤ ਹੋਏ।

"ਮੌਕੇ ਮੌਕੇ ਸਰਕਾਰਾਂ ਨੇ ਕਦਰ ਪਾਈ
ਉੱਚੇ ਅਹੁਦੇ ਨਿਵਾਜ਼ਦੇ ਰਹੇ।
ਵੱਖ ਵੱਖ ਰੁਤਬੇ ਤੋਂ 'ਆਈ. ਜੀ.' ਤੱਕ 'ਸੋਢੀ',
ਸੁੱਖ ਸਹੂਲਤਾਂ ਮੈਡਲ ਮੋਢੇ ਸਜਾਵੰਦੇ ਰਹੇ। "

ਸੇਵਾ ਮੁਕਤੀ ਪਿਛੋਂ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਉਨ੍ਹਾਂ ਨੂੰ 'ਮੈਰੀਟੋਰੀਅਸ ਸਰਵਿਸਿਜ਼ ਮੈਡਲ' ਦਿੱਤਾ ਗਿਆ। 2009 'ਚ ਡੀ. ਜੀ. ਪੀ. ਵੱਲੋਂ ਦਸ ਸਾਲ ਦੀ ਬੇਦਾਗ ਨੌਕਰੀ ਪ੍ਰਤੀ ਡੀ. ਜੀ. ਪੀ. ਡਿਸਕ ਭੇਟ ਕੀਤੀ ਅਤੇ ਨੌਕਰੀ ਦੌਰਾਨ ਖੂੰਖਾਰ ਕਿਸਮ ਦੇ ਲੋਕਾਂ ਨੂੰ ਨੱਥ ਪਾਉਣੀ ਜਾਂ ਮਾਫੀਆ ਕਿਸਮ ਦੇ ਖਤਰਨਾਕ ਗਿਰੋਹਾਂ ਨੂੰ ਫੜਨ ਲਈ 'ਕਠਿਨ ਪੁਲਿਸ ਸੇਵਾ ਮੈਡਲ' ਭੇਟ ਕੀਤਾ ਗਿਆ। ਤਿੰਨ ਸਾਲ ਦੀ ਪ੍ਰੀਮੀਅਰ ਹਾਕੀ ਲੀਗ ਵਿਚ ਸ. ਸੋਢੀ ਨੂੰ ਭਾਰਤੀ ਹਾਕੀ ਸੰਘ ਵੱਲੋਂ 'ਸ਼ੇਰੇ ਜਲੰਧਰ' ਕਲੱਬ ਦੇ ਮੈਨੇਜਰ ਦੀ ਸੇਵਾ ਸੌਂਪੀ ਗਈ। ਚੰਗੀ ਮਿਹਨਤ ਸਦਕਾ ਟੀਮ ਨੇ ਦੋ ਵਾਰ ਗੋਲਡ ਅਤੇ ਇਕ ਵਾਰ ਸਿਲਵਰ ਮੈਡਲ ਜਿੱਤਿਆ। ਇਨਾਮ ਵਜੋਂ ਟੀਮ ਨੂੰ ਦਸ ਲੱਖ ਰੁਪਿਆ ਵੀ ਦਿੱਤਾ ਗਿਆ।

ਭਾਰਤੀ ਹਾਕੀ ਨੂੰ ਨਵੀਆਂ ਰੂਹਾਂ ਬਖਸ਼ਣ ਵਾਲਾ ਸੁਰਿੰਦਰ ਸਿੰਘ ਸੋਢੀ ਆਪਣੀ ਖੇਡ ਜ਼ਿੰਦਗੀ ਦੀ ਕਾਮਯਾਬੀ 'ਚ ਆਪਣੇ ਕੋਚਾਂ—ਮਾਸਟਰ ਲਹਿੰਬਰ ਦਾਸ ਪੀ. ਟੀ. ਅਤੇ ਗੁਰਚਰਨ ਸਿੰਘ ਬੋਧੀ ਦਾ ਬੜਾ ਵੱਡਾ ਹੱਥ ਸਮਝਦਾ ਹੈ। ਮੁੱਖ ਕੋਚ ਗੁਰਚਰਨ ਸਿੰਘ ਤਾਂ ਆਖਰ ਤੱਕ ਨਾਲ ਰਿਹੈ ਤੇ ਉਹਦੀ ਛਤਰ-ਛਾਇਆ ਹੇਠ ਰਹਿ ਕੇ ਬਹੁਤ ਕੁਝ ਸਿੱਖਿਆ। ਵਿਰੋਧੀਆਂ ਦੀਆਂ ਖੜ੍ਹੀਆਂ ਕੰਧਾਂ ਚੀਰਦਾ ਚਲਾ ਜਾਂਦਾ। ਗੋਲ 'ਤੇ ਗੋਲ ਕਰ ਕੇ ਮੈਦਾਨ ਫਤਿਹ ਕਰਦਾ।

ਜੱਦੀ ਪਿੰਡ ਗੁਣਾਚੌਰ, ਜ਼ਿਲ੍ਹਾ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਸ. ਗੁਰਬਚਨ ਸਿੰਘ ਅਤੇ ਮਾਤਾ ਸੁਰਜੀਤ ਕੌਰ (ਦੋਵੇਂ ਹੁਣ ਇਸ ਦੁਨੀਆਂ 'ਤੇ ਨਹੀਂ ਹਨ) ਨੇ ਲਾਡਲੇ ਬੇਟੇ ਸੁਰਿੰਦਰ ਸਿੰਘ 'ਤੇ ਬੜਾ ਮਾਣ ਕੀਤਾ, ਜਿਸ ਨੇ ਭਾਰਤ ਦੇ ਖੇਡ ਨਕਸ਼ੇ 'ਤੇ ਪਿੰਡ ਦਾ ਨਾਂ ਰੌਸ਼ਨ ਕੀਤਾ। ਉਹ ਪੰਜ ਭਰਾ ਤੇ ਇਕ ਭੈਣ ਹਨ। ਪਰਿਵਾਰ ਵਿਚੋਂ ਸੋਢੀ ਸਭ ਤੋਂ ਛੋਟਾ ਜ਼ਰੂਰ ਹੈ, ਪਰ ਮੱਲਾਂ ਵੱਡੀਆਂ ਵੱਡੀਆਂ ਮਾਰ ਕੇ ਸਭ ਨੂੰ ਹੈਰਾਨ ਕੀਤਾ। ਪਹਿਲੀ ਅਤੇ ਦੂਜੀ ਜਮਾਤ ਦੀ ਪੜ੍ਹਾਈ ਗੁਣਾਚੌਰ ਤੋਂ ਕਰਨ ਉਪਰੰਤ ਪਰਿਵਾਰ ਸਮੇਤ ਜਲੰਧਰ ਆ ਵਸਿਆ ਸੀ।

"ਮਾਂ-ਬਾਪ ਪੱਬਾਂ ਭਾਰ ਰਹਿੰਦੇ,
ਪੁੱਤ ਦੀ ਖੇਡ ਸਰੂਰ ਹੋਵੇ।
ਖਾਣਾ ਖਾਧਾ ਕਿ ਨਹੀਂ ?
ਮਾਂ ਨੂੰ ਫਿਕਰ ਜ਼ਰੂਰ ਹੋਵੇ।
ਪ੍ਰਸੰਨ ਚਿੱਤ ਮਾਪੇ ਉੱਡੇ ਫਿਰਨ,
ਦੁਨੀਆਂ ਵਿਚ ਪੁੱਤ ਮਸ਼ਹੂਰ ਹੋਵੇ।"

ਪੁਰਾਣੇ ਤੇ ਇਤਿਹਾਸਕ ਪਿੰਡ ਗੁਣਾਚੌਰ ਦਾ ਰਾਜਾ ਗੋਪੀ ਚੰਦ ਦਰਬਾਰ ਲਾਇਆ ਕਰਦਾ ਸੀ। ਉਚਾਈ ਵਾਲੇ ਕਿਲ੍ਹੇ 'ਚ ਬਹਿ ਕੇ ਰਾਜਾ ਆਮ ਲੋਕਾਂ ਦੀਆਂ ਫਰਿਆਦਾਂ ਸੁਣਦਾ ਤੇ ਫੈਸਲੇ ਕਰਦਾ। ਹਾਥੀ ਨਾਂ ਦਾ ਬਾਜ਼ੀਗਰ ਵੀ ਰੱਖਿਆ ਹੋਇਆ ਸੀ, ਜੋ ਆਪਣੇ ਕੌਤਕ ਵਿਖਾ ਕੇ ਰਾਜੇ ਅਤੇ ਪਰਜਾ ਨੂੰ ਖੁਸ਼ ਕਰਿਆ ਕਰਦਾ ਸੀ। ਇਕ ਦਿਨ ਉਸ ਬਾਜ਼ੀਗਰ ਨੇ ਬਾਹਾਂ ਨਾਲ ਛੱਜ ਬੰਨ੍ਹ ਉਚਾਈ ਤੋਂ ਖੜ੍ਹ ਪੰਛੀਆਂ ਵਾਂਗ ਅਸਮਾਨ 'ਚ ਉੱਡਿਆ ਤੇ ਥੋੜ੍ਹੀ ਦੂਰ ਲਾਲੋਮਜ਼ਾਰੇ ਕੋਲ ਜਾ ਕੇ ਡਿੱਗ ਪਿਆ ਤੇ ਮੌਤ ਹੋ ਗਈ। ਹੁਣ ਪੰਜਾਬ ਦੇ ਸਾਰੇ ਬਾਜ਼ੀਗਰ ਉਸੇ ਥਾਂ 'ਤੇ ਹਰ ਸਾਲ ਮੇਲਾ ਲਾਉਂਦੇ ਹਨ ਤੇ ਆਪਣੀਆਂ ਕਲਾਬਾਜ਼ੀਆਂ ਵਿਖਾਉਂਦੇ ਹਨ। ਰਾਜੇ ਦਾ ਉਹ ਕਿਲ੍ਹਾ ਹੁਣ ਢਹਿ ਢੇਰੀ ਹੋ ਗਿਆ। ਕਿਲ੍ਹੇ ਦੀ ਕੋਈ ਨਿਸ਼ਾਨੀ ਜਾਂ ਇੱਟਾਂ ਵਗੈਰਾ ਹੈ ਜਾਂ ਅਲੋਪ ਹੋ ਗਈਆਂ, ਪਤਾ ਨਹੀਂ। ਇਸੇ ਪਿੰਡ ਵਿਚ ਰਾਜਾ ਸਾਹਿਬ ਮਹਾਪੁਰਸ਼ਾਂ ਦੇ ਨਾਂ 'ਤੇ 'ਰਾਜਾ ਸਾਹਿਬ ਸਪੋਰਟਸ ਕਲੱਬ' ਸਥਾਪਤ ਕੀਤਾ ਹੋਇਐ, ਜਿਥੋਂ ਨਾਮਵਰ ਵੇਟ ਲਿਫਟਰ ਤੇ ਪਾਵਰ ਲਿਫਟਰ ਪੈਦਾ ਹੋਏ ਨੇ ਤੇ ਵੱਖ ਵੱਖ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਕਰ ਰਹੇ ਨੇ ਤੇ ਕੁਝ ਵਿਦੇਸ਼ਾਂ 'ਚ ਬੈਠੇ ਕਲੱਬ ਦਾ ਨਾਂ ਉੱਚਾ ਕਰ ਰਹੇ ਨੇ।

ਰਾਜਾ ਗੋਪੀ ਚੰਦ ਦਾ ਇਤਿਹਾਸ ਅਜੋਕੀ ਨੌਜਵਾਨ ਪੀੜ੍ਹੀ ਯਾਦ ਰੱਖੇਗੀ ਜਾਂ ਨਹੀਂ, ਵੱਖਰੀ ਗੱਲ ਹੈ, ਪਰ ਭਾਰਤੀ ਹਾਕੀ ਦੀ ਜਦੋਂ ਗੱਲ ਹੋਇਆ ਕਰੇਗੀ ਤਾਂ ਖੇਡ ਮਹਿਫਿਲਾਂ ਜਾਂ ਲੋਕ-ਸੱਥਾਂ 'ਚ ਸੁਰਿੰਦਰ ਸਿੰਘ ਸੋਢੀ ਦੀਆਂ ਬਾਤਾਂ ਜ਼ਰੂਰ ਹੋਇਆ ਕਰਨਗੀਆਂ। ਕਿਸੇ ਵੀ ਖਿੱਤੇ ਦੇ ਨਾਇਕਾਂ/ਬਹਾਦਰਾਂ ਦੀਆਂ ਬਾਤਾਂ ਲੋਕ-ਤੱਥ/ਲੋਕ-ਗੀਤ ਜ਼ਰੂਰ ਬਣ ਜਾਂਦੇ ਹਨ। ਜਿਵੇਂ ਸ. ਸੋਢੀ ਨੂੰ ਭਾਰਤੀ ਹਾਕੀ 'ਚ ਵੱਡੀਆਂ ਪ੍ਰਾਪਤੀਆਂ ਦਾ ਨਾਇਕ ਮੰਨ ਕੇ ਗੀਤਕਾਰਾਂ ਨੇ ਕਲਮ ਚਲਾਈ, "ਹਾਕੀ ਵਿਚ ਉੱਚਾ ਰੁਤਬਾ ਪਾ ਲਿਆ ਸੋਢੀ ਨੇ।" ਇਹ ਗੀਤ ਜਸਵੀਰ ਗੁਣਾਚੌਰੀਏ ਨੇ ਲਿਖਿਆ ਤੇ ਗਿੱਲ ਹਰਦੀਪ ਨੇ ਗਾਇਆ। ਇਕ ਗੀਤ ਮੱਖਣ ਬਰਾੜ ਨੇ ਵੀ ਲਿਖਿਆ, "ਸੁਣੋ, ਸੁਰਿੰਦਰ ਸੋਢੀ ਨੇ ਜੋ ਮੱਲਾਂ ਮਾਰੀਆਂ ਨੇ।"

ਸ. ਸੋਢੀ ਰਾਜਾ ਸਾਹਿਬ ਮਹਾਪੁਰਸ਼ਾਂ ਦੇ ਬੜੇ ਉਪਾਸ਼ਕ ਹਨ। ਜਦੋਂ ਵੀ ਸਮਾਂ ਮਿਲਦਾ, ਮਜ਼ਾਰੇ ਰਾਜਾ ਸਾਹਿਬ ਦੇ ਦਰਬਾਰ ਜ਼ਰੂਰ ਨਤਮਸਤਕ ਹੁੰਦੇ। ਉਹ ਅੱਜ ਜੋ ਵੀ ਹਨ, ਰਾਜਾ ਸਾਹਿਬ ਦੀ ਕ੍ਰਿਪਾ ਸਮਝ ਰਹੇ ਹਨ।

"ਮਹਾਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ
ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ।
ਬਣ ਖੇਡ ਮੈਦਾਨਾਂ ਦੇ ਸ਼ੇਰ ਉਹ,
ਨਾਂ ਦੇਸ਼ ਕੌਮ ਦਾ ਚਮਕਾ ਜਾਂਦੇ।"

ਇਤਿਹਾਸ ਗਵਾਹ ਹੈ ਕਿ ਭਾਰਤੀ ਹਾਕੀ ਟੀਮ ਲਈ ਸਿਲੈਕਟ ਹੋਣ ਵਾਲਾ ਤੇ ਸਭ ਤੋਂ ਛੋਟੀ ਉਮਰ ਦਾ ਉਹ ਪਹਿਲਾ ਖਿਡਾਰੀ ਹੈ। ਜੋ ਗਿਆਰ੍ਹਵੀਂ ਕਲਾਸ 'ਚ ਪੜ੍ਹਦਿਆਂ ਹੀ ਭਾਰਤੀ ਹਾਕੀ ਦੀਆਂ ਜੂਨੀਅਰ ਤੇ ਸੀਨੀਅਰ ਟੀਮਾਂ 'ਚ ਖੇਡਣ ਲੱਗਾ। ਦੋਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ, ਲਾਡੋਵਾਲੀ ਰੋਡ, ਜਲੰਧਰ ਤੋਂ ਉਪਰੰਤ ਉਚੇਰੀ ਵਿੱਦਿਆ ਲਾਇਲਪੁਰ ਖਾਲਸਾ ਕਾਲਜ ਤੋਂ ਕੀਤੀ ਤੇ ਜ਼ਬਰਦਸਤ ਹਾਕੀ ਵੀ ਖੇਡੀ। ਖੇਡ ਦੇ ਝੰਡੇ ਝੂਲਦੇ ਰਹੇ। ਖੇਡ ਮੈਦਾਨਾਂ 'ਚ ਪੂਰੀ ਧਾਂਕ ਜਮਾ ਕੇ ਰੱਖੀ।

ਸ. ਸੁਰਿੰਦਰ ਸਿੰਘ ਸੋਢੀ ਦੇ ਮਿੱਤਰਾਂ ਵਿਚ ਅਜੀਤਪਾਲ ਸਿੰਘ, ਸਵ. ਸੁਰਜੀਤ ਸਿੰਘ, ਬੀ. ਪੀ. ਗੋਬਿੰਦਾ, ਅਸ਼ੋਕ ਕੁਮਾਰ (ਧਿਆਨ ਚੰਦ ਦਾ ਬੇਟਾ), ਅਸਲਮ ਸ਼ੇਰ ਖਾਨ, ਜਫਰ ਇਕਬਾਲ, ਮੁਹੰਮਦ ਸ਼ਾਹਿਦ, ਐਮ. ਕੇ. ਕੌਸ਼ਿਕ, ਦਵਿੰਦਰ ਸਿੰਘ, ਰਾਜਿੰਦਰ ਸਿੰਘ, ਗੁਰਮੇਲ ਸਿੰਘ, ਚਰਨਜੀਤ ਕੁਮਾਰ, ਡੁੰਗ ਡੁੰਗ, ਵੀ. ਵਾਸਕਰਨ ਤੇ ਹੋਰ ਨਾਮੀ ਖਿਡਾਰੀ ਸ਼ਾਮਲ ਹਨ, ਜਿਨ੍ਹਾਂ ਨਾਲ ਖੇਡਿਆ।

ਜੀਵਨ ਸਾਥਣ ਰਾਜਵਿੰਦਰ ਕੌਰ ਪੀਐਚ. ਡੀ. ਹੈ। ਦੋ ਬੇਟੇ—ਅਜੈਪਾਲ ਸਿੰਘ ਛੋਕਰ ਤੇ ਅਮਰਿੰਦਰ ਸਿੰਘ ਛੋਕਰ; ਵੱਡੀ ਬਹੂ ਹਿਨਾ ਛੋਕਰ ਤੇ ਛੋਟੀ ਗਗਨਦੀਪ ਕੌਰ ਛੋਕਰ ਹੈ। ਪੋਤਰੇ ਅਬਿਤਾਜ਼ ਸਿੰਘ ਛੋਕਰ ਤੇ ਅਰਵਿੰਨ ਸਿੰਘ ਛੋਕਰ ਹਨ। ਪਿਤਾ ਦੇ ਰਾਹਾਂ 'ਤੇ ਚਲਦੇ ਬੇਟੇ ਵੀ ਖੇਡ ਮੈਦਾਨਾਂ ਵਿਚ ਕੁੱਦੇ ਸਨ। ਵੱਡਾ ਬੇਟਾ ਅਜੈਪਾਲ ਨਾਰਥ ਇੰਡੀਆ ਸਕੂਲਾਂ ਦਾ ਤਕੜਾ ਬਾਸਕਿਟਬਾਲ ਖਿਡਾਰੀ ਰਿਹੈ, ਜਦੋਂ ਕਿ ਛੋਟਾ ਅਮਰਿੰਦਰ ਜੂਨੀਅਰ ਪੰਜਾਬ ਕ੍ਰਿਕਟ ਖੇਡਿਆ।

ਵਡਮੁੱਲੀਆਂ ਮੱਲਾਂ ਮਾਰਨ ਕਰਕੇ ਸ. ਸੋਢੀ ਦੀਆਂ ਦੇਸ਼-ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਪਿਆਰ ਨਾਲ ਝੋਲੀਆਂ ਭਰੀਆਂ। ਹਰ ਮੁਲਕ ਉਹਦੇ ਯਾਰ-ਬੇਲੀ ਤੇ ਪ੍ਰਸ਼ੰਸਕ ਬੈਠੇ ਹਨ। ਉਹ ਕਿਤੇ ਵੀ ਚਲਾ ਜਾਵੇ, ਹੱਥੀਂ ਛਾਂਵਾਂ ਹੁੰਦੀਆਂ ਨੇ। ਦੁਨੀਆਂ ਦੇ ਕੋਨੇ ਕੋਨੇ 'ਚ ਹੁੰਦੇ ਟੂਰਨਾਮੈਂਟਾਂ 'ਚ ਚਾਹੁਣ ਵਾਲੇ ਉਚੇਚੇ ਤੌਰ 'ਤੇ ਸੱਦ ਕੇ ਪੂਰਾ ਮਾਣ-ਤਾਣ ਕਰਦੇ ਹਨ। 45 ਤੋਂ 50 ਦੇਸ਼ਾਂ 'ਚ ਉਹ ਘੁੰਮ ਚੁੱਕੈ।

ਲਾਇਲਪੁਰ ਖਾਲਸਾ ਕਾਲਜ ਦੇ ਪੁਰਾਣੇ ਸਾਥੀ ਖਿਡਾਰੀ ਤੇ ਕਲਾਸਮੇਟ ਸ਼ੰਕਰੀਏ ਪਾਲੇ ਨੇ ਵੀ ਸ. ਸੋਢੀ ਨੂੰ ਸ਼ਾਂਤ-ਸੁਭਾਅ, ਯਾਰਾਂ ਦਾ ਯਾਰ ਤੇ ਤਕੜਾ ਖਿਡਾਰੀ ਦੱਸਿਆ। ਆਪਣੇ ਆਪ ਨੂੰ ਫਿੱਟ ਰੱਖਣ ਲਈ ਰੋਜ਼ਾਨਾ ਸਵੇਰੇ ਸਾਢੇ ਪੰਜ ਉਠ ਕੇ ਉਹ ਐਕਸਰਸਾਈਜ਼ ਵਗੈਰਾ ਕਰ ਕੇ ਤਿਆਰ ਹੋ ਜਾਂਦੈ। ਚਿਹਰੇ ਦੀ ਤਾਜ਼ਗੀ ਤੇ ਮੁਸਕਾਨ ਤੋਂ ਪਤਾ ਲੱਗ ਜਾਂਦੈ ਕਿ ਉਹ ਅਜੋਕੇ ਨੌਜਵਾਨਾਂ ਨਾਲੋਂ ਹਾਲੇ ਵੀ ਫਿੱਟ ਹੈ। ਘਰ 'ਚ ਬਣੇ ਬਗੀਚੇ 'ਚ ਖੇਡ ਕੇ ਹਾਕੀ ਦਾ ਸ਼ੌਕ ਪੂਰਾ ਕਰ ਲਿਆ ਜਾਂਦੈ। ਉਹ ਭਾਰਤੀ ਹਾਕੀ ਦੇ ਇਤਿਹਾਸ ਵਿਚ ਹਮੇਸ਼ਾ ਗੂੰਜਣ ਵਾਲਾ ਸਦਾ-ਬਹਾਰ ਖਿਡਾਰੀ ਹੈ। ਅਜਿਹੇ ਹੀਰੋ ਖਿਡਾਰੀਆਂ 'ਤੇ ਸਾਨੂੰ, ਸਮਾਜ ਅਤੇ ਦੇਸ਼ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

"ਖਿਡਾਰੀਆਂ ਨੇ ਮਿੱਟੀ ਦੀ ਲਾਜ ਰੱਖੀ,
ਖੇਡ ਮੈਦਾਨਾਂ 'ਚ ਹਿੱਕਾਂ ਤਾਣਦੇ ਰਹੇ।
ਭਾਰਤੀ ਹਾਕੀ 'ਚ ਨਵਾਂ ਇਤਿਹਾਸ ਰਚ ਕੇ,
ਭਰ ਜ਼ਿੰਦਗੀ ਮੌਜਾਂ ਮਾਣਦੇ ਰਹੇ।
'ਨ੍ਹੇਰੀਆਂ, ਝੱਖੜਾਂ 'ਚ ਕੀਤੀ ਤਪੱਸਿਆ ਕਿਵੇਂ,
ਸੋਢੀ ਸੂਰਮੇ ਹਾਕੀ ਦਾ ਮੁੱਲ ਜਾਣਦੇ ਨੇ।
ਖੇਡ ਸ਼ੌਕੀਨ 'ਜੱਬੋਵਾਲੀਏ ਇਕਬਾਲ' ਜਿਹੇ,
ਸੁਪਰ ਸਟਾਰ ਖਿਡਾਰੀਆਂ ਦਾ ਨਿੱਘ ਮਾਣਦੇ ਨੇ।"

# ਭਾਰਤੀ ਫੁੱਟਬਾਲ ਦਾ ਚਮਕਦਾ ਸਿਤਾਰਾ—ਗੁਰਜਿੰਦਰ ਸੰਨੀ ਮੰਗੂਵਾਲ

ਜ਼ਿਲ੍ਹਾ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪ੍ਰਸਿੱਧ ਪਿੰਡ ਮੰਗੂਵਾਲ ਦੇ ਗੁਰਜਿੰਦਰ ਸੰਨੀ ਨੇ ਭਾਰਤੀ ਟੀਮ 'ਚ ਖੇਡਣ ਉਪਰੰਤ ਕਲਕੱਤੇ ਦੇ ਪ੍ਰਸਿੱਧ 'ਮੋਹਣ ਬਗਾਨ' ਕਲੱਬ ਦੀ ਕਮਾਂਡ ਸੰਭਾਲੀ। ਉਹਦੀ ਕਪਤਾਨੀ ਹੇਠ ਟੀਮ ਨੇ ਭਾਰਤ ਦੇ ਵੱਖ ਵੱਖ ਕਲੱਬਾਂ—ਗੋਆ ਦੀ ਚਰਚਲ, ਕਲਕੱਤੇ ਦੀ ਈਸਟ ਬੰਗਾਲ, ਚੇਨੱਈ ਸਿਟੀ ਦੀ ਐਫ਼ ਸੀ., ਕੇਰਲਾ ਦੀ ਗੋਲਕਮ, ਦਿੱਲੀ ਦੀ ਇੰਡੀਅਨ ਐਰੋ, ਸ਼੍ਰੀਨਗਰ ਦੀ ਰੀਅਲ ਕਸ਼ਮੀਰ, ਮਨੀਪੁਰ ਦੀ ਨਿਰੋਕਾ ਅਤੇ ਮਿਜ਼ੋਰਮ ਦੀ ਐਂਜਲ ਐਫ਼ ਸੀ. ਨਾਲ ਫਸਵੇਂ ਮੈਚ ਖੇਡੇ।

ਕਲੱਬਾਂ ਦੇ ਆਪਸੀ ਮੈਚ ਚਲਦੇ ਰਹਿੰਦੇ ਸਨ। ਪੁਆਇੰਟ ਸਿਸਟਮ ਵਿਚ ਵੱਧ ਨੰਬਰਾਂ ਵਾਲਾ ਕਲੱਬ ਚੈਂਪੀਅਨਸ਼ਿਪ ਦਾ ਦਾਅਵੇਦਾਰ ਬਣਦਾ। ਪੂਰੇ ਭਾਰਤ ਦੇ 12 ਕਲੱਬਾਂ ਦੀਆਂ ਟੋਟਲ 12 ਟੀਮਾਂ ਹਨ। ਇਸ ਸੀਜ਼ਨ ਉਨ੍ਹਾਂ ਦਾ ਕਲੱਬ ਮੇਨ ਲੀਗ ਜਿੱਤ ਕੇ ਚੈਂਪੀਅਨ ਬਣਿਆ। ਸਾਰੇ ਖਿਡਾਰੀਆਂ ਨੇ ਦਿਲੋ-ਜਾਨ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਸ਼ਿਲਡਨ ਪੌਲ ਕਲਕੱਤਾ, ਆਸ਼ੂਤੋਸ਼ ਮਹਿਤਾ ਬੰਬੇ, ਚਲੋਵਾ ਮਿਜ਼ੋਰਮ, ਦਾਨਾ ਚੰਦਰਾ ਮਨੀਪੁਰ, ਬਿਕਰਮਜੀਤ ਸਿੰਘ ਪੰਜਾਬ (ਗੁਰਦਾਸਪੁਰ), ਬਿਰੋਟੋ ਕੇਰਲਾ, ਵੀ. ਪੀ. ਸੁਹੇਲ ਕੇਰਲਾ, ਸ਼ਿਲਟਨ ਡੀ ਸਿਲਵਾ ਬੰਬੇ, ਸਾਹਿਲ ਕਲਕੱਤਾ ਤੇ ਨੌਰਮ ਮਨੀਪੁਰ ਉਸ ਦੇ ਸਾਥੀ ਖਿਡਾਰੀ ਸਨ।

ਖੇਡ ਮੈਦਾਨਾਂ 'ਚ ਤਪ ਕੇ ਸੋਨਾ ਬਣਿਆ ਸੰਨੀ 2001 ਤੋਂ 2007 ਤੱਕ ਚੰਡੀਗੜ੍ਹ ਦੀ ਫੁੱਟਬਾਲ ਅਕੈਡਮੀ 'ਚ ਖੇਡਿਆ। ਅਕੈਡਮੀ ਖੇਡਦੇ ਭਾਰਤ ਦੀਆਂ ਸਮੂਹ ਅਕੈਡਮੀਆਂ ਨਾਲ ਸਕੂਲੀ ਪੱਧਰ ਮੈਚ ਖੇਡੇ। ਕਲੱਬ ਵੱਲੋਂ ਖੇਡਦਿਆਂ ਜਰਮਨ, ਬੰਗਲਾਦੇਸ਼ ਅਤੇ ਲੋਕਲ ਮੈਚ ਖੇਡੇ। 2005 'ਚ ਚੰਡੀਗੜ੍ਹ ਅਕੈਡਮੀ ਵੱਲੋਂ ਅੰਡਰ-17 ਦਿੱਲੀ 'ਚ 'ਸਪਰੋਤੋ ਕੱਪ' ਖੇਡਿਆ। ਬੜੇ ਜ਼ੋਰ ਨਾਲ ਨੇਪਾਲ ਨੂੰ ਹਰਾ ਕੇ 'ਸਪਰੋਤੋ ਕੱਪ' ਜਿੱਤਿਆ। ਗੁਰਜਿੰਦਰ ਸੰਨੀ ਪੰਜਾਬ, ਰਣਦੀਪ ਗੁਰਦਾਸਪੁਰ, ਰਵਿੰਦਰ ਪੰਜਾਬ

(ਸਰਾਭਾ ਪਿੰਡ), ਪਵਨ ਕੁਮਾਰ, ਸ਼ਹਿਨਾਜ਼, ਅਬਦੁਲ ਸ਼ਮੀਮ ਮਲੇਰਕੋਟਲਾ, ਗੁਰਤੇਜ਼, ਗੁਰਪ੍ਰੀਤ (ਇਸ ਵਕਤ ਪੰਜਾਬ ਪੁਲਿਸ), ਰਣਦੀਪ ਤੇ ਪਵਨ (ਇੰਡੀਅਨ ਸੁਪਰ ਲੀਗ ਦੇ ਰਹਿ ਚੁੱਕੇ ਟਾਪ ਖਿਡਾਰੀ) ਸਨ। ਉਸ ਕੱਪ ਦੀ ਜਿੱਤ ਸਦਕਾ ਵੱਖ ਵੱਖ ਕਲੱਬਾਂ (ਕੰਪਨੀਆਂ) ਵਾਲੇ ਚੰਗੇ ਖਿਡਾਰੀਆਂ ਨੂੰ ਲੈ ਜਾਂਦੇ ਸਨ।

ਚੰਡੀਗੜ੍ਹ ਅਕੈਡਮੀ 'ਚ 6 ਸਾਲ ਦਾ ਇਕਰਾਰਨਾਮਾ ਮੁੱਕਦੇ ਹੀ ਉਹ ਜਮਸ਼ੇਦਪੁਰ (ਝਾਰਖੰਡ) ਦੀ 'ਟਾਟਾ ਫੁੱਟਬਾਲ ਅਕੈਡਮੀ' ਚਲਾ ਗਿਆ। ਟਾਟਾ ਅਕੈਡਮੀ ਭਾਰਤ ਦੀ ਨੰਬਰ ਵੰਨ ਅਕੈਡਮੀ ਹੈ। ਇਸ ਅਕੈਡਮੀ ਵੱਲੋਂ ਖੇਡੇ 70-75 ਫੀਸਦੀ ਖਿਡਾਰੀਆਂ ਨੂੰ ਹਰ ਮਹਿਕਮੇ ਜਾਂ ਕੰਪਨੀਆਂ ਵਾਲੇ ਖਿੜੇ ਮੱਥੇ ਸਵੀਕਾਰ ਕਰਦੇ ਹਨ ਤੇ ਕਿਸੇ ਨਾ ਕਿਸੇ ਪਾਸੇ ਨੌਕਰੀ ਮਿਲ ਹੀ ਜਾਂਦੀ ਹੈ। ਓਲੰਪਿਕਸ ਜਾਣ ਵਾਲੇ ਲਗਪਗ ਸਾਰੇ ਅਥਲੀਟ ਟਾਟਾ ਦੀ ਹੀ ਦੇਣ ਹੁੰਦੇ ਹਨ। ਦੋ ਸਾਲ ਸੰਨੀ ਅੰਡਰ-19 ਟਾਟਾ ਵੱਲੋਂ ਖੇਡਿਆ। ਜ਼ਿਕਰਯੋਗ ਹੈ ਕਿ ਰਤਨ ਟਾਟਾ ਦਾ ਸਾਰੀ ਦੁਨੀਆਂ 'ਚ ਸਟੀਲ ਦਾ ਕਾਰੋਬਾਰ ਹੈ।

ਸੰਨੀ ਅਨੁਸਾਰ ਰਤਨ ਟਾਟਾ ਬੜਾ ਚੰਗਾ ਤੇ ਖਿਡਾਰੀਆਂ ਦਾ ਖਿਆਲ ਰੱਖਣ ਵਾਲਾ ਦਾਨੀ ਇਨਸਾਨ ਹੈ। ਟਾਟਾ ਵੱਲੋਂ ਫੁੱਟਬਾਲ ਦੇ ਨਾਲ ਨਾਲ ਅਥਲੈਟਿਕਸ, ਕ੍ਰਿਕਟ ਤੇ ਹੋਰ ਗੇਮਾਂ ਦੀਆਂ ਅਕੈਡਮੀਆਂ ਵੀ ਚਲਾਈਆਂ ਜਾਂਦੀਆਂ ਹਨ। ਖਿਡਾਰੀਆਂ ਲਈ ਵੈਸ਼ਨੋ, ਨਾਨ-ਵੈਸ਼ਨੋ ਖਾਣੇ ਦਾ ਪੂਰਾ ਪੂਰਾ ਖਿਆਲ ਰੱਖਿਆ ਜਾਂਦੈ। ਸਵੇਰ, ਦੁਪਹਿਰ, ਸ਼ਾਮ ਦੇ ਸਿਹਤਮੰਦ ਖਾਣੇ ਦਾ ਪੂਰਾ ਮੈਨਿਊ ਪਹਿਲਾਂ ਹੀ ਬਣਾਇਆ ਹੁੰਦੈ। ਖੇਡ ਖੁਰਾਕ ਤੋਂ ਇਲਾਵਾ ਰਿਹਾਇਸ਼, ਗੱਡੀਆਂ ਦਾ ਭਾੜਾ ਤੇ ਕੰਪਿਊਟਰ ਦੀ ਟ੍ਰੇਨਿੰਗ ਤੇ ਜ਼ਿੰਦਗੀ ਦੇ ਆਮ ਵਰਤਾਰੇ 'ਚ ਵਿਚਰਨ ਦੀਆਂ ਕਲਾਸਾਂ ਦਿੱਤੀਆਂ ਜਾਂਦੀਆਂ ਹਨ।

ਟਾਟਾ ਵਾਲੇ ਨਵੇਂ ਖਿਡਾਰੀਆਂ ਨੂੰ ਚੰਗੀ ਤਰ੍ਹਾਂ ਟਰਾਇਲ ਲੈ ਕੇ ਫਿਰ ਕਲੱਬ ਵਿਚ ਲੈਂਦੇ ਹਨ। ਸੰਨੀ ਨੇ ਟਾਟਾ ਅਕੈਡਮੀ 'ਚ ਜਾਣ ਲਈ ਬੜਾ ਪਸੀਨਾ ਵਹਾਇਆ। ਇਕ ਹਜ਼ਾਰ ਤੋਂ ਵੱਧ ਟਰਾਇਲ ਦੇਣ ਆਏ ਖਿਡਾਰੀਆਂ 'ਚੋਂ ਸਿਰਫ ਚਾਰ ਰੱਖਣੇ ਸਨ। ਇਕ ਹਫਤਾ ਬੜਾ ਜ਼ੋਰ ਲੁਆਇਆ ਤੇ ਚਾਰ ਖਿਡਾਰੀਆਂ 'ਚੋਂ ਇਕ ਗੁਰਜਿੰਦਰ ਸੰਨੀ ਵੀ ਸੀ।

ਸੰਨੀ ਮੁਤਾਬਕ ਖੁਰਾਕ ਵੀ ਚੰਗੀ ਮਿਲਦੀ ਰਹੀ। ਅੰਡਰ-19 ਖੇਡਦੇ ਸਵੇਰ, ਦੁਪਹਿਰ, ਸ਼ਾਮ ਦਾ ਖਾਣਾ ਅਕੈਡਮੀਆਂ ਵੱਲੋਂ ਦਿੱਤਾ ਜਾਂਦਾ। ਉੱਚ ਪੱਧਰ (ਪ੍ਰੋਫੈਸ਼ਨਲ) ਖਿਡਾਰੀ ਬਣਨ 'ਤੇ ਕਮਰਾ ਤੇ ਖਾਣਾ ਬਣਾਉਣ ਲਈ ਰਸੋਈਆ (ਕੁਕ) ਮਿਲ ਗਿਆ। ਮਨ ਮਰਜ਼ੀ ਦਾ ਖਾਣਾ ਬਣਵਾ ਕੇ ਖਾਧਾ। ਟਾਟਾ ਅਕੈਡਮੀ ਵਾਲੇ ਖੁਰਾਕ ਵੀ ਰੂਹ ਨਾਲ ਦਿੰਦੇ ਹਨ ਤੇ ਪੈਸੇ ਵੀ ਦਿਲ ਖੋਲ੍ਹ ਕੇ ਦਿੰਦੇ ਹਨ।

ਪੂਨੇ ਖੇਡਣ ਦਾ ਵੀ ਦਿਲਚਸਪ ਕਿੱਸਾ ਹੈ। ਉਹ ਕਲਕੱਤੇ ਮੈਚ ਖੇਡ ਰਿਹਾ ਸੀ। ਖਚਾਖਚ ਭਰੇ ਸਟੇਡੀਅਮ ਵਿਚ ਉਹਦੀ ਖੇਡ ਵੇਖ ਦਰਸ਼ਕਾਂ ਦੀਆਂ ਤਾੜੀਆਂ ਵੱਜ ਰਹੀਆਂ ਸਨ। ਪੂਨੇ ਦਾ ਪ੍ਰਸਿੱਧ ਗੋਰਾ ਕੋਚ ਟੀ. ਵੀ. ਰਾਹੀਂ ਉਹਨੂੰ ਖੇਡਦੇ ਵੇਖ ਰਿਹਾ ਸੀ। ਜੌਹਰੀ ਨੇ ਹੀਰੇ ਦੀ ਪਛਾਣ ਕੀਤੀ। ਸੰਨੀ ਦੀ ਖੇਡ ਦਾ ਕਾਇਲ ਗੋਰਾ ਕੋਚ ਫਲਾਈਟ ਫੜ ਸਿੱਧਾ ਪੂਨੇ ਤੋਂ ਗੁਰਜਿੰਦਰ ਕੋਲ ਆਇਆ, ਗੱਲਬਾਤ ਕੀਤੀ ਤੇ ਉਹਨੂੰ ਨਾਲ ਲੈ ਗਿਆ। ਉਹਨੇ ਵਧੀਆ ਕੋਚਿੰਗ ਦੇ ਕੇ ਸੰਨੀ ਨੂੰ ਤਰਾਸ਼ਿਆ। ਹੋਰ ਲੋਕਲ ਕਲੱਬਾਂ ਨਾਲ ਉਨ੍ਹਾਂ ਦੇ ਮੈਚ ਅਕਸਰ ਚਲਦੇ ਰਹਿੰਦੇ ਸਨ। ਇਕ ਵਾਰ ਸਿੰਘਾਪੁਰ ਖੇਡਣ ਜਾਣ ਦਾ ਮੌਕਾ ਮਿਲਿਆ। ਪ੍ਰੋਫੈਸ਼ਨਲ ਖਿਡਾਰੀ ਵਜੋਂ ਭਾਰਤ ਦੀ ਸੀਨੀਅਰ ਅੰਡਰ-23 ਟੀਮ ਦਾ ਖਿਡਾਰੀ ਬਣ ਚਾਰ ਸਾਲ ਪੂਨੇ ਖੇਡਿਆ ਤੇ ਪ੍ਰੀ-ਓਲੰਪਿਕਸ ਕਤਰ ਖੇਡਣ ਦਾ ਮੌਕਾ ਮਿਲਿਆ। ਜੇ ਉਹ ਉਥੋਂ ਕੁਆਲੀਫਾਈ ਹੋ ਜਾਂਦਾ ਤਾਂ ਲੰਡਨ ਓਲੰਪਿਕਸ ਵਾਸਤੇ ਚੁਣਿਆ ਜਾਣਾ ਸੀ। ਇਹ ਉਹਦੀ ਖੇਡ ਜ਼ਿੰਦਗੀ 'ਚ ਵੱਡੀ ਪ੍ਰਾਪਤੀ ਹੋਣੀ ਸੀ।

ਗੁਰਪਾਲ ਫੌਜੀ ਨਾਂ ਨਾਲ ਜਾਣੇ ਜਾਂਦੇ ਗੁਰਜਿੰਦਰ ਦਾ ਪਿਤਾ ਵੀ ਇਲਾਕੇ ਦਾ ਨਾਮਵਰ ਫੁੱਟਬਾਲ ਖਿਡਾਰੀ ਰਹਿ ਚੁੱਕੈ। ਚਾਰ ਵਾਰ ਉਹ ਨੈਸ਼ਨਲ ਖੇਡਿਆ। ਭਾਰਤੀ ਟੀਮ ਦੀ ਸਿਲੈਕਸ਼ਨ ਵਾਸਤੇ ਮਾਹਿਲਪੁਰ ਵਿੰਗ ਚਲਦੇ ਟਰਾਇਲਾਂ 'ਚ ਕਿਸੇ ਵਿਰੋਧੀ ਖਿਡਾਰੀ ਤੋਂ ਉਹਦੀ ਤਕੜੀ ਗੇਮ ਬਰਦਾਸ਼ਤ ਨਾ ਹੋਣ 'ਤੇ ਯੋਜਨਾ ਤਹਿਤ ਉਹਨੇ ਉਹਦੇ ਪੱਟ 'ਤੇ ਸੱਟ ਮਾਰੀ ਤੇ ਗੁਰਪਾਲ ਉਥੇ ਹੀ ਡਿੱਗ ਪਿਆ। ਜੇ ਸੱਟ ਨਾ ਲੱਗਦੀ ਤਾਂ ਉਸ ਨੇ ਭਾਰਤੀ ਟੀਮ ਲਈ ਚੁਣਿਆ ਜਾਣਾ ਸੀ।

ਸੰਨੀ ਅੱਜ ਜੋ ਵੀ ਹੈ, ਖਿਡਾਰੀ ਤੇ ਕੋਚ ਪਿਤਾ ਦੀ ਬਦੌਲਤ ਹੈ। ਗੁਰਪਾਲ ਫੌਜੀ ਪਿਤਾ ਸਕੂਲਾਂ 'ਚੋਂ ਹੁੰਦਾ ਹੋਇਆ ਬੰਗਾ ਕਾਲਜ ਦਾ ਤਕੜਾ ਫੁੱਟਬਾਲ ਖਿਡਾਰੀ ਬਣਿਆ। ਲਾਗਲੇ ਪਿੰਡ ਕਾਹਮੇ ਹਾਈ ਸਕੂਲ ਉਹਨੇ 1986 ਤੋਂ ਸੇਵਾ ਮੁਕਤੀ ਤੱਕ ਬੜੇ ਫੁੱਟਬਾਲ ਖਿਡਾਰੀ ਤਿਆਰ ਕੀਤੇ ਤੇ ਨਾਲ ਨਾਲ ਪੜ੍ਹਾਉਂਦਾ ਵੀ ਰਿਹੈ। ਵਿਚਾਲੇ ਜਿਹੇ ਮੂਸਾਪੁਰ ਦੇ ਹਾਈ ਸਕੂਲ ਦੀ ਬਦਲੀ ਹੋ ਗਈ ਸੀ, ਪਰ ਉਹਦੀ ਕਾਬਲੀਅਤ ਵੇਖਦਿਆਂ ਕਾਹਮੇ ਵਾਲੇ ਫਿਰ ਉਹਨੂੰ ਵਾਪਸ ਲੈ ਗਏ। ਉਹਦੀ ਚੰਗੀ ਕੋਚਿੰਗ ਨੂੰ ਖਿਡਾਰੀ ਅੱਜ ਵੀ ਯਾਦ ਕਰਦੇ ਨੇ, ਜੋ ਉਹਦੀ ਛਤਰ-ਛਾਇਆ ਹੇਠ ਖੇਡ ਕੇ ਚੰਗੇ ਚੰਗੇ ਅਹੁਦਿਆਂ 'ਤੇ ਬਿਰਾਜਮਾਨ ਹਨ ਤੇ ਕੁਝ ਵਿਦੇਸ਼ਾਂ ਵਿਚ ਵੀ ਬੈਠੇ ਹਨ।

ਗੁਰਜਿੰਦਰ ਨੇ ਲਾਗਲੇ ਪਿੰਡ ਖਟਕੜ ਕਲਾਂ ਦੇ ਆਦਰਸ਼ ਸਕੂਲ 'ਚ ਨਰਸਰੀ ਤੋਂ ਪੰਜਵੀਂ ਤੱਕ ਪੜ੍ਹਾਈ ਕੀਤੀ। ਸ਼ੁਰੂ ਸ਼ੁਰੂ ਵਿਚ ਉਹ ਖੋ-ਖੋ ਅਤੇ ਅਥਲੈਟਿਕਸ ਖੇਡਾਂ ਕਰਦਾ ਸੀ, ਪਰ ਭਰਾ ਦੀ ਬੇਵਕਤੀ ਮੌਤ ਨੇ ਉਸ ਨੂੰ ਅਤੇ ਸਾਰੇ ਪਰਿਵਾਰ ਨੂੰ ਹਿਲਾ ਕੇ

ਰੱਖ ਦਿੱਤਾ। ਫਿਰ ਪਰਮਾਤਮਾ ਨੇ ਭਾਣਾ ਮੰਨਣ ਦੀ ਤਾਕਤ ਦਿੱਤੀ ਤੇ ਹੌਲੀ ਹੌਲੀ ਫੁੱਟਬਾਲ ਵੱਲ ਨੂੰ ਝੁਕਾਅ ਹੋ ਗਿਆ।

ਮੰਗੂਵਾਲ ਫੁੱਟਬਾਲ ਦੇ ਨਾਮਵਰ ਖਿਡਾਰੀਆਂ ਅਤੇ ਇਨਕਲਾਬੀ ਕਾਰਕੁੰਨਾਂ ਕਰਕੇ ਜਾਣਿਆ ਜਾਂਦਾ ਹੈ। ਪਿੰਡ ਦਾ ਮੌਜੂਦਾ ਸਰਪੰਚ ਕੇਵਲ ਖਟਕੜ, ਜੋ ਪਿੰਡ ਦੇ ਵਿਕਾਸ ਕਾਰਜਾਂ ਲਈ ਹਰ ਵੇਲੇ ਸਰਗਰਮ ਰਹਿੰਦਾ ਹੈ। ਪਿੰਡ ਨੂੰ ਇਲਾਕੇ ਦਾ ਚੜ੍ਹਦੀ ਕਲਾ ਵਾਲਾ ਅਤੇ ਖੁਸ਼ਹਾਲ ਪਿੰਡ ਬਣਾਉਣ ਲਈ ਹਰ ਵੇਲੇ ਪੱਬਾਂ ਭਾਰ ਰਹਿੰਦਾ ਹੈ। ਪਿੰਡ ਦੇ ਐਨ. ਆਰ. ਆਈ. ਵੀਰਾਂ ਦਾ ਵੀ ਬੜਾ ਯੋਗਦਾਨ ਸਮਝਦਾ ਹੈ। ਉਹ ਖੁਦ ਕਬੱਡੀ ਖਿਡਾਰੀ ਹੋਣ ਕਰਕੇ 'ਸ਼ਹੀਦ ਭਗਤ ਸਿੰਘ ਕਬੱਡੀ ਅਕੈਡਮੀ' ਦਾ ਕਰਤਾ-ਧਰਤਾ ਰਿਹੈ। ਇਲਾਕੇ ਭਰ 'ਚ ਜਾਣੀ ਜਾਂਦੀ ਅਕੈਡਮੀ ਦੀ ਤਨੋਂ, ਮਨੋਂ, ਧਨੋਂ ਸੇਵਾ ਕੀਤੀ। ਪਿੰਡ ਦਾ ਮੋਹਤਬਰ ਹੋਣ ਦੇ ਨਾਤੇ ਹੁਣ ਉਹ ਉਠਦੇ ਖਿਡਾਰੀਆਂ ਨੂੰ ਹਰ ਤਰ੍ਹਾਂ ਨਾਲ ਹੌਸਲਾ ਤੇ ਥਾਪੜਾ ਦੇ ਰਿਹੈ। ਇਸ ਵਕਤ ਉਹ ਐਨ. ਆਰ. ਆਈ. ਸਭਾ, ਨਵਾਂਸ਼ਹਿਰ ਦਾ ਪ੍ਰਧਾਨ ਵੀ ਹੈ।

ਗੁਰਜਿੰਦਰ ਦਾ ਛੋਟਾ ਭਾਈ ਯਾਦਵਿੰਦਰ ਚੰਡੀਗੜ੍ਹ ਅਕੈਡਮੀ 'ਚ ਖੇਡਦਾ ਰਿਹੈ। ਉਹ ਐਸ. ਐਨ. ਕਾਲਜ ਬੰਗਾ ਦਾ ਖਿਡਾਰੀ ਤੇ ਵਿਦਿਆਰਥੀ ਰਿਹਾ। ਉਹ ਇੰਟਰ-ਕਾਲਜ ਅਤੇ ਚਾਰ ਵਾਰ ਸਟੇਟ ਖੇਡ ਚੁੱਕਾ ਹੈ। ਕਦੇ ਕਦੇ ਉਹ ਗੁਰਜਿੰਦਰ ਕੋਲ ਵੀ ਚਲੇ ਜਾਂਦਾ। ਇਕੱਠੇ ਰਹਿੰਦੇ ਦੋਵੇਂ ਭਰਾ ਖੇਡ ਬਾਰੇ ਤੇ ਭਾਰਤੀ ਫੁੱਟਬਾਲ ਦੀ ਚੜ੍ਹਦੀ ਕਲਾ ਬਾਰੇ ਗੱਲਾਂ ਕਰਦੇ।

10 ਅਕਤੂਬਰ 1990 ਨੂੰ ਜਨਮੇ ਗੁਰਜਿੰਦਰ ਨੇ ਪਿਤਾ ਦੇ ਅਧੂਰੇ ਸੁਪਨੇ ਸਾਕਾਰ ਕੀਤੇ। ਭਾਰਤੀ ਟੀਮ 'ਚ ਖੇਡਣ ਦੀ ਦਿਲੀ ਤਮੰਨਾ ਪੁੱਤ ਨੇ ਪੂਰੀ ਕੀਤੀ। ਅਧੂਰੀਆਂ ਸੱਧਰਾਂ ਪੂਰੀਆਂ ਹੋਣ ਨਾਲ ਉਹ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਮਨਾ ਰਿਹੈ। ਮੋਹਣ ਬਗਾਨ 'ਚ ਖੇਡਣਾ ਬੜੇ ਮਾਣ ਵਾਲੀ ਗੱਲ ਹੈ। ਜਰਨੈਲ ਸਿੰਘ ਪਨਾਮ ਨੇ 1959-1960 'ਚ ਮੋਹਣ ਬਗਾਨ ਦੀ ਕਪਤਾਨੀ ਕੀਤੀ ਸੀ। ਸੱਠ ਸਾਲਾਂ ਬਾਅਦ 2020 'ਚ ਹੁਣ ਮੋਹਣ ਬਗਾਨ ਦੀ ਕਪਤਾਨੀ ਪੰਜਾਬ ਦੇ ਹੀਰੇ ਗੁਰਜਿੰਦਰ ਸੰਨੀ ਨੇ ਕੀਤੀ।

ਤਕੜੀ ਖੇਡ ਦਾ ਸਿਹਰਾ ਪਿਤਾ ਗੁਰਪਾਲ ਤੋਂ ਇਲਾਵਾ ਕੋਚਾਂ—ਹਰਜਿੰਦਰ ਸਿੰਘ ਚੰਡੀਗੜ੍ਹ, ਤਜਿੰਦਰ ਕੁਮਾਰ ਤੇ ਜਤਿੰਦਰ ਸ਼ਰਮਾ ਸਿਰ ਵੀ ਬੰਨ੍ਹਦਾ ਹੈ। ਕੋਚ ਹਰਜਿੰਦਰ ਸਿੰਘ ਮੋਹਣ ਬਗਾਨ ਵਿਚ ਇੰਦਰ ਸਿੰਘ, ਗੁਰਦੇਵ ਸਿੰਘ ਗਿੱਲ ਅਤੇ ਪਰਮਿੰਦਰ ਸਿੰਘ ਕੋਚ ਧੱਕੜ ਖਿਡਾਰੀਆਂ ਨਾਲ ਖੇਡਦਾ ਰਿਹੈ, ਜਦੋਂ ਕਿ ਜਤਿੰਦਰ ਸ਼ਰਮਾ ਰੁੜਕਾ ਕਲਾਂ ਦੀ ਫੁੱਟਬਾਲ ਅਕੈਡਮੀ ਦਾ ਕੋਚ ਵੀ ਰਹਿ ਚੁੱਕੈ। ਭਾਰਤੀ ਟੀਮ ਵਿਚ ਜਿਸ ਸੁਨੀਲ ਸ਼ੇਤਰੀ ਦੀ ਕਪਤਾਨੀ ਹੇਠ ਗੁਰਜਿੰਦਰ ਖੇਡਦਾ ਰਿਹਾ, ਉਸੇ

ਸੁਨੀਲ ਸ਼ੇਤਰੀ ਦੇ ਵਿਰੁੱਧ ਖੇਡਿਆ। ਗੁਰਜਿੰਦਰ ਮੋਹਣ ਬਗਾਨ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਸੁਨੀਲ ਸ਼ੇਤਰੀ ਬੰਗਲੌਰ ਦੀ।

ਵਧੀਆ ਖੇਡ ਸਦਕਾ ਗੁਰਜਿੰਦਰ ਨੇ ਇੰਗਲੈਂਡ, ਦੁਬਈ, ਓਮਾਨ, ਸਿੰਘਾਪੁਰ, ਹਾਂਗਕਾਂਗ, ਨੇਪਾਲ, ਬਰਮਾ, ਤੁਰਕੀ, ਤਜ਼ਾਕਿਸਤਾਨ, ਕਤਰ ਤੇ ਹੋਰ ਮੁਲਕਾਂ 'ਚ ਖੇਡ ਕੇ ਭਾਰਤੀ ਝੰਡੇ ਨੂੰ ਬੁਲੰਦ ਕੀਤਾ।

ਸੋਲੇਕ ਕਲਕੱਤਾ, ਜਵਾਹਰ ਲਾਲ ਨਹਿਰੂ ਸਟੇਡੀਅਮ ਗੋਆ, ਬਾਲੇਬਾੜੀ ਸਟੇਡੀਅਮ ਪੂਨਾ, ਗੁਰੂ ਨਾਨਕ ਸਟੇਡੀਅਮ ਲੁਧਿਆਣਾ ਅਤੇ ਹੋਰ ਸਟੇਡੀਅਮਾਂ ਵਿਚ ਆਪਣੀ ਖੇਡ ਦੇ ਜੌਹਰ ਵਿਖਾਏ ਤੇ ਹਜ਼ਾਰਾਂ ਲੋਕਾਂ ਨਾਲ ਭਰੇ ਸਟੇਡੀਅਮਾਂ ਵਿਚ ਦਰਸ਼ਕਾਂ ਦਾ ਤਾੜੀਆਂ ਨਾਲ ਪਿਆਰ ਖੱਟਿਆ ਅਤੇ ਘਰਾਂ 'ਚ ਬੈਠੇ ਲੱਖਾਂ ਲੋਕਾਂ ਨੇ ਟੀ. ਵੀ. ਉਤੇ ਹੱਲਾਸ਼ੇਰੀ ਨਾਲ ਪਿਆਰ ਦੀਆਂ ਝੋਲੀਆਂ ਭਰੀਆਂ। ਦੁਆ ਕਰਦੇ ਹਾਂ ਕਿ ਗੁਰਜਿੰਦਰ ਦੀ ਖੇਡ ਇਸ ਤਰ੍ਹਾਂ ਹੀ ਉਚਾਈਆਂ ਛੂੰਹਦਾ ਰਹੇ ਤੇ ਭਾਰਤ ਦਾ ਨਾਂ ਰੌਸ਼ਨ ਕਰਦਾ ਰਹੇ। 26 ਫ਼ਰਵਰੀ 2024 ਨੂੰ ਸੰਨੀ, ਕਰਿਸ਼ਮਾ ਗੁਰੂ ਨਾਲ ਵਿਆਹ ਦੇ ਬੰਧਨ ਵਿਚ ਬੱਝ ਗਿਆ।

ਖੇਡਾਂ ਨਾਲ ਜਿਨ੍ਹਾਂ ਪਿਆਰ ਕੀਤਾ,
ਖੇਡ ਮੈਦਾਨਾਂ 'ਚ ਜਿੰਦ ਵਾਰਦੇ ਰਹੇ।
ਧੁੱਪਾਂ ਛਾਂਵਾਂ ਦੀ ਨਾ ਪਰਵਾਹ ਕੀਤੀ,
'ਨ੍ਹੇਰੀਆਂ, ਝੱਖੜਾਂ ਨੂੰ ਪਛਾੜਦੇ ਰਹੇ।
ਦੇਸ਼ ਕੌਮ ਦੀ ਇੱਜ਼ਤ ਖਾਤਰ ਜਿਹੜੇ,
ਵਿਰੋਧੀਆਂ ਨੂੰ ਲਲਕਾਰਦੇ ਰਹੇ।
ਖੇਡ ਮੈਦਾਨਾਂ ਦੇ ਸ਼ੇਰ ਖਿਡਾਰੀਆਂ ਲਈ,
ਕਲਮਾਂ ਨਾਲ 'ਜੱਬੋਵਾਲੀਏ' ਸਤਿਕਾਰਦੇ ਰਹੇ।

# ਚੱਲ ਫ਼ਕੀਰਾ ਕਾਹਮੇ ਚੱਲੀਏ

ਬੰਗਾ-ਨਵਾਂਸ਼ਹਿਰ ਮੁੱਖ ਮਾਰਗ 'ਤੇ ਪੈਂਦਾ ਪਿੰਡ ਕਾਹਮਾ ਇਲਾਕੇ ਦਾ ਪੁਰਾਣਾ ਅਤੇ ਇਤਿਹਾਸਕ ਵੱਡੇ ਪਿੰਡਾਂ 'ਚੋਂ ਇਕ ਹੈ। ਤਿੰਨ ਸਦੀਆਂ ਤੋਂ ਵੱਧ ਹੋ ਗਏ ਕਾਹਮਾ ਵਸੇ ਨੂੰ, ਉਦੋਂ ਜ਼ਰੂਰ ਇਥੇ ਸੰਘਣੇ ਦਰੱਖਤਾਂ ਦੇ ਜੰਗਲਾਂ ਜਿਹੇ ਝੁੰਡ ਹੋਣਗੇ। ਆਵਾਜਾਈ ਦੇ ਸਾਧਨ ਵਿਰਲੇ-ਟਾਵੇਂ ਹੋਣਗੇ। ਹੁਣ ਤਾਂ ਜੰਗਲ 'ਚ ਮੰਗਲ ਲੱਗਾ ਹੋਇਐ। ਆਵਾਜਾਈ ਦੇ ਸਾਧਨਾਂ ਦੀ ਭਰਮਾਰ ਹੈ। ਕਾਹਮਾ ਤੇ ਆਲੇ-ਦੁਆਲੇ ਦਾ ਇਲਾਕਾ ਸੁੱਖ-ਸਹੂਲਤਾਂ ਨਾਲ ਵਧੀਆ ਜ਼ਿੰਦਗੀ ਮਾਣ ਰਹੇ ਨੇ। ਪਿੰਡ ਦੇ ਬਹੁਤੇ ਵਾਸੀ ਵਿਦੇਸ਼ਾਂ 'ਚ ਸੈਟਲ ਨੇ। ਆਪਣੀ ਕਿਰਤ ਕਮਾਈ ਦੀ ਦਸਵੰਦ ਦੇ ਰੂਪ ਵਿਚ ਮਾਇਆ ਭੇਜ ਪਿੰਡ ਨੂੰ ਹਰਿਆ-ਭਰਿਆ, ਵਿਕਾਸ ਭਰਪੂਰ ਤੇ ਹਰਮਨ ਪਿਆਰਾ ਵੇਖਣਾ ਚਾਹੁੰਦੇ ਨੇ।

ਭੂਤਾਂ, ਬੈਂਸਾਂ, ਕਰੀਹਾ, ਮੰਗੂਵਾਲ, ਲੋਧੀਪੁਰ, ਮੂਸਾਪੁਰ, ਮੱਲਪੁਰ, ਜੱਬੋਵਾਲ ਤੇ ਖਟਕੜ ਕਲਾਂ ਜਿਹੇ ਪਿੰਡ ਕਾਹਮੇ ਅੱਡੇ ਨੂੰ ਲੱਗਦੇ ਹਨ। ਛੋਟੇ ਕਸਬੇ ਦਾ ਰੂਪ ਧਾਰਨ ਕੀਤਾ ਹੋਇਐ ਕਾਹਮੇ ਨੇ। ਅੱਡੇ 'ਚ ਹਮੇਸ਼ਾ ਗਹਿਮਾ-ਗਹਿਮੀ ਰਹਿੰਦੀ ਐ। ਅਮਰਜੀਤ ਦੀ ਚਾਹ ਤੇ ਮਠਿਆਈ (ਅਮਰਜੀਤ ਤੋਂ ਪਹਿਲਾਂ ਮਹਿੰਦਰ ਸਿੰਘ ਮੁੰਦਰੀ ਦੀ ਚਾਹ, ਮਠਿਆਈ ਦੀ ਦੁਕਾਨ), ਗੁਰਮੀਤ ਬਾਵਾ ਨਾਲ ਗਾਉਣ ਵਾਲੇ ਸੁਰਜੀਤ ਸਿੰਘ ਜੀਤ ਦੀ ਮੱਛੀ ਤੇ ਹਲਵਾਈ ਦੀ ਦੁਕਾਨ, ਡਾ. ਸ਼ਰਮਾ, ਨਾਲ ਪੈਂਚਰਾਂ ਵਾਲੀ ਦੁਕਾਨ, ਕਰੀਹੇ ਵਾਲੇ ਚੰਨਣ ਦੇ ਬੇਟਿਆਂ ਬਬਲੀ ਹੋਰਾਂ ਦਾ ਟੈਂਟ ਹਾਊਸ, ਝਟਕੱਈ ਖਜ਼ਾਨ ਦਾ ਖੋਖਾ ਤੇ ਠੇਕਾ! ਖਾਣ-ਪੀਣ ਦੇ ਸ਼ੌਕੀਨ ਘਰਾਂ ਨੂੰ ਤੁਰਨ ਲੱਗੇ ਠੇਕੇ ਤੋਂ ਦਿਨ ਭਰ ਦੀ ਥਕਾਵਟ ਲਾਹ ਕੇ ਤੁਰਦੇ। ਹੋਰ ਆਲੇ ਦੁਆਲੇ ਦੇ ਪਿੰਡਾਂ ਦੀਆਂ ਲੋੜਾਂ ਪੂਰਦੀਆਂ ਦੁਕਾਨਾਂ; ਅੱਡੇ ਤੋਂ ਪਿੰਡ (ਕਾਹਮੇ) ਵੱਲ ਧੁਰ ਤੱਕ ਦੁਕਾਨਾਂ।

ਕਾਹਮੇ ਦੇ ਗੁਆਂਢੀ ਪਿੰਡ ਖਟਕੜ ਕਲਾਂ ਵਿਖੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਨੇ। ਕਾਹਮੇ ਅੱਡੇ ਦੀਆਂ ਵਾਹਵਾ ਰੌਣਕਾਂ, ਸਪੀਕਰ 'ਚ ਵੱਜਦੇ ਗੀਤ! ਸ. ਭਗਤ ਸਿੰਘ ਦਾ ਮੇਲਾ

ਵੇਖਣ ਦਾ ਬੜਾ ਚਾਅ ਹੁੰਦੈ ਇਲਾਕੇ 'ਚ! ਕਾਹਮੇ ਅੱਡੇ ਤੋਂ ਸ. ਭਗਤ ਸਿੰਘ ਦੇ ਬੁੱਤ ਤੱਕ ਵੱਖ ਵੱਖ ਤਰ੍ਹਾਂ ਦੀਆਂ ਦੁਕਾਨਾਂ!

ਉਨ੍ਹੀਂ ਦਿਨੀਂ ਕਾਹਮੇ ਅੱਡੇ ਤੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਅੱਗੇ ਥਾਂਦੀਆਂ ਤੱਕ ਮੁੱਖ ਸੜਕ ਦੀ ਵਾਹਵਾ ਸਫਾਈ ਤੇ ਕਲੀ (ਚੂਨਾ) ਪਾ ਕੇ ਧੁਰ ਤੱਕ ਸ਼ਿੰਗਾਰੀ ਹੁੰਦੀ ਐ। ਅਸਾਂ ਛੋਟੇ ਛੋਟੇ ਸਾਂ, ਜਦੋਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਆਏ ਸਨ।

ਸਮੇਂ ਸਮੇਂ ਦੀਆਂ ਪੰਚਾਇਤਾਂ ਨੇ ਕਾਹਮੇ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ 'ਚ ਸ. ਰਾਮ ਸਿੰਘ, ਸ. ਬੰਤਾ ਸਿੰਘ, ਸ. ਸਵਰਨ ਸਿੰਘ, ਸ. ਜੋਗਿੰਦਰ ਸਿੰਘ, ਸ. ਸ਼ਿਵਦੇਵ ਸਿੰਘ, ਸ. ਮਹਾਂ ਸਿੰਘ, ਸ. ਅਮਰੀਕ ਸਿੰਘ ਅਸਮਾਨਪੁਰੀਆ, ਸ. ਮਲਕੀਤ ਸਿੰਘ ਠਾਣੇਦਾਰ, ਸ. ਪਿਆਰਾ ਸਿੰਘ, ਸ. ਸੰਤੋਖ ਸਿੰਘ, ਸ੍ਰੀਮਤੀ ਸੁਨੀਤਾ ਕੁਮਾਰੀ, ਸ੍ਰੀਮਤੀ ਬਲਵੀਰ ਕੌਰ ਤੇ ਸ. ਸਤਨਾਮ ਸਿੰਘ ਦੀ ਘਰਵਾਲੀ ਸ੍ਰੀਮਤੀ ਪਰਮਿੰਦਰਜੀਤ ਕੌਰ ਦੇ ਨਾਂ ਉਚੇਚੇ ਹਨ।

ਅੱਧੀ ਸਦੀ ਤੋਂ ਵੱਧ ਹੋ ਗਿਐ ਕਾਹਮੇ 'ਚ ਟੂਰਨਾਮੈਂਟ ਹੁੰਦਿਆਂ। 54 ਟੂਰਨਾਮੈਂਟ ਹੋ ਗਏ ਤੇ 55ਵਾਂ ਕਰੋਨਾ ਦੀ ਮਾਰ ਕਰ ਕੇ ਰਹਿ ਗਿਐ। ਸਮੇਂ ਸਮੇਂ ਦੇ ਖਿਡਾਰੀਆਂ ਨੇ ਮਿਹਨਤ ਕਰ ਕੇ ਇਲਾਕੇ 'ਚ ਪਿੰਡ ਦੀ ਗੂੜ੍ਹੀ ਪਛਾਣ ਬਣਾਈ।

ਕਾਹਮੇ ਦੇ ਖਿਡਾਰੀ—ਬਿਹਾਰੀ, ਸ਼ੀਰੀ, ਮੀਕਾ, ਭੁਪਿੰਦਰ, ਬਹਾਦੁਰ, ਪਰਮਜੀਤ ਪੰਮਾ (ਕਾਮਰੇਡ), ਬਿੰਦਾ ਗੋਲਕੀਪਰ, ਧਿਆਨ ਸਿੰਘ, ਮੋਹਣ ਸਿੰਘ ਘੁੱਗੀ, ਸ਼ਮਿੰਦਰ, ਸੁਰਿੰਦਰ ਬਿੱਲਾ, ਮਾਸਟਰ ਦਵਿੰਦਰ ਸਿੰਘ ਡੁੱਲਕੂ, ਮਾਸਟਰ ਅਮਰਜੀਤ ਸਿੰਘ ਕੰਦੋਲਾ, ਅਮਰੀਕ ਸਿੰਘ ਲੇਹਲ ਤੇ ਜਸਵੀਰ ਸਿੰਘ ਲੇਹਲ (ਦੋਵੇਂ ਭਰਾ); ਅਮਰਜੀਤ ਸਿੰਘ ਡੁੱਲਕੂ (ਗੋਲਕੀਪਰ); ਗੋਗੀ, ਨਿੰਮਾ, ਛੰਨਾ ਤੇ ਬਿੱਟੂ (ਚਾਰੇ ਸਕੇ ਭਰਾ); ਸੋਹਣ ਸਿੰਘ, ਸੁਖਦੇਵ ਸਿੰਘ, ਲਖਵਿੰਦਰ ਤੇ ਸੁਰਜੀਤ (ਛੰਨੇ ਦੇ ਕਜ਼ਨ); ਸ. ਗੁਰਮੇਲ ਸਿੰਘ ਸੈਣੀ, ਰਾਮ ਕਿਸ਼ਨ, ਸ਼ਿੰਦਾ ਲੰਬੜ, ਗੁਰਨਾਮ ਗਾਮਾ, ਸ਼ਿੰਦਾ ਸਟਾਪਰ, ਸ਼ਿੰਦੀ ਮਾਹਲ, ਜੋਗਾ, ਜੈਲਾ ਡੀਜ਼ਲ, ਜੀਤ ਅਸਮਾਨਪੁਰੀਆ, ਮਨਜੀਤ ਜੀਤਾ, ਨਾਗੀ ਸਟਾਪਰ, ਦੀਪਕ ਕੁਮਾਰ ਮਾਲਟੂ, ਰਾਜਿੰਦਰ ਛੋਟੂ (ਸੀ. ਆਰ. ਪੀ. ਦਾ ਖਿਡਾਰੀ), ਨੀਰਾ, ਪਿੰਕੀ (ਬਿਜਲੀ ਬੋਰਡ ਲੁਧਿਆਣਾ), ਗੁਰਦਾਵਰ, ਗੇਲਾ ਬਲੋਚ, ਬਲਵਿੰਦਰ ਰਾਓ, ਕਮਲਜੀਤ ਫੌਜੀ; ਰਾਜੂ ਤੇ ਕਾਲਾ (ਦੋਵੇਂ ਭਰਾ); ਕੁਲਵਿੰਦਰ ਕਿੰਦਾ, ਅਮਰਜੀਤ ਅੰਬੀ, ਪਾਲੀ ਅਸਮਾਨਪੁਰੀਆ, ਜਰਨੈਲ ਜੈਲਾ, ਦਿਲਾਵਰ ਤੇ ਸ. ਸਤਨਾਮ ਸਿੰਘ ਸ਼ਾਮਾ ਸਮੇਤ ਕਈ ਹੋਰ ਵਧੀਆ ਫੁੱਟਬਾਲ ਖਿਡਾਰੀ ਹੋਏ। ਸੁਰਜੀਤ ਸਿੰਘ ਕੰਦੋਲਾ ਬਾਸਕਿਟਬਾਲ ਦਾ ਤਕੜਾ ਖਿਡਾਰੀ ਹੋਇਐ।

ਸ਼ੀਰੀ ਤੇ ਬਿਹਾਰੀ ਹੋਰਾਂ ਤੋਂ ਪਹਿਲਾਂ ਦੇ ਖਿਡਾਰੀ ਸ. ਕਰਮ ਸਿੰਘ ਹੱਟੀ ਵਾਲਾ, ਹਰਜਗਦੀਸ਼ ਭੱਠੇ ਵਾਲਾ, ਸ. ਗੁਰਬਚਨ ਸਿੰਘ ਪਟਵਾਰੀ, ਸ. ਅਜੀਤ ਸਿੰਘ ਨਾਗੀ (ਫੌਜ ਤੇ ਕਾਹਮਾ ਟੀਮ ਦਾ ਖਿਡਾਰੀ), ਸ. ਧਿਆਨ ਸਿੰਘ ਬਾਂਸਲ ਤੇ ਸ. ਸੋਹਣ ਸਿੰਘ ਬਾਂਸਲ (ਕਿਸੇ ਸਮੇਂ ਗਿਆਰ੍ਹਾਂ ਟੀਮ ਮੈਂਬਰ ਛੰਨੇ ਹੋਰਾਂ ਦੇ ਪਰਿਵਾਰ ਵਿਚੋਂ ਹੋਏ ਨੇ)।

ਪਰਮਜੀਤ ਕਾਹਮਾ ਆਪਣੇ ਸਮੇਂ ਦਾ ਵਧੀਆ ਫੁੱਟਬਾਲ ਖਿਡਾਰੀ ਰਿਹੈ। ਸਟੇਟ ਕਲਰ ਜੇਤੂ ਪਰਮਜੀਤ ਨੇ 1978 ’ਚ ਖੇਡ ਕੇ ਚੈਂਪੀਅਨਸ਼ਿਪ ਜਿੱਤੀ ਸੀ। ਪੀ. ਐਸ. ਯੂ. ਦਾ ਧੱਕੜ ਤੇ ਸਰਗਰਮ ਲੀਡਰ ਰਿਹੈ। ਕਦੇ ਸਮਾਂ ਸੀ, ਜਦੋਂ ‘ਪਰਮਜੀਤ ਕਾਹਮਾ, ਪਰਮਜੀਤ ਕਾਹਮਾ’ ਹੁੰਦੀ ਸੀ। ਲਹਿਰ ’ਚ ਪੈਣ ਕਰਕੇ ਖੇਡ ਪਿੱਛੇ ਰਹਿ ਗਈ, ਨਹੀਂ ਤਾਂ ਹੁਣ ਨੂੰ ਉਹ ਵੀ ਭਾਰਤ ਦੇ ਤਕੜੇ ਕਲੱਬਾਂ ਦਾ ਖਿਡਾਰੀ ਤੇ ਕੋਚ ਹੋਣਾ ਸੀ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੂਬਾ ਜਨਰਲ ਸਕੱਤਰ ਰਿਹੈ। ਹਮੇਸ਼ਾ ਸਰਗਰਮੀਆਂ ’ਚ ਰਹਿਣ ਵਾਲਾ ਮੀਡੀਏ ’ਚ ਬੜੀ ਦਿਲਚਸਪੀ ਰੱਖਦੈ। ਉਹ ਬਲਾਕ ਸੰਮਤੀ ਬੰਗਾ ਦਾ ਮੈਂਬਰ ਵੀ ਰਹਿ ਚੁੱਕੈ।

ਕਾਹਮੇ ਦਾ ਗੁਆਂਢੀ ਪਿੰਡ ਮੰਗੂਵਾਲ ਵੀ ਜ਼ਬਰਦਸਤ ਖਿਡਾਰੀਆਂ ਦਾ ਪਿੰਡ ਐ। ਇਲਾਕੇ ਦੇ ਟੂਰਨਾਮੈਂਟਾਂ ਦੇ ਆਖਰੀ ਮੁਕਾਬਲਿਆਂ ’ਚ ਘੁੰਮ ਘੁੰਮਾ ਕੇ ਗੁਆਂਢੀ ਪਿੰਡ ਆਪਸ ਵਿਚ ਭਿੜਦੇ ਨੇ। ਕਦੇ ਕਾਹਮਾ ਭਾਰੂ ਹੋ ਜਾਂਦੈ, ਕਦੇ ਮੰਗੂਵਾਲ। ਮੰਗੂਵਾਲ ’ਚ ਨਿਰੰਜਨ ਦਾਸ ਭਗਤ ਵਰਗੇ ਖਿਡਾਰੀ ਖੇਡਦੇ ਰਹੇ। 1987 ’ਚ ਮੰਗੂਵਾਲ ਕਰਾਈ ਪਹਿਲੀ ਫੁੱਟਬਾਲ ਲੀਗ ’ਚ ਕਾਹਮੇ ਨੇ ਪਹਿਲਾ ਸਥਾਨ ਲਿਆ ਸੀ।

ਮੰਗੂਵਾਲੀਏ ਗੁਰਪਾਲ ਫੌਜੀ ਨੇ ਕਾਹਮਾ ਦੇ ਹਾਈ ਸਕੂਲ ਵਿਚ ਪੜ੍ਹਾਉਣ ਦੇ ਨਾਲ ਨਾਲ ਫੁੱਟਬਾਲ ਦੇ ਬੜੇ ਖਿਡਾਰੀ ਤਿਆਰ ਕੀਤੇ। ਗਰਾਊਂਡ ’ਚ ਉਹ ਖਿਡਾਰੀਆਂ ਬਰਾਬਰ ਭੱਜਦਾ। 1986 ਤੋਂ 2019 ਤੱਕ ਕਾਹਮਾ ਸਕੂਲ ਤੇ ਅਕੈਡਮੀ ’ਚ ਨਾਮਵਰ ਫੁੱਟਬਾਲ ਖਿਡਾਰੀ ਝੋਲੀ ਪਾਏ। ਉਨ੍ਹਾਂ ਵਿਚੋਂ ਰਾਜਿੰਦਰ ਕੁਮਾਰ (ਭਾਰਤੀ ਟੀਮ ਦਾ ਖਿਡਾਰੀ), ਦੀਪਕ ਕੁਮਾਰ (ਬੀ. ਐਸ. ਐਫ਼. ਦਾ ਖਿਡਾਰੀ), ਪਰਮਜੀਤ ਪੈਮਾ (ਨੈਸ਼ਨਲ ਖਿਡਾਰੀ ਪੰਜਾਬ ਪੁਲਿਸ), ਕਮਲਜੀਤ ਫੌਜੀ ਜੇ. ਸੀ. ਟੀ. ਦਾ ਖਿਡਾਰੀ), ਕਮਲਦੀਪ ਰਾਜੂ (ਨੈਸ਼ਨਲ ਖਿਡਾਰੀ), ਲਾਡੀ, ਗੁਰਪ੍ਰੀਤ ਸਿੰਘ ਠੋਨੀ ਤੇ ਕਈ ਹੋਰ ਖਿਡਾਰੀ ਤਿਆਰ ਕੀਤੇ।

ਜਲੰਧਰ ਦੂਰਦਰਸ਼ਨ ਦਾ ਮੌਜੂਦਾ ਡਾਇਰੈਕਟਰ ਪੁਨੀਤ ਸਹਿਗਲ ਵੀ ਕਾਹਮੇ ਤੋਂ ਹੈ। ਮੈਨੂੰ ਯਾਦ ਐ, ਜਦੋਂ ਪੁਨੀਤ ਸਹਿਗਲ ਨੇ ਬੰਗਾ ਕਾਲਜ ਦੇ ਸਾਲਾਨਾ (ਯੂਥ ਫੈਸਟੀਵਲ) ਫੰਕਸ਼ਨ ’ਤੇ ਪਾਟੇ ਕੱਪੜੇ ਪਾ ਕੇ ਮਜਨੂੰ ਦਾ ਕਿਰਦਾਰ ਨਿਭਾਇਆ ਸੀ!

ਉਸ ਕਿਰਦਾਰ ਨੂੰ ਕਾਲਜ ਸਟਾਫ, ਮੁੰਡੇ-ਕੁੜੀਆਂ ਤੇ ਜੱਜਾਂ ਨੇ ਬੜਾ ਪਸੰਦ ਕੀਤਾ। ਉਸ ਵੇਲੇ ਪੁਨੀਤ ਦੀ ਸਾਰੇ ਪਾਸੇ ਬੱਲੇ ਬੱਲੇ ਹੋਈ ਤੇ ਉਸ ਪਿਛੋਂ ਉਹ ਜਲੰਧਰ ਦੂਰਦਰਸ਼ਨ ਨਾਲ ਜੁੜ ਗਿਆ ਸੀ।

ਕਾਹਮੇ ਦਾ ਸਿੱਧੂ ਸਟੂਡੀਓ ਪਿੰਡ ਦੀਆਂ ਗਤੀਵਿਧੀਆਂ, ਟੂਰਨਾਮੈਂਟਾਂ ਅਤੇ ਇਲਾਕੇ ਦੀਆਂ ਸਰਗਰਮੀਆਂ ਆਪਣੇ ਕੈਮਰੇ 'ਚ ਕੈਦ ਕਰੀ ਰੱਖਦੈ। ਕਾਹਮੇ ਸਟੇਜਾਂ 'ਤੇ ਤੁਰਲੇ ਵਾਲੀਆਂ ਪੱਗਾਂ ਅਤੇ ਟੁਣਕਦੀਆਂ ਅਵਾਜ਼ਾਂ ਵਾਲੇ ਸੁਰਜੀਤ ਜੀਤ ਤੇ ਰੂਪ ਲਾਲ। ਕਿਸੇ ਵੇਲੇ ਸ਼ਿਵ ਕੁਮਾਰ ਬਟਾਲਵੀ ਦੀਆਂ ਗ਼ਜ਼ਲਾਂ ਦਾ ਤਵਾ ਰਿਕਾਰਡ ਕਰਾਉਣ ਵਾਲਾ ਕੁਲਦੀਪ ਦੀਪਕ ਅੱਜ ਕੱਲ੍ਹ ਟਰਾਂਟੋਂ ਤੋਂ ਰੇਡੀਓ ਚਲਾ ਰਿਹੈ।

ਪਿੰਡ ਵਾਸੀਆਂ ਦੀ ਸੁੱਖ-ਸਹੂਲਤ ਲਈ ਪਿੰਡ 'ਚ ਸਟੇਟ ਬੈਂਕ, ਸਹਿਕਾਰੀ ਕੋਆਪ੍ਰੇਟਿਵ ਬੈਂਕ ਤੇ ਸੁਸਾਇਟੀ ਬੈਂਕ ਹੈ। ਪਟਿਆਲਾ ਬੈਂਕ ਬੰਦ ਹੋ ਚੁੱਕੀ ਹੈ।

ਪਿੰਡ 'ਚ ਵੀ ਕਰਿਆਨੇ ਦੀਆਂ ਦੁਕਾਨਾਂ ਹਨ। ਸਭ ਤੋਂ ਪੁਰਾਣੀ ਸ. ਕਰਮ ਸਿੰਘ ਦੀ ਦੁਕਾਨ ਹੈ, ਜਿਥੋਂ ਘਰਾਂ ਦੀਆਂ ਰੋਜ਼ਾਨਾ ਖਾਣ-ਪੀਣ ਅਤੇ ਹੋਰ ਲੋੜੀਂਦੀਆਂ ਵਸਤਾਂ ਤੇ ਸਕੂਲੀ ਬੱਚਿਆਂ ਦੇ ਸਮਾਨ ਦੇ ਨਾਲ ਨਾਲ ਕੱਪੜਾਂ ਵੀ ਵਿਕਦਾ ਹੁੰਦਾ ਸੀ। ਹੁਣ ਸਿਰਫ ਕਰਿਆਨਾ ਹੈ। ਸ. ਕਰਮ ਸਿੰਘ ਤੋਂ ਬਾਅਦ ਹੁਣ ਉਹਦਾ ਪੋਤਰਾ ਹਰਮਿੰਦਰ ਸਿੰਘ ਬਿੰਦਾ ਦੁਕਾਨ ਸਾਂਭਦਾ ਹੈ। ਉਹ ਵੀ ਸਕੂਲਾਂ 'ਚ ਨੈਸ਼ਨਲ ਖਿਡਾਰੀ ਰਹਿ ਚੁੱਕੈ। ਪਿੰਡ 'ਚ ਕਦੇ ਆਟਾ ਪੀਹਣ ਦੀ ਚੱਕੀ ਹੁੰਦੀ ਸੀ, ਸਮੇਂ ਦੇ ਨਾਲ ਹੁਣ ਉਹ ਬੰਦ ਹੋ ਚੁੱਕੀ ਹੈ। ਕਾਹਮੇ ਦੇ ਬਣੇ ਇੰਜਣ ਕਦੇ ਦੂਰ ਦੂਰ ਇਲਾਹਾਬਾਦ ਤੱਕ ਵਿਕਣ ਜਾਂਦੇ ਸਨ।

ਕਾਹਮੇ ਦੀ ਘੁਮਿਆਰ ਬਰਾਦਰੀ ਦੇ ਬਣਾਏ ਮਿੱਟੀ ਦੇ ਕੱਚੇ ਭਾਂਡੇ ਮਸ਼ਹੂਰ ਨੇ। ਤੌੜੀਆਂ, ਘੜੇ, ਚਾਟੀਆਂ ਤੇ ਦੀਵਾਲੀ ਮੌਕੇ ਦੀਵੇ ਅਤੇ ਘਰ ਦਾ ਹੋਰ ਲੋੜੀਂਦਾ ਸਮਾਨ ਤਿਆਰ ਕਰਨ ਲਈ ਬੜੀ ਮਿਹਨਤ ਕੀਤੀ ਜਾਂਦੀ ਐ। ਤੌੜੀ ਦਾ ਸਾਗ ਤੇ ਚਾਟੀ ਦੀ ਲੱਸੀ ਹੋਟਲਾਂ-ਢਾਬਿਆਂ ਨਾਲੋਂ ਕਈ ਗੁਣਾ ਸੁਆਦ! ਸ਼ਰਬਤ ਵਰਗਾ ਘੜੇ ਦਾ ਸੁਆਦੀ ਪਾਣੀ ਬੰਦੇ ਨੂੰ ਨਿਹਾਲ ਕਰ ਦਿੰਦੈ! ਮਿੱਟੀ ਦੇ ਬਣੇ ਭਾਂਡੇ ਇਨਸਾਨ ਨੂੰ ਕਈ ਬੀਮਾਰੀਆਂ ਤੋਂ ਰਹਿਤ ਰੱਖਦੇ ਨੇ।

ਮੇਨ ਰੋਡ ਤੋਂ ਕਾਹਮੇ ਜਾਂ ਭੂਤਾਂ ਨੂੰ ਮੁੜਨ ਲੱਗਿਆਂ ਤੇਜ਼ੀ ਨਾਲ ਆਉਂਦੇ ਵਾਹਨਾਂ (ਖਾਸਕਰ ਬੱਸਾਂ ਜਾਂ ਟਰੱਕਾਂ) ਨਾਲ ਸਾਇਕਲ, ਮੋਟਰ-ਸਾਇਕਲ ਜਾਂ ਸਕੂਟਰ ਵਗੈਰਾ ਨਾਲ ਟਕਰਾ ਕੇ ਕਈ ਵਾਰ ਵੱਡੇ ਹਾਦਸੇ ਵਾਪਰ ਜਾਂਦੇ ਨੇ।

ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਅਤੇ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਸੈਣੀ ਜੇ ਥੋੜ੍ਹੇ ਸਾਲ ਹੋਰ ਜਿਉਂਦੇ ਰਹਿ ਜਾਂਦੇ ਤਾਂ ਹਾਦਸੇ ਟਲ ਜਾਣੇ ਸਨ,

ਕਿਉਂਕਿ ਉਹ ਇਲਾਕੇ ਦੇ ਵਿਕਾਸ ਦਾ ਹਰ ਤਰ੍ਹਾਂ ਨਾਲ ਬੜਾ ਖਿਆਲ ਰੱਖਦੇ। ਇਲਾਕੇ ਦੀ ਜਿੰਦ-ਜਾਨ ਸ. ਦਿਲਬਾਗ ਸਿੰਘ ਨੇ ਵੈਸੇ ਆਪਣੇ ਆਪ ਨੂੰ ਕਦੇ ਲੀਡਰ ਜਾਂ ਸਿਆਸਤਦਾਨ ਨਹੀਂ ਸੀ ਕਿਹਾ, ਹਮੇਸ਼ਾ ਇਲਾਕੇ ਦਾ ਸੇਵਾਦਾਰ ਮੰਨਿਆ। ਇਲਾਕਾ ਵੀ ਉਸ ਨੂੰ ਮਸੀਹੇ ਵਾਂਗ ਪੂਜਦਾ ਸੀ। ਨਵਾਂਸ਼ਹਿਰ ਦੀ ਸ਼ੂਗਰ ਮਿੱਲ ਵੀ ਉਸ ਦੀ ਹਿੰਮਤ ਸਦਕਾ ਹੋਂਦ ਵਿਚ ਆਈ। ਇਲਾਕਾ ਨਿਵਾਸੀ ਉਸ ਨੂੰ ਅੱਜ ਵੀ ਯਾਦ ਕਰਦੇ ਨੇ। ਉਸ ਪਿੱਛੋਂ ਉਸ ਦਾ ਬੇਟਾ ਚੰਨੀ, ਭਤੀਜਾ ਪ੍ਰਕਾਸ਼ ਸਿੰਘ, ਗੁਰਇਕਬਾਲ ਕੌਰ ਬਬਲੀ (ਸ. ਪ੍ਰਕਾਸ਼ ਸਿੰਘ ਦੀ ਪਤਨੀ) ਤੇ ਹੁਣ ਪ੍ਰਕਾਸ਼ ਸਿੰਘ ਦਾ ਨੌਜਵਾਨ ਵਿਧਾਇਕ ਬੇਟਾ ਅੰਗਦ ਸੈਣੀ।

ਕਾਹਮੇ ਨੂੰ ਇਕ ਮੁਸਲਮਾਨ ਜਾਗੀਰਦਾਰ ਨਜਾਮੇ ਨੇ ਵਸਾਇਆ। ਪਿੰਡ ਵਿਚ ਕਦੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਏ ਸਨ। ਵੱਖ ਵੱਖ ਧਰਮਾਂ ਦੇ ਲੋਕ ਪਿੰਡ 'ਚ ਰਹਿੰਦੇ ਹਨ। ਜੱਟ, ਸੈਣੀ, ਆਦਿ-ਧਰਮੀ, ਤਰਖਾਣ, ਲੁਹਾਰ, ਜੁਲਾਹੇ, ਮਰਾਸੀ-ਮੁਸਲਮਾਨ, ਨਾਈ, ਛੀਂਬੇ, ਝਿਉਰ, ਸਾਂਸੀ, ਪੰਡਿਤ, ਅਰੋੜੇ-ਖੱਤਰੀ, ਭਾਪੇ, ਬਾਜ਼ੀਗਰ, ਘੁਮਿਆਰ, ਸਿਕਲੀਗਰ ਤੇ ਸਹਿਗਲ ਪਰਿਵਾਰ—ਇਹ ਸਾਰੇ ਕਾਹਮੇ ਦਾ ਮਾਣ ਹਨ। ਹਰ ਇਕ ਦੇ ਧਰਮ ਦੀ ਕਦਰ ਹੈ। ਵੱਡਾ ਪਿੰਡ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਰੱਖਣ ਵਾਲਿਆਂ ਲਈ ਪਿੰਡ ਦੇ ਵੱਖ ਵੱਖ ਹਿੱਸਿਆਂ 'ਚ ਗੁਰਦੁਆਰੇ ਬਣੇ ਹੋਏ ਨੇ! ਗੁੱਗਾ ਜ਼ਾਹਰ ਪੀਰ ਦੀ ਜਗ੍ਹਾ (ਅਸਥਾਨ) ਹੈ। ਬੜਾ ਪੁਰਾਣਾ ਇਕ ਸ਼ਿਵ ਮੰਦਿਰ ਤੇ ਇਕ ਪੁਰਾਣੀ ਮਸਜਿਦ ਹੈ। ਇਹ ਮਸੀਤ ਸ਼ਾਹ ਜਿੰਦਾ ਫਕੀਰ ਦੇ ਨਾਂ ਨਾਲ ਜਾਣੀ ਜਾਂਦੀ ਹੈ। ਹਰ ਸਾਲ ਇਥੇ ਭਾਰੀ ਮੇਲਾ ਲੱਗਦੈ। ਸਮੂਹ ਨਗਰ ਨਿਵਾਸੀ ਸ਼ਾਹ ਜਿੰਦਾ 'ਤੇ ਲੱਗਦੇ ਮੇਲੇ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹਨ। ਤਿੰਨ ਕੁ ਹਜ਼ਾਰ ਪਿੰਡ ਦੀ ਵੋਟ ਹੈ।

ਬੜੇ ਸਾਲਾਂ ਤੋਂ ਛਿੰਞ ਹੁੰਦੀ ਆ ਰਹੀ ਹੈ। ਸਮੂਹ ਪਿੰਡ ਦਾ ਬੜਾ ਯੋਗਦਾਨ ਹੁੰਦੈ। ਬੁੱਧ ਸਿੰਘ, ਫੱਤਾ ਤੇ ਹੋਰ ਨਾਮੀ-ਗਰਾਮੀ ਪਹਿਲਵਾਨ ਇਥੇ ਆ ਕੇ ਕੁਸ਼ਤੀਆਂ ਲੜਦੇ ਰਹੇ ਹਨ।

ਸਿੱਖਿਆ ਦੇ ਖੇਤਰ ਵਿਚ ਇਸ ਪਿੰਡ ਦੀ ਬੜੀ ਦੇਣ ਹੈ। ਅਧਿਆਪਕ, ਮੁੱਖ ਅਧਿਆਪਕ ਤੇ ਪ੍ਰਿੰਸੀਪਲ ਪਿੰਡ ਦੇ ਮਾਣ ਵਿਚ ਵਾਧਾ ਕਰਦੇ ਹਨ—ਜਿਵੇਂ ਕੇਵਲ ਕ੍ਰਿਸ਼ਨ ਸਹਿਗਲ (ਪੁਨੀਤ ਸਹਿਗਲ ਦਾ ਡੈਡੀ), ਸ. ਦਵਿੰਦਰ ਸਿੰਘ, ਸ. ਮਲਕੀਤ ਸਿੰਘ, ਸ. ਅਵਤਾਰ ਸਿੰਘ (ਐਸ. ਐਨ. ਕਾਲਜ ਬੰਗਾ ਦਾ ਕਲਰਕ), ਸ਼੍ਰੀ ਰਾਮ ਮੂਰਤੀ ਭੱਟੀ (ਰਿਟਾਇਰ ਪ੍ਰਿੰਸੀਪਲ), ਸ੍ਰੀ ਸੰਤੋਖ ਦਾਸ (ਰਿਟਾਇਰ ਪ੍ਰਿੰਸੀਪਲ), ਸ੍ਰੀ ਗਿਆਨ ਚੰਦ (ਰਿਟਾਇਰ ਪ੍ਰਿੰਸੀਪਲ), ਸ. ਸੁਰਜੀਤ ਸਿੰਘ (ਇਸ ਵਕਤ ਕੈਨੇਡਾ),

ਸ. ਅੰਮ੍ਰਿਤਪਾਲ ਸਿੰਘ, ਸ. ਲਖਵੀਰ ਸਿੰਘ, ਸੁੱਚਾ ਸਿੰਘ ਤੇ ਹਿਤੇਸ਼ ਸਹਿਗਲ (ਪੁਨੀਤ ਸਹਿਗਲ ਦਾ ਭਰਾ) ਹੋਏ ਨੇ।

ਕਾਹਮਾ ਵਾਸੀ ਸਭ ਤੋਂ ਪਹਿਲਾਂ ਵਲੈਤ ਗਏ, ਫਿਰ ਕੈਨੇਡਾ ਤੇ ਫਿਰ ਅਮਰੀਕਾ। ਅਮਰੀਕਾ ਵਿਚ ਤਾਂ 'ਕਾਹਮਾ, ਕਾਹਮਾ' ਹੋਈ ਪਈ ਐ! ਹੁਣ ਤਾਂ ਸਾਰੇ ਮੁਲਕਾਂ 'ਚ ਕਾਹਮੇ ਵਾਲੇ ਝੰਡੇ ਗੱਡੀ ਬੈਠੇ ਨੇ। ਹੋਟਲਾਂ-ਰੈਸਟੋਰੈਂਟਾਂ ਵਿਚ ਬੜਾ ਨਾਂ ਹੈ। ਇਥੋਂ ਦੇ ਹਲਵਾਈ ਸਭ ਮੁਲਕਾਂ 'ਚ ਮਸ਼ਹੂਰ ਨੇ। ਗੋਰਿਆਂ ਨੂੰ ਵੀ ਮਠਿਆਈਆਂ ਖਾਣ ਲਾ ਦਿੱਤੈ! 2018 'ਚ ਆਸਟ੍ਰੇਲੀਆ ਦੇ ਬਾਡੀ-ਬਿਲਡਿੰਗ ਮੁਕਾਬਲੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ (ਜੈਲੇ ਡੀਜ਼ਲ ਦਾ ਭਤੀਜਾ) ਕਮਲਦੀਪ ਵੀ ਕਾਹਮੇ ਦੀ ਦੇਣ ਹੈ। ਨਿਊਜਰਸੀ (ਅਮਰੀਕਾ) ਵਿਖੇ ਰੱਸਾ-ਕਸ਼ੀ ਟੀਮ ਦਾ ਖਿਡਾਰੀ ਪਹਿਲਵਾਨ ਰਾਣੇ ਦੇ ਭਰਾ ਪੰਮੇ ਨੂੰ ਹਰ ਕੋਈ ਜਾਣਦੈ।

ਸ. ਸਤਨਾਮ ਸਿੰਘ ਦੇ ਘਰਵਾਲੀ ਮੈਡਮ ਪਰਮਿੰਦਰਜੀਤ ਕੌਰ ਪਿੰਡ ਦੀ ਸਰਪੰਚ ਹੈ। ਸ. ਸਤਨਾਮ ਸਿੰਘ ਹਮੇਸ਼ਾ ਉਸ ਦਾ ਸਾਥ ਦਿੰਦਾ ਹੈ। ਸਾਰੀ ਨੱਠ-ਭੱਜ ਉਹੀ ਕਰਦੈ। ਉਸ ਨਾਲ ਪਿੰਡ ਦੇ ਚਾਲੀ-ਪੰਤਾਲੀ (ਮੁੰਡੇ) ਹੋਰ ਵੀ ਸੇਵਾਦਾਰ ਹਨ। ਪਰ ਵੀਹ-ਪੱਚੀ ਸੇਵਾਦਾਰ ਚੌਵੀ ਘੰਟੇ ਤਿਆਰ ਰਹਿੰਦੇ ਹਨ। ਪਿੰਡ ਦੇ ਵਿਕਾਸ, ਖੇਡਾਂ ਅਤੇ ਪਿੰਡ 'ਚ ਲੋੜਵੰਦ ਗਰੀਬ ਪਰਿਵਾਰਾਂ ਨਾਲ ਹਮੇਸ਼ਾ ਹਰ ਤਰ੍ਹਾਂ ਨਾਲ ਖੜ੍ਹਦਾ ਹੈ। ਬਾਹਰਲੇ ਮੁਲਕਾਂ 'ਚ ਰਹਿੰਦੇ ਕਾਹਮੇ ਦੇ ਦਾਨੀ ਸੱਜਣਾਂ ਦੇ ਨਾਲ ਨਾਲ ਕਈ ਵਾਰ ਵਿਦੇਸ਼ਾਂ 'ਚ ਰਹਿੰਦੇ ਮੰਗੂਵਾਲ ਦੇ ਦਾਨੀ ਪਰਿਵਾਰ ਵੀ ਗਰੀਬ ਪਰਿਵਾਰਾਂ ਲਈ ਮਾਇਆ ਦੀ ਮਦਦ ਭੇਜ ਦਿੰਦੇ ਹਨ। ਪਿੰਡ ਦੇ ਸਾਥੀ ਸੱਜਣ ਹਮੇਸ਼ਾ ਸੰਪਰਕ ਵਿਚ ਰਹਿੰਦੇ ਨੇ। ਪਿੰਡ ਦਾ ਹਰ ਕੰਮ ਮੂਹਰੇ ਹੋ ਕੇ ਕਰਦੇ ਨੇ। ਜਰਨੈਲ ਸਿੰਘ, ਗੁਰਦਾਵਰ ਸਿੰਘ, ਅਮਰੀਕ ਸਿੰਘ ਲੇਹਲ, ਹਰਵਿੰਦਰ ਸਿੰਘ ਬਿੰਦਾ, ਗੁਰਨਾਮ ਗਾਮਾ, ਮਨਜੀਤ ਠੇਕੇਦਾਰ, ਰਾਮ ਪ੍ਰਕਾਸ਼ ਠੇਕੇਦਾਰ, ਜਸਵਿੰਦਰ ਸਿੰਘ, ਅਜਮੇਰ ਸਿੰਘ ਗੁੱਡੂ, ਕਸ਼ਮੀਰ ਸਿੰਘ, ਮਨਜੀਤ ਲਾਲ ਪੰਚ ਤੇ ਹੋਰ ਸੇਵਾਦਾਰ ਹਨ।

ਸ. ਸੁੱਚਾ ਸਿੰਘ ਕਾਹਮਾ ਵਿਲੇਜ ਯੂਥ ਕਲੱਬ ਦੇ ਫਾਊਂਡਰ ਹਨ। ਨਾਲ ਸ. ਪਿਆਰਾ ਸਿੰਘ ਰੌਸ਼ਨ, ਸ. ਸੁਰਿੰਦਰ ਸਿੰਘ ਤੇ ਬਾਬਾ ਚੈਨ ਸਿੰਘ ਹਨ। ਇਹ ਅੱਜ ਕੱਲ੍ਹ ਟੋਰਾਂਟੋ ਰਹਿੰਦੇ ਹਨ ਤੇ ਕਾਹਮਾ-ਟੋਰਾਂਟੋ ਐਸੋਸੀਏਸ਼ਨ ਬਣਾਈ ਹੋਈ ਹੈ।

ਬੜੇ ਸਾਲ ਪਹਿਲਾਂ ਬਣਾਈ ਉਸ ਸੰਸਥਾ ਨੂੰ ਚਲਦੀ ਰੱਖਣ ਲਈ ਸ. ਸਤਨਾਮ ਸਿੰਘ ਬੜੇ ਵਧੀਆ ਤਰੀਕੇ ਨਾਲ ਚਲਾ ਰਿਹੈ। ਇਸ ਵਕਤ ਵਿਲੇਜ ਯੂਥ ਕਲੱਬ ਵੱਲੋਂ ਪਿੰਡ ਵਿਚ ਸਾਫ-ਸਫਾਈ ਦਾ ਬੜਾ ਖਿਆਲ ਰੱਖਿਆ ਜਾਂਦੈ। ਕੂੜਾ ਸੁੱਟਣ ਲਈ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਵਾਂਗ ਡਰੰਮ ਰੱਖੇ ਹੋਏ ਨੇ। ਮੀਂਹ ਦੇ ਪਾਣੀ ਅਤੇ ਰੋਜ਼ਾਨਾ ਨਿਕਾਸ ਦੇ ਪਾਣੀ ਦਾ ਪ੍ਰਬੰਧ ਵਧੀਆ ਢੰਗ ਨਾਲ ਕੀਤਾ

ਹੋਇਐ। ਅੱਡੇ ਨੇੜਲੇ ਵੱਡੇ ਛੱਪੜ ਦੇ ਗੰਦੇ ਪਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਪਾਣੀ ਸਾਫ ਕੀਤਾ ਹੋਇਐ। ਪਿੰਡ 'ਚ ਸਾਈਨ-ਬੋਰਡ ਲੱਗੇ ਹੋਏ ਨੇ। ਸਾਫ-ਸਫਾਈ ਰੱਖਣ 'ਚ ਪਿੰਡ ਦੇ ਸਮੂਹ ਨਗਰ ਨਿਵਾਸੀ ਵੀ ਬੜਾ ਸਾਥ ਦਿੰਦੇ ਨੇ।

ਉਹ ਅਮਰੀਕਾ ਅਤੇ ਟੋਰਾਂਟੋ ਤੇ ਵੈਨਕੂਵਰ ਸਮੇਤ ਕੈਨੇਡਾ ਦੇ ਕਈ ਸ਼ਹਿਰਾਂ 'ਚ ਘੁੰਮ ਆਇਐ। ਉਥੇ ਵਸਦੇ ਪਿੰਡ ਵਾਸੀਆਂ, ਰਿਸ਼ਤੇਦਾਰਾਂ ਤੇ ਯਾਰਾਂ-ਬੇਲੀਆਂ ਬੜਾ ਮਾਣ-ਸਤਿਕਾਰ ਦਿੱਤਾ। ਕਾਹਮਾ ਵਾਸੀਆਂ ਪਿੰਡ ਦੇ ਭਲਾਈ ਕੰਮਾਂ ਵਾਸਤੇ ਵਾਹਵਾ ਮਾਇਆ ਦਿੱਤੀ। ਵਿਦੇਸ਼ਾਂ ਵਿਚੋਂ ਮਾਇਆ ਇਕੱਤਰ ਕਰ ਕੇ ਉਹ ਕਾਹਮੇ ਦੇ ਵਿਕਾਸ, ਖੇਡਾਂ, ਹੈਲਥ ਕਲੱਬ ਅਤੇ ਲੋਕ ਭਲਾਈ ਦੇ ਕਾਰਜਾਂ 'ਤੇ ਲਾ ਰਿਹੈ। ਪੱਚੀ ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿਚ ਦੋ ਜਿੰਮ ਬਣੇ ਹੋਏ ਨੇ। ਇਕ ਨੌਜਵਾਨਾਂ ਲਈ ਤੇ ਦੂਜਾ ਔਰਤਾਂ ਲਈ। ਜੱਬੋਵਾਲ, ਮੱਲਪੁਰ, ਬੈਂਸਾਂ, ਭੂਤਾਂ, ਮੰਗੂਵਾਲ, ਕਰੀਹਾ ਪਿੰਡਾਂ ਦੇ ਨੌਜਵਾਨ ਜਿੰਮ ਕਰਨ ਆਉਂਦੇ ਨੇ, ਪਰ ਜ਼ਿਆਦਾਤਰ ਕਾਹਮੇ ਦੇ ਗੱਭਰੂ ਹੁੰਦੇ ਨੇ। ਅੱਠ ਸਾਲ ਤੋਂ ਸਤਾਰ੍ਹਾਂ ਸਾਲ ਦੇ ਬੱਚਿਆਂ ਲਈ ਜਿੰਮ ਬਿਲਕੁਲ ਮੁਫਤ ਹੈ। ਖਾਣਾ-ਪੀਣਾ, ਰਿਹਾਇਸ਼ ਤੇ ਦਾਖਲਾ ਮੁਫਤ ਹੈ।

ਸ. ਸਤਨਾਮ ਸਿੰਘ ਵਿਲੇਜ ਯੂਥ ਕਲੱਬ ਦਾ ਪ੍ਰਧਾਨ, ਫੁੱਟਬਾਲ ਅਕੈਡਮੀ ਦਾ ਪ੍ਰਧਾਨ, ਜਿੰਮ ਦਾ ਪ੍ਰਧਾਨ ਤੇ ਹਰ ਸਾਲ ਪਿੰਡ 'ਚ ਹੁੰਦੀ ਛਿੰਝ ਦੀ ਜ਼ਿੰਮੇਵਾਰੀ ਵਧੀਆ ਢੰਗ ਨਾਲ ਨਿਭਾਉਂਦਾ ਹੈ। ਸ. ਅਜਮੇਰ ਸਿੰਘ ਗੁੱਡੂ ਵੀ ਹਮੇਸ਼ਾ ਨਾਲ ਜ਼ਿੰਮੇਵਾਰੀਆਂ ਨਿਭਾ ਰਿਹੈ। ਗੱਲ ਕੀ, ਪਿੰਡ ਦੇ ਵਿਕਾਸ ਕੰਮਾਂ ਤੇ ਖੇਡਾਂ 'ਚ ਸਾਥੀਆਂ ਦੇ ਸਹਿਯੋਗ ਨਾਲ ਹਰ ਤਰ੍ਹਾਂ ਸੇਵਾ ਨਿਭਾ ਰਿਹੈ। ਪੰਜਾਬ ਪੁਲਿਸ ਵਿਚ ਏ. ਐਸ. ਆਈ. ਦੀ ਨੌਕਰੀ ਦੇ ਨਾਲ ਨਾਲ ਸ. ਦਿਲਬਾਗ ਸਿੰਘ ਤੋਂ ਲੈ ਕੇ ਚੰਨੀ, ਸ. ਪ੍ਰਕਾਸ਼ ਸਿੰਘ, ਵਿਧਾਇਕਾ ਬੀਬੀ ਗੁਰਇਕਬਾਲ ਕੌਰ ਬਬਲੀ ਤੇ ਹੁਣ ਅੰਗਦ ਸੈਣੀ ਤੱਕ ਨਾਲ ਅੰਗ ਰੱਖਿਅਕ ਦੇ ਤੌਰ 'ਤੇ ਹਮੇਸ਼ਾ ਨਾਲ ਹੈ।

ਕਾਹਮੇ ਦੇ ਦਰਿਆ ਦਿਲ ਦਿਲਾਵਰ ਸਿੰਘ ਦਾਵਰੀ ਦੀ ਬਦੌਲਤ ਮੈਂ (ਇਕਬਾਲ ਜੱਬੋਵਾਲੀਆ) ਅਮਰੀਕਾ ਦੀ ਧਰਤੀ 'ਤੇ ਬੈਠਾ ਹਾਂ। ਮੇਰੀ ਖੁਸ਼ਗਵਾਰ ਜ਼ਿੰਦਗੀ 'ਚ ਉਹਦੀ ਬੜੀ ਦੇਣ ਹੈ। ਮੇਰਾ ਰੋਮ ਰੋਮ ਅਤੇ ਸਵਾਸ ਸਵਾਸ ਕਾਹਮੇ ਦੀ ਮਿੱਟੀ ਲਈ ਆਖਰੀ ਸਵਾਸਾਂ ਤੱਕ ਰਿਣੀ ਰਹੇਗਾ।

ਕਾਹਮੇ ਦੇ ਵਿਕਾਸ ਕਾਰਜਾਂ, ਖੇਡਾਂ, ਹੈਲਥ ਕਲੱਬ ਅਤੇ ਲੋਕ ਭਲਾਈ ਵਰਗੇ ਕੰਮਾਂ ਤੋਂ ਪੰਜਾਬ ਦੇ ਹੋਰ ਪਿੰਡਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ, ਜੋ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਦੇ ਹਨ। ਫੁੱਟਬਾਲ ਤਾਂ ਕਾਹਮੇ ਦੀ ਮਿੱਟੀ ਤੇ ਪਾਣੀ 'ਚ ਸਮਾਇਆ ਹੋਇਐ। ਪਿੰਡ ਦੀਆਂ 'ਏ' ਅਤੇ

'ਬੀ' ਦੋਵੇਂ ਟੀਮਾਂ ਹਮੇਸ਼ਾ ਤਿਆਰ ਰਹਿੰਦੀਆਂ ਨੇ। ਕਾਹਮਾ ਇਲਾਕੇ ਦੀ ਵਧੀਆ ਮਿਸਾਲ ਹੈ।

"ਚੱਲ ਫਕੀਰਾ ਕਾਹਮੇ ਚੱਲੀਏ,
ਮਿਲਣ ਖਿਡਾਰੀ ਮੰਨੇ।
ਜ਼ੋਰ ਜ਼ੋਰ ਦੀ ਮਾਰਨ ਸ਼ਾਟਾਂ,
ਦੂਰ ਟਪਾਉਂਦੇ ਬੰਨੇ।
ਖੇਡਾਂ ਤੇ ਵਿਕਾਸ ਫਕੀਰਾ,
ਕਾਹਮਾ ਇਤਿਹਾਸਕ ਪੰਨੇ।
ਗੁਰੂਆਂ ਪੀਰਾਂ ਦਾ ਓਟ ਆਸਰਾ 'ਇਕਬਾਲ ਸਿਆਂ'
ਕਲਮ ਦੀ ਤਾਕਤ ਦੁਨੀਆਂ ਮੰਨੇ।"

# ਕਬੱਡੀ, ਕੁਸ਼ਤੀ, ਬਾਕਸਿੰਗ ਤੇ ਰੱਸਾਕਸ਼ੀ ਦਾ ਸ਼ੇਰ—ਸ਼ੰਕਰੀਆ ਪਾਲਾ

ਪੰਜਾਬ ਦੇ ਪ੍ਰਸਿੱਧ ਪਿੰਡ ਸ਼ੰਕਰ ਨੇ ਬੜੇ ਬੜੇ ਧੱਕੜ ਪਹਿਲਵਾਨ ਤੇ ਕਬੱਡੀ ਖਿਡਾਰੀ ਪੈਦਾ ਕੀਤੇ ਹਨ। ਗੁਰਦਾਵਰ, ਧਿਆਨ ਸਿੰਘ ਧਿਆਨਾ (ਪਾਲੇ ਦਾ ਪਿਤਾ) ਸਰਬਣ ਢਾਡੀ, ਧੰਨੋ, ਮੋਹਣ ਸਿੰਘ ਪੁਰੇਵਾਲ, ਥੰਮਣ ਸਿੰਘ, ਨਿਰੰਜਨ ਸਿੰਘ, ਚੈਨ ਸਿੰਘ, ਅਜੈਬ ਸਿੰਘ ਭਲਵਾਨ ਅਤੇ ਕਬੱਡੀ ਵਿਚ ਪਾਲਾ, ਘੁੱਗਾ, ਗੁਰਦਿਆਲ, ਜੈਸੀ, ਲੱਖੀ, ਬੁੱਧੂ, ਅਜੈਬ, ਦੇਬਾ, ਅਮਰਜੀਤ ਅਤੇ ਜਸਵੀਰ ਦੇ ਨਾਂ ਜ਼ਿਕਰਯੋਗ ਹਨ।

ਪਾਲੇ ਨੇ ਪਹਿਲਵਾਨੀ, ਕਬੱਡੀ, ਬਾਕਸਿੰਗ ਤੇ ਰੱਸਾਕਸ਼ੀ ਵਿਚ ਵੱਡੀਆਂ ਮੱਲਾਂ ਮਾਰ ਪਿੰਡ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ। ਰੱਸਾਕਸ਼ੀ 'ਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕਰ ਟੋਕੀਓ, ਜਪਾਨ, ਸਾਊਥ ਕੋਰੀਆ, ਸਿੰਘਾਪੁਰ, ਮਲੇਸ਼ੀਆ ਆਦਿ ਮੁਲਕਾਂ ਦੀਆਂ ਟੀਮਾਂ ਨਾਲ ਮੁਕਾਬਲੇ ਲੜੇ।

12 ਅਕਤੂਬਰ 1952 ਨੂੰ ਸ਼ੰਕਰ ਜਨਮੇ ਪਾਲੇ ਨੇ 9ਵੀਂ ਪਿੰਡੋਂ ਤੇ 10ਵੀਂ 'ਚ ਸਪੋਰਟਸ ਸਕੂਲ ਜਲੰਧਰ ਜਾ ਦਾਖਲ ਹੋਇਆ। ਉਥੇ ਪ੍ਰਸਿੱਧ ਕਬੱਡੀ ਕੋਚ ਅਜੀਤ ਸਿੰਘ ਮਾਲੜੀ ਦੀ ਛਤਰ-ਛਾਇਆ ਹੇਠ ਪਾਲੇ ਨੇ ਕੁਸ਼ਤੀਆਂ ਸ਼ੁਰੂ ਕਰ ਦਿੱਤੀਆਂ। ਪਾਲੇ ਦਾ ਪਿਤਾ ਧਿਆਨ ਸਿੰਘ ਉਰਫ ਧਿਆਨਾ ਪਹਿਲਵਾਨ ਵੀ ਚਾਹੁੰਦਾ ਸੀ ਕਿ ਪਾਲਾ ਪਹਿਲਵਾਨ ਬਣੇ। ਪਾਲੇ ਦੇ ਬਾਬੇ ਹੋਰੀਂ ਦੋ ਭਰਾ ਸਨ। ਬਾਬਾ ਪੂਰਨ ਸਿੰਘ ਵੀ ਭਲਵਾਨ ਸੀ। ਬਾਬੇ ਦੇ ਭਰਾ ਨਿਰੰਜਨ ਸਿੰਘ ਦਾ ਬੇਟਾ ਡਾ. ਸੰਤੋਖ ਸਿੰਘ ਤੱਖਰ ਕੈਲੀਫੋਰਨੀਆ ਹੈ।

1969 'ਚ ਪਾਲੇ ਨੇ ਸਪੋਰਟਸ ਸਕੂਲ ਕੁਸ਼ਤੀ ਲੜਨੀ ਸ਼ੁਰੂ ਕੀਤੀ। ਪਹਿਲੇ ਸਾਲ ਹੀ ਪੰਜਾਬ ਸਕੂਲ ਕੁਸ਼ਤੀ ਮੁਕਾਬਲਿਆਂ 'ਚ ਪਹਿਲੇ ਥਾਂ ਰਿਹਾ। ਓਪਨ ਵੇਟ ਵਿਚ ਅੰਬਰਸਰੀਆ ਬਿੱਲਾ ਪਹਿਲੇ ਥਾਂ ਰਿਹਾ। ਉਸੇ ਸਾਲ ਦਿੱਲੀ ਨੈਸ਼ਨਲ ਮੁਕਾਬਲਿਆਂ ਵਿਚ ਪਾਲੇ ਨੇ ਦਿੱਲੀ ਦੇ ਤਕੜੇ ਪਹਿਲਵਾਨ ਜਗਨ ਨਾਥ ਨੂੰ ਹਰਾਇਆ।

ਪੰਜਾਬ ਪੰਚਾਇਤੀ ਰਾਜ ਦੀਆਂ ਖੇਡਾਂ ਦੇ ਚਾਰ ਸਾਲ ਮੁਕਾਬਲੇ ਲੜੇ ਤੇ ਗੋਲਡ ਮੈਡਲ ਜਿੱਤੇ। 1970 'ਚ ਤਲਵੰਡੀ ਸਾਬੋ, 1971 'ਚ ਕਰਿਆਮ (ਨਜ਼ਦੀਕ ਨਵਾਂ ਸ਼ਹਿਰ), 1972 'ਚ ਨੂਰਪੁਰ ਬੇਦੀ, 1973 'ਚ ਫਿਰ ਤਲਵੰਡੀ ਸਾਬੋ ਵਿਚ ਜੇਤੂ ਰਿਹਾ। ਸ਼ਰੀਂਹ (ਸ਼ੰਕਰ) ਕੁਸ਼ਤੀਆਂ 'ਚ ਮੇਹਰਦੀਨ ਨੇ ਪਾਲੇ ਤੇ ਜੰਡਿਆਲੇ ਦੇ ਮੋਹਣੇ ਪਹਿਲਵਾਨ ਦੀ ਕੁਸ਼ਤੀ ਕਰਾਈ। ਪਾਲੇ ਨੇ ਮੋਹਣੇ ਨੂੰ ਬੜੇ ਜ਼ੋਰ ਨਾਲ ਹਰਾਇਆ। ਗੇਜੀ ਭਲਵਾਨ ਨੂੰ ਕੰਗ ਸਾਬੂ, ਪਟਿਆਲੇ ਵਾਲੇ ਦਵਿੰਦਰ ਨੂੰ ਪੱਦੀ ਜਾਗੀਰ ਤੇ ਹਰਭਜਨ ਸੱਘਵਾਲ ਨੂੰ ਲੱਲੀਆਂ ਛਿੰਜ 'ਚ ਹਰਾਇਆ।

ਅਗਲੇ ਸਾਲ ਫਿਰ ਪੰਜਾਬ ਦੇ ਸਕੂਲੀ ਮੁਕਾਬਲੇ ਹੁਸ਼ਿਆਰਪੁਰ ਹੋਏ। ਉਥੇ ਵੀ ਪਾਲਾ ਅੰਬਰਸਰ ਦੇ ਪ੍ਰਸਿੱਧ ਪਹਿਲਵਾਨ ਗੁਪਾਲੇ ਨੂੰ ਹਰਾ ਕੇ ਪ੍ਰਥਮ ਰਿਹਾ। ਸਕੂਲਾਂ ਦੀ ਦੂਜੀ ਆਲ ਇੰਡੀਆ ਨੈਸ਼ਨਲ ਲਖਨਊ ਹੋਈ ਤੇ ਮੁਕਾਬਲੇ 'ਚ ਸਿਲਵਰ ਮੈਡਲ ਜਿੱਤਿਆ। 1971 ਪੰਜਾਬ ਸਕੂਲਾਂ ਦੀ ਨੈਸ਼ਨਲਸ਼ਿਪ ਹੁਸ਼ਿਆਰਪੁਰ ਹੋਈ। ਉਥੇ ਕਰਤਾਰ ਤੇ ਕਮਲ ਵੀ ਆਏ ਹੋਏ ਸਨ। ਵੱਖੋ ਵੱਖ ਭਾਰ ਵਰਗ ਵਿਚ ਤਿੰਨੇ ਜੇਤੂ ਰਹੇ। ਕਮਲ ਨੇ 71, ਕਰਤਾਰ ਨੇ 68 ਤੇ ਪਾਲੇ ਨੇ 62 ਕਿੱਲੋ ਵਰਗ ਵਿਚ ਪਹਿਲੇ ਸਥਾਨ ਲਏ।

1972 'ਚ ਅੰਮ੍ਰਿਤਸਰ ਯੂਨੀਵਰਸਿਟੀ ਟਰਾਇਲਾਂ 'ਚ ਪਾਲੇ ਨੇ ਕਰਤਾਰ ਪਹਿਲਵਾਨ ਨੂੰ ਹਰਾਇਆ। ਮੁਕਾਬਲਿਆਂ 'ਚ ਜਾਣ ਤੋਂ ਪਹਿਲਾਂ ਕੈਂਪ ਅੰਮ੍ਰਿਤਸਰ ਲੱਗਾ ਜਿਥੇ ਬਿੱਲਾ, ਕਰਤਾਰ, ਗੁਰਚਰਨ ਤੇ ਅਮਰ ਸਿੰਘ ਵੀ ਸਨ। ਪਾਲੇ ਦੀ ਕਰਤਾਰ ਨਾਲ ਕੁਸ਼ਤੀ ਹੋਈ। ਕਿਸੇ ਨੇ ਕੋਈ ਪੁਆਇੰਟ ਨਾ ਲਿਆ। ਦੋਵੇਂ ਬਰਾਬਰ ਰਹੇ। ਉਸੇ ਸਾਲ ਟੀਮ ਆਸਟ੍ਰੇਲੀਆ ਜਾਣੀ ਸੀ ਤੇ ਉਥੇ ਵਰਲਡ ਯੂਨੀਵਰਸਿਟੀ ਮੁਕਾਬਲੇ ਹੋਣੇ ਸਨ। ਮਸਲਾ ਖੜ੍ਹਾ ਹੋ ਗਿਆ ਕਿ ਦੋਨਾਂ 'ਚੋਂ ਕਿਸ ਨੂੰ ਲਿਜਾਇਆ ਜਾਵੇ। ਮਸਲਾ ਪਾਲੇ ਨੇ ਹੱਲ ਕੀਤਾ ਅਤੇ ਖੇਡ ਭਾਵਨਾ ਦੀ ਮਿਸਾਲ ਦਿੰਦਿਆਂ ਪਾਲੇ ਨੇ ਸਲਾਹ ਦਿੱਤੀ ਕਿ ਕਰਤਾਰ ਦਾ ਨੰਬਰ ਲਾ ਦਿਓ। ਆਗਰਾ ਯੂਨੀਵਰਸਿਟੀ ਦੇ 68 ਕਿਲੋਗ੍ਰਾਮ ਵਰਗ ਮੁਕਾਬਲਿਆਂ ਵਿਚ ਵੇਦ ਪਹਿਲਵਾਨ ਨੇ ਕਰਤਾਰ ਨੂੰ ਹਰਾ ਦਿੱਤਾ।

1972 'ਚ ਓਪਨ ਨੈਸ਼ਨਲ ਮੁਕਾਬਲੇ ਬਨਾਰਸ ਹੋਏ। ਰਸਾਲ ਸਿੰਘ ਤੇ ਸੱਜਣ ਸਿੰਘ ਪਹਿਲਵਾਨ ਉਥੇ ਆਏ ਹੋਏ ਸਨ। ਪਾਲੇ ਨੇ ਉਥੇ 74 ਕਿੱਲੋ ਵਰਗ 'ਚ ਸੀਨੀਅਰ ਨੈਸ਼ਨਲ ਲੜੀ ਤੇ ਤੀਜੇ ਥਾਂ ਰਿਹਾ। ਖਾਲਸਾ ਕਾਲਜ ਵੱਲੋਂ ਯੂਨੀਵਰਸਿਟੀ ਮੁਕਾਬਲਿਆਂ ਵਿਚ ਹਿੱਸਾ ਲਿਆ। ਭਾਰਤ ਦੇ ਪ੍ਰਸਿੱਧ ਕੋਚ ਸੋਂਧੀ ਸਾਹਿਬ ਦਾ ਛੋਟਾ ਭਰਾ ਜੈਲਾ, ਰਾਣਾ ਅਠੌਲਾ ਤੇ ਸ਼ੰਕਰੀਆ ਜੋਗਾ ਨਾਲ ਸਨ। ਤਿੰਨਾਂ ਨੇ ਯੂਨੀਵਰਸਿਟੀ ਵਿਚੋਂ ਪਹਿਲੀਆਂ ਪੁਜ਼ੀਸ਼ਨਾਂ ਲਈਆਂ। ਅਠੌਲੇ ਵਾਲਾ ਰਾਣਾ ਹੁਣ ਅਮਰੀਕਾ ਦੇ ਸ਼ਹਿਰ ਨਿਊਜਰਸੀ ਰਹਿੰਦਾ ਹੈ।

1972-73 'ਚ ਪਾਲਾ ਖਾਲਸਾ ਕਾਲਜ ਜਲੰਧਰ ਚਲੇ ਗਿਆ। ਸੱਘਵਾਲ ਵਾਲੇ ਜਗੀਰ ਸਿੰਘ ਕੋਚ ਤੋਂ ਸਿਖਲਾਈ ਲਈ। ਤਿੰਨ ਸਾਲ ਯੂਨੀਵਰਸਿਟੀ ਮੁਕਾਬਲਿਆਂ ਵਿਚ ਪਹਿਲੀ ਪੁਜ਼ੀਸ਼ਨ ਲਈ ਤੇ 'ਰੋਲ ਆਫ ਆਨਰ' ਦਾ ਖ਼ਿਤਾਬ ਲਿਆ। 1976-77 'ਚ ਪਟਿਆਲੇ ਤੋਂ ਐਨ. ਆਈ. ਐਸ. ਕੀਤੀ ਤੇ ਫਿਰ ਵੀ ਪਾਲਾ ਘੁਲਦਾ ਰਿਹਾ। ਸ਼ੰਕਰ ਕੁਸ਼ਤੀਆਂ 'ਚ ਬੰਸੀਆਂ ਵਾਲੇ ਰੇਸ਼ਮ ਨਾਲ ਪਟਕੇ ਦੀ ਕੁਸ਼ਤੀ ਬਰਾਬਰ ਰਹੀ। ਨਕੋਦਰ ਮੇਹਰਦੀਨ ਦੇ ਸ਼ਾਗਿਰਦ ਮਿਲਟਰੀ ਦੇ 'ਭਾਰਤ ਕੇਸਰੀ' ਕਪੂਰਥਲੀਏ ਹਰਬੰਸ ਭਲਵਾਨ ਨਾਲ ਓਪਨ ਭਾਰ ਪਟਕੇ ਦੀ ਕੁਸ਼ਤੀ ਵਿਚ ਪਾਲਾ ਦੂਜੇ ਥਾਂ ਰਿਹਾ।

ਕੁਸ਼ਤੀਆਂ ਪਿਛੋਂ ਪਾਲਾ ਕਬੱਡੀ ਵੱਲ ਹੋ ਤੁਰਿਆ, ਜਿਸ ਦਾ ਸ਼ੌਕ ਉਹਨੂੰ ਸਪੋਰਟਸ ਸਕੂਲ ਵਿਚ ਹੀ ਪੈ ਗਿਆ ਸੀ। ਖਾਲਸਾ ਕਾਲਜ ਜਾ ਕੇ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ। ਚਾਰ ਸਾਲ ਯੂਨੀਵਰਸਿਟੀ ਖੇਡਿਆ ਤੇ ਚਾਰੇ ਸਾਲ ਟੀਮ ਨੈਸ਼ਨਲ ਵਿਚੋਂ ਫਸਟ ਆਉਂਦੀ ਰਹੀ। ਦੂਜੇ ਪਾਸੇ ਬਲਵਿੰਦਰ ਫਿੱਡੂ, ਸ਼ਿਵਦੇਵ, ਅਮਰਜੀਤ ਜਿਹੇ ਤਕੜੇ ਖਿਡਾਰੀ ਹੁੰਦੇ ਸਨ। 3 ਸਾਲ ਲਗਾਤਾਰ ਜਿੱਤਦੇ ਰਹੇ। ਪੰਜਾਬ ਵੱਲੋਂ ਤਿੰਨ ਨੈਸ਼ਨਲ ਮੁਕਾਬਲੇ ਜਲੰਧਰ ਖੇਡੇ। ਪੰਜਾਬ ਵਿਰੁੱਧ ਖੇਡਦੀ ਚੰਡੀਗੜ੍ਹ ਟੀਮ ਦਾ ਪਾਲਾ ਕਪਤਾਨ ਸੀ।

ਗੁਰੂ ਗੋਬਿੰਦ ਸਿੰਘ ਸਟੇਡੀਅਮ ਮੁਕਾਬਲੇ ਵਿਚ ਪਹਿਲਾਂ ਮਹਾਰਾਸ਼ਟਰ ਤੇ ਫਿਰ ਕਰਨਾਟਕ ਨੂੰ ਹਰਾਇਆ। ਕੁਆਰਟਰ ਫਾਈਨਲ ਪੰਜਾਬ ਨਾਲ ਹੋਈ। ਪੰਜਾਬ, ਚੰਡੀਗੜ੍ਹ, ਮੈਸੂਰ ਤੇ ਹੈਦਰਾਬਾਦ ਨੇ ਹਿੱਸਾ ਲਿਆ। ਬੇਇਨਸਾਫੀ ਹੋਣ ਕਰਕੇ ਪਾਲੇ ਹੁਣਾਂ ਦੀ ਟੀਮ ਸੈਮੀ ਫਾਈਨਲ ਵਿਚੋਂ ਵਾਕ-ਆਊਟ ਕਰ ਗਈ। ਪੰਜਾਬ ਸਟਾਇਲ ਓਪਨ ਕਬੱਡੀ ਵਿਚੋਂ ਦੋ ਸਾਲ ਪਹਿਲੇ ਨੰਬਰ 'ਤੇ ਆਉਂਦੇ ਰਹੇ। ਜਲੰਧਰ ਲਾਗੇ ਕੋਟਲੀ ਥਾਨ ਸਿੰਘ ਹੋਏ ਮੈਚ ਵਿਚ ਪਾਲਾ, ਘੁੱਗਾ, ਚਮਕੌਰ ਤਲਵੰਡੀ ਫੱਤੂ, ਬਲਵੀਰ ਤੀਲ੍ਹੀ, ਅੰਬੀ ਸ਼ੰਕਰ, ਲੱਖੀ ਢਾਡੀ ਸ਼ੰਕਰ, ਸ਼ਿੰਦਾ ਅਟਵਾਲ ਬਹਿਰਾਮ, ਧਰਮੇ ਅਤੇ ਮੋਹਣੇ ਨੇ ਖੇਡ ਦੇ ਜੌਹਰ ਵਿਖਾਏ।

ਦਸੂਹੇ ਪੰਜਾਬ ਪੰਚਾਇਤੀ ਰਾਜ ਖੇਡਾਂ ਵਿਚ ਜਿੱਤ ਪ੍ਰਾਪਤ ਕੀਤੀ। ਸੈਮੀ ਫਾਈਨਲ ਦਾ ਪਹਿਲਾ ਮੈਚ ਹੁਸ਼ਿਆਰਪੁਰ ਨਾਲ ਹੋਇਆ। ਪਹਿਲੇ ਅੱਧ ਵਿਚ ਹੁਸ਼ਿਆਰਪੁਰ ਵਾਲੇ ਜਿੱਤਦੇ ਰਹੇ। ਮੀਂਹ ਪੈਣ ਕਾਰਨ ਮੈਚ ਵਿਚਾਲੇ ਰੋਕਣਾ ਪਿਆ। ਮੈਚ ਦੁਬਾਰਾ ਸ਼ੁਰੂ ਹੋਇਆ ਤਾਂ ਪਾਲੇ ਹੋਰਾਂ ਧੂੜਾਂ ਪੱਟ ਦਿੱਤੀਆਂ। ਤਿੰਨਾਂ ਨੰਬਰਾਂ ਨਾਲ ਫਿਰ ਹੁਸ਼ਿਆਰਪੁਰ ਨੂੰ ਜਿੱਤੇ। ਇਧਰੋਂ ਰੇਡਰਾਂ ਵਿਚ ਪਾਲਾ, ਗੁਰਦਿਆਲ, ਮੋਹਣਾ ਤੇ ਸ਼ਿੰਦਾ ਅਟਵਾਲ ਬਹਿਰਾਮ ਅਤੇ ਸਟੱਪਰਾਂ ਵਿਚ ਘੁੱਗਾ, ਕੁਲਦੀਪ ਪੁਰੇਵਾਲ, ਲੱਖੀ ਤੇ ਅੰਬੀ ਸਨ, ਜਦਕਿ ਹੁਸ਼ਿਆਰਪੁਰ ਦੀ ਟੀਮ ਵਿਚ ਰਾਵਲ ਮਾਣਕ ਢੇਰੀ, ਕਰਨੈਲ, ਤਾਰੀ ਤੇ ਤੀਰਥੇ ਵਰਗੇ ਤਕੜੇ ਖਿਡਾਰੀ ਸਨ। ਫਾਈਨਲ ਫਰੀਦਕੋਟ ਨਾਲ ਸੀ, ਟੀਮ

ਦੇ ਨਵਤੇਜ ਤੇ ਜਗਦੇਵ ਤਕੜੇ ਸਟੱਪਰ ਸਨ। ਪਾਲੇ ਨੂੰ ਉਹ ਇਕ ਵਾਰ ਵੀ ਨਾ ਰੋਕ ਸਕੇ। ਸ਼ੰਕਰ ਸ਼ੋਅ ਮੈਚ ਵਿਚ ਦਾਦੂਵਾਲ ਦੇ 9 ਅਤੇ ਪਾਲੇ ਹੋਰਾਂ ਦੇ 25 ਨੰਬਰ ਸਨ।

1974 'ਚ ਕਬੱਡੀ ਟੀਮ ਨਾਲ ਉਹ ਇੰਗਲੈਂਡ ਖੇਡਣ ਗਿਆ। ਰੇਡਰਾਂ 'ਚ ਪਾਲਾ, ਪ੍ਰੀਤਾ, ਦੇਵੀ ਦਿਆਲ, ਰਸਾਲ ਸਿੰਘ ਰਸਾਲਾ, ਸੱਤਾ ਅੰਬਰਸਰ, ਜੀਤਾ ਸਿਪਾਹੀ, ਗੁਰਦਿਆਲ ਸ਼ੰਕਰ, ਮੋਹਣਾ ਜੰਡਿਆਲਾ, ਭੱਜੀ ਖੁਰਦਪੁਰ, ਹੰਸਾ ਢੰਡੋਵਾਲ, ਜੱਗੀ ਉਗੀ ਚਿੱਟੀ ਤੇ ਸਟੱਪਰਾਂ ਵਿਚ ਘੁੱਗਾ ਸ਼ੰਕਰ, ਪਿੰਦਰ ਫਰੀਦਕੋਟ, ਸੁਰਜੀਤ ਲੁਧਿਆਣਾ ਅਤੇ ਦਰਸ਼ਨ ਲੁਧਿਆਣਾ ਸਨ। ਉਥੇ 6 ਮੈਚ ਖੇਡੇ। ਦੋ ਮੈਚ ਪਾਲੇ ਦੀ ਟੀਮ ਨੇ ਜਿੱਤੇ ਤੇ ਚਾਰ ਇੰਗਲੈਂਡ ਵਾਲਿਆਂ।

ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਨੂੰ ਉਹ ਤਕੜਾ ਖਿਡਾਰੀ ਤੇ ਵਧੀਆ ਕੋਚ ਮੰਨਦਾ ਹੈ। ਰੁਸਤਮੇ-ਹਿੰਦ ਪਹਿਲਵਾਨ ਸੁਖਵੰਤ ਸਿੰਘ ਪੱਦੀ ਜਗੀਰ ਵਾਲੇ ਨਾਲ ਵਧੀਆ ਪਰਿਵਾਰਕ ਸਬੰਧ ਹਨ। ਨਡਾਲੇ ਵਾਲਾ ਪ੍ਰੀਤਾ 'ਆਇਆ ਪ੍ਰੀਤਾ ਗਿਆ ਪ੍ਰੀਤਾ' ਅਤੇ ਸੰਧਵਾਂ ਵਾਲੇ ਹਰਭਜਨ ਸਿੰਘ ਭੱਜੀ (ਵੇਟ ਲਿਫਟਰ ਤੇ ਕਬੱਡੀ ਖਿਡਾਰੀ) ਨਾਲ ਸਾਲਾਂਬੱਧੀ ਪਿਆਰ ਰਿਹਾ। ਕਬੱਡੀ ਕੈਂਚੀ ਦਾ ਥੰਮ੍ਹ ਮੱਲਪੁਰੀਆ ਹਰੀ ਪਾਲੇ ਦੀ ਕਬੱਡੀ ਨੂੰ ਅੱਜ ਵੀ ਯਾਦ ਕਰਦਾ ਹੈ।

ਪਾਲੇ ਨੇ ਵਰਜਿਸ਼ ਵੀ ਵਾਹਵਾ ਕੀਤੀ। ਰੋਜ਼ ਸਵੇਰੇ ਚਾਰ ਵਜੇ ਉਠ ਖੜ੍ਹਨਾ। ਘੁੱਗਾ ਤੇ ਅਜੈਬ ਵੀ ਨਾਲ ਹੁੰਦੇ। ਰੋਜ਼ਾਨਾ 4-5 ਮੀਲ ਦੌੜਨਾ, ਡੰਡ-ਬੈਠਕਾਂ, ਡੰਬਲ ਫੇਰਨੇ ਤੇ ਰੱਸੇ ਨਾਲ ਟਾਹਲੀ 'ਤੇ ਚੜ੍ਹਨਾ। ਖੁਰਾਕ ਵੱਲੋਂ ਵੀ ਕੋਈ ਕਸਰ ਨਾ ਛੱਡੀ। ਰੋਜ਼ ਬਦਾਮਾਂ ਦੀ ਸ਼ਰਦਈ, ਫਲ-ਫਰੂਟ, ਦੁੱਧ ਤੇ ਕਦੇ ਕਦੇ ਮੀਟ। ਨਸ਼ੇ ਤੋਂ ਕੋਹਾਂ ਦੂਰ।

ਪੰਜਾਬ ਵੱਲੋਂ ਜੈਪੁਰ, ਚੰਡੀਗੜ੍ਹ ਅਤੇ ਆਸਨ ਸੋਲ (ਕਲਕੱਤਾ) ਨੈਸ਼ਨਲ ਖੇਡੀ। ਲਗਾਤਾਰ 3 ਸਾਲ ਯੂਨੀਵਰਸਿਟੀ ਜਿੱਤੀ। ਪਹਿਲੇ ਸਾਲ ਨਕੋਦਰ ਨਾਲ ਫਸਵਾਂ ਨੈਸ਼ਨਲ ਫਾਈਨਲ ਮੁਕਾਬਲਾ ਹੋਇਆ ਤੇ ਦੋ ਨੰਬਰਾਂ ਨਾਲ ਨਕੋਦਰ ਨੂੰ ਜਿੱਤਿਆ।

ਕੁਸ਼ਤੀ ਤੇ ਕਬੱਡੀ ਵਿਚ ਨਾਮਣਾ ਖੱਟਣ ਤੋਂ ਬਾਅਦ ਪਾਲੇ ਨੇ ਬਾਕਸਿੰਗ ਦੇ ਪ੍ਰਸਿੱਧ ਖਿਡਾਰੀ ਚਰਨਜੀਤ ਚੰਦੂ ਦੀ ਛਤਰ-ਛਾਇਆ ਹੇਠ ਬਾਕਸਿੰਗ ਸ਼ੁਰੂ ਕਰ ਦਿੱਤੀ। ਚਾਰ ਸਾਲ ਯੂਨੀਵਰਸਿਟੀ ਦੇ ਗੋਲਡ ਮੈਡਲ ਜਿੱਤੇ। ਇਕ ਸਾਲ ਇੰਟਰ ਯੂਨੀਵਰਸਿਟੀ ਦਾ ਗੋਲਡ ਮੈਡਲ ਜਿੱਤਿਆ ਅਤੇ ਅਗਲੇ ਸਾਲ ਸਿਲਵਰ ਮੈਡਲ ਲਿਆ। ਭਾਰਤੀ ਬਾਕਸਿੰਗ ਦੇ ਚੀਫ ਕੋਚ ਗੁਰਬਖਸ਼ ਸਿੰਘ ਸੰਧੂ ਤੇ ਪ੍ਰਸਿੱਧ ਬਾਕਸਰ ਗੁਰਮੀਤ ਸਿੰਘ ਵੀ ਖਾਲਸਾ ਕਾਲਜ ਦੀ ਦੇਣ ਹੈ।

ਕੁਸ਼ਤੀ ਤੇ ਕਬੱਡੀ ਵਿਚ ਬੇਅੰਤ ਮੱਲਾਂ ਮਾਰਨ ਕਰਕੇ ਪੰਜਾਬ ਸਰਕਾਰ ਤੋਂ 8 ਸਾਲ 800 ਰੁਪਏ ਮਹੀਨਾ ਵਜ਼ੀਫਾ ਲਿਆ। ਇਹ ਵਜ਼ੀਫਾ ਉਹਨੂੰ ਦਿੱਤਾ ਜਾਂਦਾ ਸੀ ਜਿਸ ਕੋਲ ਯੂਨੀਵਰਸਿਟੀ, ਨੈਸ਼ਨਲ ਜਾਂ ਪੰਜਾਬ ਦੀਆਂ ਵੱਡੀਆਂ ਖੇਡ ਪ੍ਰਾਪਤੀਆਂ

ਹੋਣ। ਪਾਲੇ ਨੇ ਤਾਕਤ ਦੀ ਰੱਜ ਕੇ ਨੁਮਾਇਸ਼ ਕੀਤੀ। ਜਿਸ ਪਾਸੇ ਵੀ ਜਾਂਦਾ, ਮੱਲਾਂ ਮਾਰਦਾ। ਟੀਮ ਬਣਾ ਕੇ ਰੱਸਾਕਸ਼ੀ ਸ਼ੁਰੂ ਕੀਤੀ। 1990 'ਚ ਟੀਮ ਉਹਦੀ ਕਪਤਾਨੀ ਹੇਠ ਏਸ਼ੀਅਨ ਚੈਂਪੀਅਨਸ਼ਿਪ ਟੋਕੀਓ ਰੱਸਾ ਖਿੱਚਣ ਗਈ। ਪਹਿਲਾ ਮੈਚ ਸਾਊਥ ਕੋਰੀਆ, ਦੂਜਾ ਸਿੰਘਾਪੁਰ ਤੇ ਤੀਜਾ ਮਲੇਸ਼ੀਆ ਨਾਲ ਹੋਇਆ। ਤਿੰਨੇ ਮੈਚ ਜਿੱਤੇ। ਚੌਥੇ ਫਾਈਨਲ ਵਿਚ ਜਪਾਨ ਤੋਂ ਹਾਰੇ। ਆਇਰਲੈਂਡ ਵਰਲਡ ਕੱਪ ਖੇਡਣ ਗਏ, ਜਿਥੇ ਇਕ ਮੈਚ ਜਿੱਤੇ ਤੇ ਦੋ ਹਾਰੇ। ਰੱਸਾਕਸ਼ੀ ਟੀਮ ਵਿਚ ਗੁਰਪਾਲ ਸਿੰਘ, ਲਹਿੰਬਰ ਸੱਘਵਾਲ, ਹਰਜਿੰਦਰ ਸਿੰਘ ਖਾਨੋਵਾਲ, ਬਲਵੀਰ ਸਿੰਘ ਕੁੱਕੜ ਪਿੰਡ, ਨਾਨਕ ਸਿੰਘ, ਜਸਵੰਤ ਸਿੰਘ, ਹਰਵਿੰਦਰ ਸਿੰਘ, ਸਰਬਜੀਤ ਸਿੰਘ, ਪਰਮਿੰਦਰ ਸਿੰਘ, ਦਲਜੀਤ ਸਿੰਘ ਤੇ ਰਣਜੀਤ ਸਿੰਘ ਸਾਥੀ ਹੁੰਦੇ।

1987 'ਚ ਪਾਲੇ ਨੇ ਕੋਚਿੰਗ ਸ਼ੁਰੂ ਕਰ ਦਿੱਤੀ। ਸ਼ੁਰੂ 'ਚ ਉਹ ਪਠਾਨਕੋਟ ਨਿਯੁਕਤ ਹੋਇਆ। ਪਹਿਲੇ ਸਾਲ ਟੀਮ ਪੰਜਾਬ 'ਚੋਂ ਤੀਜੇ ਨੰਬਰ 'ਤੇ ਰਹੀ। ਹਰਕਮਲ ਤੇ ਗੁਰਮੀਤ ਪਹਿਲੇ ਨੰਬਰ 'ਤੇ ਰਹੇ। ਗੁਰਮੀਤ ਤੇ ਹਰਦੀਪ ਸੈਕਿੰਡ। ਹਰਦੀਪ ਹੁਣ ਕੈਲੀਫੋਰਨੀਆ ਰਹਿੰਦਾ ਹੈ ਤੇ ਪਾਲੇ ਉਸਤਾਦ ਦੀ ਵਧੀਆ ਕੋਚਿੰਗ ਨੂੰ ਅੱਜ ਵੀ ਯਾਦ ਕਰਦਾ ਹੈ। ਉਹਦੇ ਦੱਸਣ ਅਨੁਸਾਰ ਕੋਚ (ਪਾਲਾ) ਸਮੇਂ ਦਾ ਪਾਬੰਦ ਸੀ ਤੇ ਸ਼ੰਕਰ ਤੋਂ ਜਲੰਧਰ ਕਾਲਜ ਦੇ ਅਖਾੜੇ ਸਾਢੇ ਚਾਰ ਵਜੇ ਸਵੇਰੇ ਸਭ ਤੋਂ ਪਹਿਲਾਂ ਪਹੁੰਚ ਜਾਂਦਾ। ਉਹਦਾ ਰੋਅਬ ਕਾਲਜ ਦੇ ਸਾਰੇ ਪਹਿਲਵਾਨ, ਖਿਡਾਰੀ ਤੇ ਵਿਦਿਆਰਥੀ ਮੰਨਦੇ ਸਨ। ਬੜਾ ਠੰਡਾ, ਸਾਊ ਤੇ ਨਿਧੱੜਕ ਸੀ ਉਹ।

1989 'ਚ ਉਹ ਜਲੰਧਰ ਦੇ ਸਪੋਰਟਸ ਸਕੂਲ 'ਚ ਕੁਸ਼ਤੀ ਕੋਚ ਨਿਯੁਕਤ ਹੋਇਆ। ਉਹਦੀ ਰਹਿਨੁਮਾਈ ਹੇਠ ਟੀਮ ਲਗਾਤਾਰ 5 ਸਾਲ ਪਹਿਲੇ ਨੰਬਰ 'ਤੇ ਆਉਂਦੀ ਰਹੀ। ਪ੍ਰਵੀਨ ਕੁਮਾਰ ਕਪੂਰਥਲਾ, ਹਰਦੀਪ, ਮਲਕੀਤ ਕਾਂਜਲੀਵਾਲ, ਨਵਤੇਜ, ਸੁਰਿੰਦਰ, ਰਣਧੀਰ, ਹਰਦੀਪ, ਬਲਵੀਰ, ਰਾਕੇਸ਼ ਕੁਮਾਰ, ਲਖਵਿੰਦਰ ਲੱਖਾ ਗੁਰਦਾਸਪੁਰ, ਮਿੱਤਰਪਾਲ, ਸਰੂਪਾ ਗੁਰਦਾਸਪੁਰ ਤੇ ਕਿੱਕਰ ਸਿੰਘ ਜਿਹੇ ਪਹਿਲਵਾਨ ਸਨ।

ਪਾਲਾ ਕਹਿੰਦਾ ਹੈ ਕਿ ਜੇ ਕੋਚ ਸਹੀ ਢੰਗ ਨਾਲ ਮਿਹਨਤ ਕਰਾਉਣ ਤਾਂ ਤਕੜੇ ਪਹਿਲਵਾਨ ਪੈਦਾ ਕੀਤੇ ਜਾ ਸਕਦੇ ਹਨ। ਇਹ ਵੀ ਕਿਹਾ ਕਿ ਕਈ ਤਾਂ ਐਵੇਂ ਹੀ ਕੋਚਿੰਗ ਦਾ ਠੱਪਾ ਲੁਆ ਲੈਂਦੇ ਹਨ। ਉਹ ਕਦੀ ਅਖਾੜੇ ਵੀ ਨਹੀਂ ਗਏ ਹੁੰਦੇ। ਅਜਿਹੇ ਕੋਚਾਂ ਤੋਂ ਚੰਗੇ ਪਹਿਲਵਾਨਾਂ ਦੀ ਆਸ ਨਹੀਂ ਰੱਖੀ ਜਾ ਸਕਦੀ।

ਪੁਰਾਣੇ ਪਹਿਲਵਾਨਾਂ ਨੂੰ ਪਿੱਛੇ ਰਹਿ ਕੇ ਨਵਿਆਂ ਨੂੰ ਅੱਗੇ ਆਉਣ ਦੇ ਮੌਕੇ ਦੇਣੇ ਚਾਹੀਦੇ ਹਨ। ਜਿੰਨਾ ਚਿਰ ਪਹਿਲਵਾਨੀ ਵਿਚੋਂ ਸਿਆਸਤ ਤੇ ਭਾਈ-ਭਤੀਜਾਵਾਦ

ਖਤਮ ਨਹੀਂ ਹੋ ਜਾਂਦੇ, ਉਦੋਂ ਤੱਕ ਮੇਹਰਦੀਨ, ਸੁਖਵੰਤ, ਬਿੱਲਾ, ਬੁੱਧੂ ਜਿਹੇ ਮੱਲ ਨਹੀਂ ਪੈਦਾ ਹੋ ਸਕਦੇ।

ਪੰਜਾਬ ਸਕੂਲ ਕੈਪਾਂ ਵਿਚ ਜਗਦੀਸ਼ ਭੋਲਾ, ਪਰਮਿੰਦਰ ਡੂੰਮਛੇੜੀ, ਜਗਜੀਤ ਸਿੰਘ ਤੇ ਹਰਜੀਤ ਬਰਾੜ ਬਾਜਾਖਾਨਾ ਵੀ ਉਹਦੇ ਕੋਲ ਕੁਸ਼ਤੀਆਂ ਲੜਦੇ ਰਹੇ। ਹਰਜੀਤ ਪਹਿਲਾਂ ਨੈਸ਼ਨਲ ਸਟਾਇਲ ਕਬੱਡੀ ਖੇਡਦਾ ਸੀ। ਪਾਲੇ ਦੇ ਕਹਿਣ ’ਤੇ ਉਹ ਕੁਸ਼ਤੀਆਂ ਲੜਨ ਲੱਗਾ। ਪੰਜਾਬ ਸਕੂਲ ਕੁਸ਼ਤੀ ਮੁਕਾਬਲਿਆਂ ’ਚੋਂ ਹਰਜੀਤ ਪਹਿਲਾ ਥਾਂ ਲੈਂਦਾ ਰਿਹਾ। ਹਰਜੀਤ ਫਿਰ ਕਬੱਡੀ ਵੱਲ ਹੋ ਗਿਆ ਤੇ ਕਬੱਡੀ ਦਾ ਸਟਾਰ ਖਿਡਾਰੀ ਬਣਿਆ। ਜਗਦੀਸ਼ ਭੋਲਾ ਸਕੂਲਾਂ ਦੀ ਨੈਸ਼ਨਲ ਵਿਚੋਂ ਪਹਿਲੇ ਸਾਲ ਦੂਜੇ ਨੰਬਰ ’ਤੇ ਆਇਆ। ਦੂਜੇ ਸਾਲ ਕੱਟਕ ਜਾਣਾ ਸੀ। ਹੋਲੇ-ਮਹੱਲੇ ਦੀਆਂ ਕੁਸ਼ਤੀਆਂ ਵਿਚ ਭੋਲੇ ਦੀ ਕੁਸ਼ਤੀ ਅੰਬਰਸਰੀਏ ਐਂਥਨੀ ਨਾਲ ਹੋਈ। ਭੋਲਾ ਤੀਜੇ ਥਾਂ ਰਿਹਾ। ਪੰਜਾਬ ਸਕੂਲਾਂ ਦੇ ਕੈਂਪਾਂ ਵਿਚ ਪਾਲੇ ਕੋਲ ਪਹਿਲਵਾਨੀ, ਵਾਲੀਬਾਲ, ਹਾਕੀ, ਜਿਮਨਾਸਟਿਕਸ ਅਤੇ ਹੋਰ ਖੇਡਾਂ ਦੇ 150 ਖਿਡਾਰੀ ਸਨ। ਭੋਲਾ ਉਥੇ ਫਸਟ ਆਇਆ ਤੇ ਭਾਰਤ ਦਾ ਤਕੜਾ ਮੱਲ ਬਣਿਆ।

1994 ਤੋਂ 97 ਤੱਕ ਪਾਲੇ ਨੇ ਭਾਰਤੀ ਕੈਂਪਾਂ ਵਿਚ ਤਕੜੇ ਖਿਡਾਰੀ ਪੈਦਾ ਕੀਤੇ। 1996 ’ਚ ਪੂਨੇ ਕਾਮਨਵੈਲਥ ਵਿਚ ਖਿਡਾਰੀ ਲੈ ਕੇ ਗਏ। ਭਾਰਤੀ ਕੁਸ਼ਤੀ ਦਾ ਮਹਾਂਰਥੀ ਕੋਚ ਪੀ. ਆਰ. ਸੋਂਧੀ ਵੀ ਉਸੇ ਕੈਂਪ ’ਚ ਕੋਚ ਸੀ। ਦੋਵਾਂ ਨੇ ਵਾਹਵਾ ਮਿਹਨਤ ਕਰਾਈ ਤੇ ਭਲਵਾਨਾਂ ਨੇ ਮੱਲਾਂ ਮਾਰੀਆਂ।

ਪੁਰਾਣੀਆਂ ਗੱਲਾਂ ਚੇਤੇ ਕਰਦਿਆਂ ਪਾਲੇ ਨੇ ਦੱਸਿਆ ਕਿ ਇਕ ਵਾਰ ਸਾਲਾਨਾ ਪੇਪਰਾਂ ’ਚ ਕਿਸੇ ਸਕੂਲ ’ਚ ਨਕਲ ਵੱਜਦੀ ਦਾ ਪਤਾ ਲੱਗਣ ’ਤੇ ਫਲਾਇੰਗ ਅਫਸਰ ਉਹਨੂੰ ਵੀ ਨਾਲ ਲੈ ਗਏ। ਉਥੇ ਦਾ ਡੀ.ਪੀ.ਈ. ਪਾਲੇ ਨੂੰ ਕਹਿਣ ਲੱਗਾ, “ਆਹ ਲਓ 200 ਰੁਪਏ, ਜਾ ਕੇ ਖਾਓ ਪੀਓ।” ਅੱਗੋਂ ਜਵਾਬ ਸੀ, “ਆਹ ਲਓ 200 ਰੁਪਏ ਤੇ ਸਾਨੂੰ ਆਪਣਾ ਕੰਮ ਕਰਨ ਦਿਓ।” ਪਾਲੇ ਨੇ ਜ਼ਿੰਦਗੀ ’ਚ ਕਦੇ ਕੋਈ ਲਾਲਚ ਨਹੀਂ ਕੀਤਾ, ਲੋੜਵੰਦ ਖਿਡਾਰੀਆਂ ਦੀ ਮਦਦ ਵੀ ਕਰ ਦਿੰਦਾ। ਚੱਕਾਂ ਵਾਲੇ ਕਮਲ ਪੰਡਿਤ ਨੂੰ ਖਾਲਸਾ ਕਾਲਜ ਵੀ ਪਾਲਾ ਲੈ ਕੇ ਗਿਆ ਸੀ ਤੇ ਹਰ ਤਰ੍ਹਾਂ ਨਾਲ ਉਹਦੀ ਮਦਦ ਕੀਤੀ।

ਪਾਲੇ ਨੂੰ ਆਪਣੇ ਪਿੰਡ ’ਤੇ ਮਾਣ ਹੈ, ਜਿਥੇ ਗੁਰਦਾਵਰ ਵਰਗੇ ਮੱਲ ਪੈਦਾ ਹੋਏ ਜੋ ਪਾਕਿਸਤਾਨ, ਅਫਗਾਨਿਸਤਾਨ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਘੁਲਣ ਜਾਂਦਾ ਰਿਹੈ। ਕਬੱਡੀ ਖਿਡਾਰੀ ਘੁੱਗੇ ’ਤੇ ਵੀ ਮਾਣ ਹੈ। ਪਾਲਾ ਤੇ ਘੁੱਗਾ ਕਈ ਸਾਲ ’ਕੱਠੇ ਕਾਲਜ ਚੈਂਪੀਅਨਸ਼ਿਪ, ਓਪਨ ਪੰਜਾਬ ਤੇ ਸਟੇਟ ਪੰਚਾਇਤੀ ਰਾਜ ਟੂਰਨਾਮੈਂਟ ਖੇਡਦੇ ਰਹੇ। ਕਬੱਡੀ ਵਿਚ ਘੁੱਗੇ ਨੇ ਹਰ ਪਾਸੇ ਘੁੱਗਾ-ਘੁੱਗਾ ਕਰਾਈ। ਘੁੱਗਾ (ਹਰਮਿੰਦਰ

ਸਿੰਘ ਤੱਖਰ) ਅੱਜ ਕੱਲ੍ਹ ਵੈਨਕੂਵਰ, ਕੈਨੇਡਾ ਰਹਿੰਦਾ ਹੈ। ਪਾਲੇ ਨੂੰ ਅਫਸੋਸ ਹੈ ਕਿ ਸ਼ੰਕਰ 'ਚੋਂ ਪਹਿਲਵਾਨ ਤੇ ਕਬੱਡੀ ਖਿਡਾਰੀ ਉਠਣੇ ਘਟ ਗਏ ਹਨ। ਹੁਣ ਨਾ ਅੱਗੇ ਵਾਲਾ ਸ਼ੌਕ ਰਿਹਾ, ਨਾ ਢੋਲ ਵੱਜਦੇ ਹਨ।

ਮਾਤਾ ਚੰਨਣ ਕੌਰ ਦਾ ਪਹਿਲਵਾਨ ਤੇ ਕਬੱਡੀ ਖਿਡਾਰੀ ਪੁੱਤ ਗੁਰਪਾਲ ਸਿੰਘ ਤੱਖਰ ਉਰਫ ਸ਼ੰਕਰੀਆ ਪਾਲਾ 16 ਫਰਬਰੀ 1979 ਨੂੰ ਦੁਸਾਂਝ ਕਲਾਂ ਦੀ ਹਰਦੀਪ ਕੌਰ ਨਾਲ ਵਿਆਹਿਆ ਗਿਆ। ਤਿੰਨ ਬੱਚੇ ਹਨ, ਦੋ ਲੜਕੇ ਤੇ ਇਕ ਲੜਕੀ। ਵੱਡੀ ਲੜਕੀ ਪਰਿਵਾਰ ਸਮੇਤ ਇੰਡੀਆਨਾ ਰਹਿੰਦੀ ਹੈ ਜਦਕਿ ਦੋਵੇਂ ਲੜਕੇ ਉਸ ਕੋਲ ਕੈਲੀਫੋਰਨੀਆਂ ਹਨ। ਦੋ ਭਰਾ ਸਨ। ਛੋਟਾ ਹੁਸ਼ਿਆਰ ਸਿੰਘ ਪੂਰਾ ਹੋ ਗਿਆ। ਮਾਤਾ-ਪਿਤਾ ਪਹਿਲਾਂ ਪੂਰੇ ਹੋ ਗਏ ਸਨ। ਪੁਰਾਣੇ ਖਿਡਾਰੀਆਂ ਘੁੱਗਾ, ਬੋਲਾ ਪੱਤੜੀਆ, ਚਮਕੌਰ ਤਲਵੰਡੀ ਫੱਤੂ, ਲਹਿੰਬਰ ਸੱਘਵਾਲ, ਰਾਵਲ ਮਾਣ ਢੇਰੀ, ਹਰਪਾਲ ਸ਼ਾਗਿਰਦ ਤੇ ਹੋਰ ਪਹਿਲਵਾਨਾਂ, ਸ਼ਾਗਿਰਦਾਂ ਤੇ ਖਿਡਾਰੀਆਂ ਨਾਲ ਜ਼ਰੂਰ ਸੰਪਰਕ ਰੱਖਦਾ ਹੈ। ਹਰ ਸਾਲ ਮੰਨਣਹਾਣੇ ਛਿੰਝ 'ਤੇ ਖੇਡ ਲਿਖਾਰੀਆਂ ਦਾ ਸਨਮਾਨ ਕਰਦਾ ਹੈ। ਸੋਂਧੀ ਕੋਚ ਨਾਲ ਮਿਲ ਕੇ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ। ਬਲਵੀਰ ਸਿੰਘ ਕੰਵਲ ਅਤੇ ਇਕਬਾਲ ਜੱਬੋਵਾਲੀਏ ਨੂੰ ਵੀ ਇਨ੍ਹਾਂ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਗੁਰਪਾਲ ਸਿੰਘ ਪਾਲਾ ਨਵੇਂ ਖਿਡਾਰੀਆਂ ਵਿਚ ਨਸ਼ਿਆਂ ਦੇ ਵਧਦੇ ਰੁਝਾਨ ਬਾਰੇ ਚਿੰਤਤ ਹੈ।

# ਟੋਕੀਓ ਓਲੰਪਿਕਸ-2021 : ਪਹਿਲਵਾਨ ਅਮਰ ਢੇਸੀ

ਯੋਗਤਾ ਰੱਖਦੇ ਹਰ ਇਨਸਾਨ ਨੂੰ ਅਮਰੀਕਾ ਵਿਚ ਅੱਗੇ ਵਧਣ ਦੇ ਅਨੇਕਾਂ ਮੌਕੇ ਮਿਲਦੇ ਹਨ। ਹੋਣਹਾਰ ਖਿਡਾਰੀਆਂ ਨੂੰ ਤਾਂ ਹੱਥੋਂ ਜਾਣ ਨਹੀਂ ਦਿੰਦੇ, ਸਗੋਂ ਯੋਗਤਾ ਵੇਖਦੇ ਹੀ ਹੱਥਾਂ 'ਤੇ ਚੁੱਕ ਲੈਂਦੇ ਨੇ। ਸੱਘਵਾਲ ਵਾਲੇ ਪਹਿਲਵਾਨ ਬਲਵੀਰ ਸਿੰਘ ਸ਼ੀਰੀ ਦੇ ਪਹਿਲਵਾਨ ਬੇਟੇ ਅਮਰ ਢੇਸੀ ਨੇ ਅਮਰੀਕਾ ਦੀ ਓਰੇਗਾਨ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਨਾਲ ਨਾਲ ਲਾ-ਜਵਾਬ ਕੁਸ਼ਤੀਆਂ ਲੜੀਆਂ। ਉਹਦੀ ਪੜ੍ਹਾਈ, ਲਿਆਕਤ, ਸਹਿਨਸ਼ੀਲਤਾ, ਸ਼ੀਤਲ-ਸੁਭਾਓ ਤੇ ਕੁਸ਼ਤੀ ਦੇ ਰੰਗ-ਢੰਗ ਵੇਖਦਿਆਂ ਯੂਨੀਵਰਸਿਟੀ ਵਾਲਿਆਂ ਦੇ ਦਿਲਾਂ 'ਚ ਵਸ ਗਿਆ।

ਪਹਿਲਵਾਨੀ ਉਹਨੂੰ ਵਿਰਾਸਤ ਵਿਚ ਮਿਲੀ। ਪਿਤਾ ਬਲਵੀਰ ਸਿੰਘ ਸ਼ੀਰੀ ਤੇ ਬਾਬਾ ਤੇਜਾ ਸਿੰਘ ਤਕੜੇ ਘੁਲਾਟੀਏ ਸਨ। ਪਿਤਾ ਪੰਜਾਬ ਦਾ ਨਾਮਵਰ 'ਚੰਬਾ ਕੇਸਰੀ' ਖ਼ਿਤਾਬ ਜੇਤੂ ਪਹਿਲਵਾਨ ਰਿਹੈ। ਉਹਨੇ ਕੈਨੇਡਾ ਪਹੁੰਚ ਕੇ ਵੀ ਸ਼ੌਕ ਨਾ ਛੱਡਿਆ ਤੇ 'ਖਾਲਸਾ ਰੈਸਲਿੰਗ ਕਲੱਬ' ਸਥਾਪਤ ਕੀਤਾ। ਕੈਨੇਡਾ ਜਨਮੇ ਪੁੱਤਰਾਂ—ਪਰਮ ਢੇਸੀ ਤੇ ਅਮਰ ਢੇਸੀ ਨੂੰ ਪਹਿਲਵਾਨੀ ਰਾਹ ਤੋਰਿਆ ਤੇ ਬੜੀ ਮਿਹਨਤ ਕਰਾਈ। ਬੇਟੇ ਸਕੂਲਾਂ 'ਚ ਘੁਲਦੇ ਘੁਲਦੇ ਅੱਗੇ ਵਧਦੇ ਯੂਨੀਵਰਸਿਟੀ ਚੈਂਪੀਅਨ ਬਣੇ।

ਵੱਡਾ ਬੇਟੇ ਪਰਮ ਢੇਸੀ ਨੂੰ ਬਚਪਨ ਤੋਂ ਹੀ ਕੁਸ਼ਤੀਆਂ ਦਾ ਸ਼ੌਕ ਸੀ। ਤਿੰਨ ਸਾਲਾਂ ਦਾ ਸੀ, ਜਦੋਂ ਪਿਤਾ ਦੀ ਉਂਗਲ ਫੜ ਅਖਾੜੇ ਤੁਰ ਪੈਂਦਾ। ਕੁਸ਼ਤੀਆਂ ਦੇ ਨਾਲ ਨਾਲ ਕਬੱਡੀ ਵੀ ਖੇਡਦਾ ਰਿਹੈ। ਉਹ ਸਕੂਲਾਂ ਤੇ ਯੂਨੀਵਰਸਿਟੀ ਵਿਚ ਤਕੜਾ ਘੁਲਿਆ। ਸਾਰੇ ਪਹਿਲਵਾਨਾਂ ਨੂੰ ਢਾਹੁੰਦਾ ਗਿਆ। 2010 'ਚ ਉਹਨੇ ਯੂਥ ਓਲੰਪਿਕਸ ਸਿੰਘਾਪੁਰ ਹਿੱਸਾ ਲਿਆ। ਇਸੇ ਤਰ੍ਹਾਂ ਹੀ 2014 ਦੀ ਵਰਲਡ ਪੁਲਿਸ ਐਂਡ ਫਾਇਰ ਚੈਂਪੀਅਨਸ਼ਿਪ ਜਿੱਤੀ। ਵਰਲਡ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਲਈ ਵੱਖ ਵੱਖ ਮੁਕਾਬਲਿਆਂ ਦੇ ਸਾਰੇ ਪਹਿਲਵਾਨ ਹਰਾ ਕੇ ਗੋਲਡ ਮੈਡਲ ਜਿੱਤੇ। ਪਹਿਲਵਾਨੀ 'ਚ ਮਹਿਕਮੇ ਨੂੰ ਮਾਣ ਬਖਸ਼ਦਾ, ਇਸ ਵਕਤ ਉਹ ਨੌਕਰੀ 'ਤੇ ਬਿਰਾਜਮਾਨ ਹੈ।

ਛੋਟੇ ਬੇਟੇ ਅਮਰ ਦਾ ਭਲਵਾਨੀ ਵੱਲ ਪਹਿਲਾਂ ਕੋਈ ਸ਼ੌਕ ਨਹੀਂ ਸੀ। ਵੱਡੇ ਵੱਲ ਵੇਖ ਵੇਖ ਉਹ ਵੀ ਤਿਆਰ ਹੋ ਗਿਆ। ਜਦੋਂ ਵੱਡੇ ਨੇ ਕਿਤੇ ਜਾਣਾ ਤਾਂ ਛੋਟੇ ਨੇ ਪਹਿਲੋਂ ਉਹਦਾ ਝੋਲਾ ਚੁੱਕ ਤੁਰ ਪੈਣਾ। ਸ਼ੌਕ ਵਧਦਾ ਵਧਦਾ ਕਿਤੇ ਦੀ ਕਿਤੇ ਪਹੁੰਚ ਗਿਆ। ਛੋਟਾ ਅਮਰ ਪੰਜ ਸਾਲ ਦਾ ਸੀ, ਜਦੋਂ ਪਹਿਲਵਾਨੀ ਸ਼ੁਰੂ ਕੀਤੀ। ਇਕ ਸਾਲ

ਦਾ ਫ਼ਰਕ ਹੈ ਦੋਹਾਂ 'ਚ। ਦੋਹਾਂ ਦੀਆਂ ਆਪਸ ਵਿਚ ਕੁਸ਼ਤੀਆਂ ਵੀ ਚਲਦੀਆਂ ਰਹਿੰਦੀਆਂ। ਦੋਹਾਂ ਦਾ ਆਪਸੀ ਪਿਆਰ ਵੀ ਬੜਾ ਹੈ। ਛੋਟਾ ਵੱਡੇ ਨੂੰ ਭਾਅ ਜੀ ਬਿਨਾ ਗੱਲ ਨਹੀਂ ਕਰਦਾ।

ਦੋਵੇਂ 'ਕੱਠੇ ਅਖਾੜੇ ਜਾਂਦੇ ਤੇ ਆਪਸ ਵਿਚ ਦੋ-ਦੋ ਹੱਥ ਵੀ ਕਰਦੇ। ਕਈ ਵਾਰ ਵੱਡਾ ਛੋਟੇ ਨੂੰ ਢਾਹ ਲੈਂਦਾ। ਪਹਿਲਵਾਨ ਕਜ਼ਨ ਭਰਾ ਹਰਕਰਨ ਢੇਸੀ ਨਾਲ ਵੀ ਕੁਸ਼ਤੀ ਹੋ ਜਾਂਦੀ। ਜਿੱਤਾਂ-ਹਾਰਾਂ ਹੁੰਦੀਆਂ ਰਹੀਆਂ, ਪਰ ਨਿਸ਼ਾਨਾ ਅੱਗੇ ਦਾ ਸੀ, ਜੋ ਪਰਮਾਤਮਾ ਨੇ ਪੂਰਾ ਕਰ ਦਿੱਤਾ।

ਅਮਰ ਨੇ ਕੈਨੇਡਾ ਦੇ ਵੱਖ ਵੱਖ ਟਾਈਟਲਾਂ ਹੇਠ ਸੱਤ ਗੁਰਜ਼ਾਂ ਜਿੱਤੀਆਂ, ਜੋ ਇਸ ਵਕਤ ਉਨ੍ਹਾਂ ਦੇ ਘਰ ਦਾ ਸ਼ਿੰਗਾਰ ਨੇ। ਬਾਲ ਕੇਸਰੀ, ਕੈਨੇਡਾ ਕੁਮਾਰ, ਕੈਨੇਡਾ ਕੇਸਰੀ (ਤਿੰਨ ਗੁਰਜ਼ਾਂ), ਕੈਨੇਡਾ ਮੱਲ ਸਮਰਾਟ ਅਤੇ ਰੁਸਤਮ-ਏ-ਕੈਨੇਡਾ ਜਿਹੇ ਖ਼ਿਤਾਬ ਜਿੱਤੇ।

ਅਮਰੀਕਾ ਉਹ ਪੜ੍ਹਾਈ ਕਰਨ ਗਿਆ ਸੀ। ਪੜ੍ਹਾਈ ਨਾਲ ਕੁਸ਼ਤੀਆਂ ਵੀ ਕਰੀ ਗਿਆ। ਸਵਾ ਸੌ ਤੋਂ ਵੱਧ ਅਮਰੀਕਾ ਦੇ ਪਹਿਲਵਾਨਾਂ ਨੂੰ ਹਰਾ ਉਹ ਅਡੋਲ ਖੜ੍ਹਾ ਹੈ। ਪਹਿਲਵਾਨੀ ਦੇ ਦਾਅ-ਪੇਚ ਤੇ ਚੁਸਤੀ-ਫੁਰਤੀ ਵੇਖਦੇ ਕੋਚਾਂ ਨਜ਼ਰੀਂ ਚੜ੍ਹ ਗਿਆ। ਵੱਖ ਵੱਖ ਕੋਚਾਂ, ਕਲੱਬਾਂ, ਕੰਪਨੀਆਂ ਦੀਆਂ ਬੜੀਆਂ ਆਫਰਾਂ ਆਈਆਂ, ਪਰ ਜਿਸ ਥਾਂ 'ਤੇ ਜਾਣਾ ਚਾਹੁੰਦਾ ਸੀ, ਚਲਾ ਗਿਆ।

ਇਸ ਵੇਲੇ ਉਹਨੂੰ ਅਮਰੀਕਾ ਦੀ ਓਹਾਇਓ ਸਟੇਟ ਦੇ 'ਓਹਾਇਓ ਰੀਜ਼ਨਲ ਟਰੇਨਿੰਗ ਸੈਂਟਰ' ਵਿਚ ਇਕ ਸਾਲ ਤੋਂ ਉਪਰ ਹੋ ਗਿਆ ਕੋਚਾਂ ਕੋਲ ਸਿਖਲਾਈ ਲੈਂਦਿਆਂ ਨਿਊਯਾਰਕ ਵਿਖੇ 'ਨਿਊਯਾਰਕ ਅਥਲੈਟਿਕਸ ਕਲੱਬ' ਵੱਲੋਂ ਕਰਵਾਏ ਕੁਸ਼ਤੀ ਮੁਕਾਬਲਿਆਂ 'ਚ ਚਾਰ ਕੁਸ਼ਤੀਆਂ ਜਿੱਤਿਆ ਤੇ ਇਕ ਹਾਰਿਆ ਤੇ ਬਰੌਂਜ਼ ਮੈਡਲ ਜਿੱਤਿਆ।

ਲਾਸ ਵੇਗਸ ਮੁਕਾਬਲਿਆਂ ਵਿਚ ਅਮਰੀਕਾ ਦੇ ਤਕੜੇ ਪਹਿਲਵਾਨ ਐਡਮ ਕੂਨ ਨੂੰ ਹਰਾਇਆ। ਖੁਸ਼ ਹੋ ਕੇ ਅਮਰੀਕਾ ਵਾਲਿਆਂ ਮਦਦ ਵਜੋਂ 2 ਲੱਖ 64 ਹਜ਼ਾਰ ਅਮਰੀਕੀ ਡਾਲਰ ਉਹਦੀ ਝੋਲੀ ਪਾਏ।

ਰੋਮ ਇਟਲੀ ਦੇ ਸੈਮੀ ਫਾਈਨਲ 'ਚ ਰਸ਼ੀਆ ਦੇ ਦੋ ਪਹਿਲਵਾਨਾਂ ਨੂੰ ਹਰਾਇਆ ਤੇ ਆਖਰ ਵਿਚ ਤਿੰਨ ਵਾਰ ਦੇ ਵਰਲਡ ਚੈਂਪੀਅਨ ਨੂੰ ਹਰਾ ਕੇ ਗੋਲਡ ਮੈਡਲ ਪ੍ਰਾਪਤ ਕੀਤਾ।

ਓਟਾਵਾ ਮੁਕਾਬਲਿਆਂ 'ਚ ਅਮਰੀਕਾ ਵੱਲੋਂ ਟੋਕੀਓ ਓਲੰਪਿਕਸ ਲਈ ਸਖਤ ਮੁਕਾਬਲਾ ਸੀ। ਪੈਨ ਅਮੈਰਿਕਨ ਗੇਮਾਂ ਵਿਚ ਤਿੰਨਾਂ ਪਹਿਲਵਾਨਾਂ ਨੂੰ ਦਸ-ਜ਼ੀਰੋ ਦੇ ਫਰਕ ਨਾਲ ਹਰਾ ਕੇ ਟਾਪ ਦੇ ਦੋ ਆਖਰੀ ਪਹਿਲਵਾਨਾਂ ਵਿਚੋਂ ਜੇਤੂ ਰਿਹਾ ਤੇ ਓਪਨ-

ਵੇਟ ਸੀਨੀਅਰ ਕੁਸ਼ਤੀ ਲਈ ਦੋ ਵਾਰ ਦੇ ਉਲੰਪੀਅਨ ਅਮਰੀਕੀ ਪਹਿਲਵਾਨ ਨੂੰ ਹਰਾ ਓਲੰਪਿਕ ਵਾਸਤੇ ਚੁਣਿਆ ਗਿਆ।

ਟੋਕੀਓ ਓਲੰਪਿਕਸ ਵਾਸਤੇ ਤਿਆਰੀ ਉਹਦੀ ਅਮਰੀਕਾ ਵਾਲੇ ਕਰਵਾ ਰਹੇ ਹਨ, ਪਰ ਨੁਮਾਇੰਦਗੀ ਉਹ ਕੈਨੇਡਾ ਦੀ ਕਰੇਗਾ, ਕੈਨੇਡਾ ਦਾ ਜੰਮਪਲ ਹੋਣ ਕਰਕੇ। ਕੈਨੇਡਾ ਦੇ ਝੰਡੇ ਹੇਠ ਮੁਕਾਬਲੇ ਲੜੇਗਾ। ਅਮਰੀਕਾ ਤਾਂ ਬੱਸ ਆਪਣਾ ਸ਼ੌਕ ਪੂਰਾ ਕਰ ਰਿਹੈ, ਉਹਨੂੰ ਤਿਆਰ ਕਰਕੇ। ਪਿਤਾ ਬਲਵੀਰ ਸਿੰਘ ਸ਼ੀਰੀ ਅਮਰੀਕਾ ਦਾ ਲੱਖ ਲੱਖ ਧੰਨਵਾਦ ਕਰ ਰਿਹੈ, ਜਿਸ ਨੇ ਉਸ ਦੇ ਬੇਟੇ ਨੂੰ ਪਹਿਲਵਾਨ ਬਣਾ ਦਿੱਤੈ।

ਅਮਰੀਕਾ ਨੂੰ ਉਸ ਉਤੇ ਬੜੀਆਂ ਆਸਾਂ ਹਨ। ਅਮਰੀਕਾ ਵਾਲੇ ਇਸ ਵੇਲੇ ਉਹਦੀ ਖੁਰਾਕ, ਰਿਹਾਇਸ਼ ਤੇ ਹਰ ਤਰ੍ਹਾਂ ਨਾਲ ਖਿਆਲ ਰੱਖ ਰਹੇ ਹਨ। ਤਿੰਨ ਵਾਰ ਦਾ ਗੋਲਡ ਮੈਡਲਿਸਟ ਬੁਲਗਾਰੀਆ ਦਾ ਕੋਚ ਉਸ ਦੀ ਬੜੀ ਮਿਹਨਤ ਕਰਾ ਰਿਹੈ। ਹਰ ਵੇਲੇ ਉਹਦੇ ਨਾਲ ਰਹਿੰਦੈ। ਜਿਥੇ ਵੀ ਜਾਣਾ, ਖੁਦ ਨਾਲ ਜਾਂਦੈ। ਦਿਨ ’ਚ ਦੋ ਜਾਂ ਤਿੰਨ ਵਾਰ ਟਰੇਨਿੰਗ ਕੀਤੀ ਜਾਂਦੀ ਹੈ। ਐਤਵਾਰ ਸਿਰਫ ਅਰਾਮ, ਮਸਾਜ ਜਾਂ ਥੈਰਪੀ ਵਾਸਤੇ ਹੈ।

ਅਮਰ ਢੇਸੀ ਦੀ ਓਲੰਪਿਕਸ ਜਾਣ ਤੱਕ ਦੀ ਸਾਰੀ ਤਿਆਰੀ ਅਮਰੀਕਾ ਕਰਵਾ ਰਿਹਾ ਹੈ। ਅਮਰੀਕਾ ਵੱਲੋਂ ਉਹ ਖੇਡੇਗਾ ਨਹੀਂ। ਅਮਰੀਕਾ ਬਿਨਾਂ ਕਿਸੇ ਲੋਭ ਲਾਲਚ ਦੇ ਉਹਨੂੰ ਤਿਆਰ ਕਰ ਕੇ ਸਿਰਫ਼ ਆਪਣਾ ਸ਼ੌਕ ਪਾਲ ਰਿਹੈ। ਖੇਡੇਗਾ ਉਹ ਕੈਨੇਡਾ ਵੱਲੋਂ ਹੀ, ਜਿਥੋਂ ਦਾ ਉਹ ਜੰਮਪਲ ਹੈ। ਪ੍ਰਤੀਨਿਧਤਾ ਵੀ ਉਹ ਉਸੇ ਦੇਸ਼ ਦੀ ਕਰੇਗਾ। ਅਮਰੀਕਾ ਹਰ ਤਰ੍ਹਾਂ ਉਹਦੇ ਨਾਲ ਖੜ੍ਹਾ ਹੈ। ਕੋਚਿੰਗ, ਖ਼ੁਰਾਕ, ਰਿਹਾਇਸ਼, ਮਾਇਆ ਦੇ ਵੱਡੇ ਗੱਫ਼ੇ ਤੇ ਗੱਡੀਆਂ ’ਚ ਆਉਣ ਜਾਣ ਦਾ ਭਾੜਾ ਵਗ਼ੈਰਾ।

ਪਿਤਾ ਨੇ ਬੇਟਿਆਂ ਨੂੰ ਬੜੀ ਰੂਹ ਨਾਲ ਪਾਲਿਆ। ਛੋਟੇ ਹੁੰਦਿਆਂ ਨੂੰ ਬਦਾਮਾਂ ਦੀ ਸ਼ਰਦਾਈ ਬਣਾ ਬਣਾ ਦੇਣੀ। ਬੇਟੇ ਮਾਤਾ ਦੇ ਹੱਥਾਂ ਦਾ ਪੱਕਿਆ ਪੰਜਾਬੀ ਖਾਣਾ ਪਸੰਦ ਕਰਦੇ ਹਨ। ਮੁਕਾਬਲੇ ’ਤੇ ਗਏ ਬਾਹਰ ਦਾ ਖਾਣਾ ਮਜਬੂਰੀ ਵੱਸ ਖਾਣਾ ਪੈਂਦੈ। ਵਿਦੇਸ਼ਾਂ ’ਚ ਵਸਦੇ ਹੋਰ ਨੌਜਵਾਨਾਂ ਨੂੰ ਅਮਰ ਢੇਸੀ ਤੋਂ ਸੇਧ ਲੈਣੀ ਚਾਹੀਦੀ ਐ, ਜੋ ਨਸ਼ਿਆਂ ਤੋਂ ਰਹਿਤ ਵੱਡੀਆਂ ਮੱਲਾਂ ਮਾਰ ਅਮਰੀਕਾ ਤੇ ਕੈਨੇਡਾ ਮੁਲਕਾਂ ਨੂੰ ਮਾਣ ਬਖਸ਼ਦਾ ਓਲੰਪਿਕਸ ਦੇ ਦਰਵਾਜ਼ੇ ਮੂਹਰੇ ਜਾ ਖੜ੍ਹਾ ਹੋਇਐ।

ਪੁੱਤ ਇਕ ਭਲਵਾਨ ਬਣਾਉਣਾ ਬੜਾ ਔਖਾ
ਦੋ ਪੁੱਤ ਪਹਿਲਵਾਨੀ ਦੇ ਰਾਹ ਤੋਰ ਦਿੱਤੇ।
ਅੰਤਰ ਆਤਮਾ ਨਾਲ ਕਰਵਾਈ ਮਿਹਨਤ,
ਰੁੱਖ ਹਵਾਵਾਂ ਦੇ ਮੋੜ ਦਿੱਤੇ।
ਖਾਹਿਸ਼ ਪਿਤਾ ਦੀ ਰਹਿ ਗਈ ਸੀ ਅਧੂਰੀ,
ਦੁੱਖ ਪੁੱਤਰਾਂ ‘ਇਕਬਾਲ ਸਿੰਹਾਂ’ ਤੋੜ ਦਿੱਤੇ।

# ਫੁੱਟਬਾਲ ਦਾ ਮਸੀਹਾ—ਹਰਦੇਵ ਸਿੰਘ ਕਾਹਮਾ

ਖੇਡ ਫ਼ਿਜ਼ਾਵਾਂ 'ਚ ਨਾਂ ਗੂੰਜਦੇ ਸਦਾ,
ਖੇਡਾਂ ਲਈ ਜਿਹੜੇ ਕੁਝ ਕਰ ਜਾਂਦੇ ਨੇ।
ਨਫ਼ੇ, ਨੁਕਸਾਨ ਦੀ ਨਾ ਪਰਵਾਹ ਕਰਦੇ,
ਹਿੱਸਾ ਖੇਡ ਇਤਿਹਾਸ ਦਾ ਬਣ ਜਾਂਦੇ ਨੇ।

ਸ. ਹਰਦੇਵ ਸਿੰਘ ਕਾਹਮਾ ਇਲਾਕੇ ਦੀ ਬਹੁਪੱਖੀ ਸ਼ਖ਼ਸੀਅਤ ਹੈ। ਇਲਾਕੇ ਦੇ ਵਿਕਾਸ ਕੰਮਾਂ, ਸਮਾਜਕ ਕਾਰਜਾਂ ਅਤੇ ਖੇਡਾਂ, ਖਾਸਕਰ ਫੁੱਟਬਾਲ ਦੇ ਖੇਤਰ 'ਚ ਉਸ ਦਾ ਵੱਖਰਾ ਮੁਕਾਮ ਹੈ। ਫੁੱਟਬਾਲ ਨੂੰ ਬੁਲੰਦੀਆਂ ਤੱਕ ਲੈ ਜਾਣ ਲਈ ਤਨੋਂ, ਮਨੋਂ, ਧਨੋਂ ਹਰ ਦਮ ਹਾਜ਼ਰ ਰਹਿੰਦੈ। ਕਾਹਮਾ ਇਲਾਕੇ ਦੇ ਕਹਿੰਦੇ ਕਹਾਉਂਦੇ ਫੁੱਟਬਾਲ ਖਿਡਾਰੀਆਂ ਦਾ ਪਿੰਡ ਹੋਣ ਕਰਕੇ ਉਹ ਫੁੱਟਬਾਲ ਦਾ ਮਸਤ-ਮੌਲਾ ਆਸ਼ਕ ਹੈ। ਤਕੜੇ ਖਿਡਾਰੀਆਂ ਦੇ ਉਸ ਕਈ ਦੌਰ ਵੇਖੇ।

1998 'ਚ ਐਸ. ਐਨ. ਕਾਲਜ ਬੰਗਾ ਦੇ ਖੇਡ ਸਟੇਡੀਅਮ ਵਿਚ 'ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ' ਦੀ ਅਰੰਭਤਾ ਦਾ ਉਹ ਬਾਨੀ ਹੈ। ਵੱਡੇ ਮੈਚ ਸ਼ੁਰੂ ਕਰਾਉਣ ਦੀ ਉਹਦੀ ਬੜੀ ਹਿੰਮਤ ਤੇ ਹੌਸਲਾ ਹੈ। ਉਸ ਦੀ ਰਹਿਨਮਾਈ ਹੇਠ 22 ਜ਼ਬਰਦਸਤ ਟੂਰਨਾਮੈਂਟ ਹੋ ਚੁੱਕੇ ਹਨ ਤੇ 23ਵਾਂ ਟੂਰਨਾਮੈਂਟ ਕਰੋਨਾ ਦੇ ਭਿਆਨਕ ਸੰਕਟ ਕਾਰਨ ਰੁਕੇਗਾ ਨਹੀਂ, ਹੌਸਲੇ ਬੁਲੰਦ ਨੇ, ਮੀਟਿੰਗਾਂ ਚੱਲ ਰਹੀਆਂ ਨੇ।

21ਵੇਂ ਟੂਰਨਾਮੈਂਟ 'ਤੇ ਸ. ਕਾਹਮਾ ਨੇ ਸਟੇਜ ਤੋਂ ਐਲਾਨ ਕਰਵਾਇਆ ਸੀ ਕਿ ਟੂਰਨਾਮੈਂਟ ਦੀ ਸਿਲਵਰ ਜੁਬਲੀ ਬੜੇ ਧੂਮ-ਧਾਮ ਨਾਲ ਮਨਾਈ ਜਾਵੇਗੀ, ਜਿਸ ਦੀ ਵੱਖਰੀ ਦਿੱਖ ਤੇ ਇਲਾਕੇ 'ਚ ਵੱਖਰੀ ਮਿਸਾਲ ਬਣੇਗੀ। ਸਿਲਵਰ ਜੁਬਲੀ ਨੂੰ ਖਿੱਚ ਦਾ ਕੇਂਦਰ ਬਣਾਉਣ ਲਈ ਸਲਾਹ ਮਸ਼ਵਰੇ ਹੋਣ ਲੱਗ ਪਏ।

ਉਹ ਇਲਾਕੇ ਦੇ ਪਿੰਡਾਂ ਦਾ ਹਰ ਤਰ੍ਹਾਂ ਖਿਆਲ ਰੱਖਣ ਵਾਲਾ ਦਰਿਆ-ਦਿਲ ਇਨਸਾਨ ਹੈ। ਕਾਹਮੇ ਦੇ ਗੁਆਂਢੀ ਪਿੰਡ ਮੰਗੂਵਾਲ ਨੇ 1987 'ਚ ਪੰਜਾਬ ਦੀ ਪਹਿਲੀ ਫੁੱਟਬਾਲ ਲੀਗ ਸ਼ੁਰੂ ਕੀਤੀ। 'ਆਦਰਸ਼ ਸਪੋਰਟਸ ਕਲੱਬ ਮੰਗੂਵਾਲ' ਵੱਲੋਂ ਘੋਸ਼ਿਤ ਹੋਈ ਉਸ ਲੀਗ ਨੂੰ ਹਰ ਸਾਲ ਵੱਡੇ ਪੱਧਰ 'ਤੇ ਕਰਾਉਣ ਦੇ ਮਨਸੂਬੇ ਸਨ, ਪਰ

ਕੋਈ ਚੰਗਾ ਸਲਾਹਕਾਰ ਨਹੀਂ ਸੀ ਮਿਲ ਰਿਹਾ ਤੇ ਨਾ ਹੀ ਕੋਈ ਬਾਂਹ ਫੜਨ ਵਾਲਾ। ਦਸਾਂ ਸਾਲਾਂ ਬਾਅਦ ਆਸਾਂ ਨੂੰ ਬੂਰ ਪਿਆ। ਦਰਸ਼ਨ ਖਟਕੜ ਦੀ ਮਿਹਨਤ ਤੇ ਹਿੰਮਤ ਸਦਕਾ ਇਲਾਕੇ ਦੀ ਮਹਾਨ ਸ਼ਖ਼ਸੀਅਤ ਤੇ ਫੁੱਟਬਾਲ ਦੀ ਤਰਜਮਾਨੀ ਕਰਨ ਵਾਲੇ ਧੜੱਲੇਦਾਰ ਇਨਸਾਨ ਹਰਦੇਵ ਸਿੰਘ ਕਾਹਮਾ ਨੇ ਉਨ੍ਹਾਂ ਦੀ ਪਿੱਠ ਥਾਪੜੀ ਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਵਾਅਦਾ ਕੀਤਾ। ਸ. ਕਾਹਮਾ ਨੇ ਭਾਰਤੀ ਫੁੱਟਬਾਲ ਦੇ ਜਰਨੈਲ ਜਰਨੈਲ ਸਿੰਘ ਪਨਾਮ ਨਾਲ ਸਲਾਹ ਕੀਤੀ। ਐਸ. ਐਨ. ਕਾਲਜ ਬੰਗਾ ਦੇ ਸਾਬਕਾ ਪ੍ਰਿੰਸੀਪਲ ਰਾਜਬਿੰਦਰ ਸਿੰਘ ਬੈਂਸ ਦੀ ਬਦੌਲਤ ਬੰਗਾ ਕਾਲਜ ਦੇ ਖੇਡ ਸਟੇਡੀਅਮ ਦਾ ਪ੍ਰਬੰਧ ਕੀਤਾ ਗਿਆ। ਪਰਮਜੀਤ ਕਾਹਮਾ ਨੂੰ ਪ੍ਰਬੰਧਕੀ ਸਕੱਤਰ ਤੇ ਮੀਡੀਆ ਇੰਚਾਰਜ ਅਤੇ ਸਤਵੀਰ ਸਿੰਘ ਬੈਂਸ ਨੂੰ ਅਥਲੈਟਿਕਸ ਦੀਆਂ ਸੇਵਾਵਾਂ ਸੌਂਪੀਆਂ ਗਈਆਂ।

ਐਚ. ਐਸ. ਬੀ. ਵੱਲੋਂ ਆਪ ਨੇ ਨਿੱਜੀ ਜ਼ਿੰਮੇਵਾਰੀ ਨਿਭਾ ਕੇ ਪੰਜ ਸਾਲ ਮੈਚ ਕਰਵਾਏ ਤੇ ਵੱਡੇ ਵੱਡੇ ਮੈਚ ਜਿੱਤੇ। ਫੁੱਟਬਾਲ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਜੇ. ਸੀ. ਟੀ., ਪੰਜਾਬ ਪੁਲਿਸ, ਬੀ. ਐਸ. ਐਫ਼., ਬਿਜਲੀ ਬੋਰਡ ਅਤੇ ਹੋਰ ਨਾਮੀ-ਗਰਾਮੀ ਕਲੱਬਾਂ ਦੇ ਮੈਚ ਕਰਾਏ। ਪਹਿਲਾ ਸਥਾਨ ਜੇਤੂ ਕਲੱਬ ਨੂੰ ਇਕ ਲੱਖ ਰੁਪਏ ਦੀ ਨਕਦ ਰਾਸ਼ੀ ਹਰਦੇਵ ਸਿੰਘ ਕਾਹਮਾ ਵੱਲੋਂ ਭੇਟ ਕੀਤੀ ਜਾਂਦੀ ਹੈ। ਦੂਜੇ ਸਥਾਨ ਵਾਲੇ ਕਲੱਬ ਨੂੰ ਪੰਜਾਹ ਹਜ਼ਾਰ ਤੋਂ ਵਧਾ ਕੇ ਸੱਠ ਹਜ਼ਾਰ ਕਰ ਦਿੱਤੀ ਗਈ ਹੈ। ਨਾਰਥ-ਇੰਡੀਆ ਵਿਚੋਂ ਇਹ ਪਹਿਲਾ ਵੱਡਾ ਇਨਾਮ ਹੈ।

ਵੱਡੀਆਂ ਕਲੱਬਾਂ ਹੁਣ ਫੁੱਟਬਾਲ ਅਕੈਡਮੀਆਂ 'ਚ ਬਦਲ ਗਈਆਂ ਨੇ। ਅਕੈਡਮੀਆਂ 'ਚ ਵੀ ਭਾਰਤ ਦੇ ਨਾਮਵਰ ਖਿਡਾਰੀ ਖੇਡਦੇ ਨੇ। ਅਕੈਡਮੀਆਂ ਦੇ ਖਿਡਾਰੀ ਖੇਡ ਕੇ ਮਾਣ ਮਹਿਸੂਸ ਕਰਦੇ ਨੇ।

ਇਲਾਕਾ ਨਵਾਂਸ਼ਹਿਰ ਦੇ ਦਿੱਗਜ ਨੇਤਾ ਮਰਹੂਮ ਸ. ਦਿਲਬਾਗ ਸਿੰਘ ਸੈਣੀ ਨਾਲ ਸ. ਕਾਹਮਾ ਦੀ ਬੜੀ ਨੇੜਤਾ ਰਹੀ। ਸ. ਕਾਹਮਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ 2017 ਤੋਂ 2024 ਤੱਕ ਪ੍ਰਧਾਨ ਰਹੇ। ਲੋਕਾਂ ਦੀਆਂ ਸਿਹਤ-ਸਹੂਲਤਾਂ ਲਈ ਹਸਪਤਾਲ ਵਿਚ ਵਧੀਆ ਸੇਵਾਵਾਂ ਪ੍ਰਦਾਨ ਕੀਤੀਆਂ। ਕਰੋਨਾ ਪੀੜਿਤ ਲੋਕਾਂ ਦਾ ਮੁਫਤ ਇਲਾਜ ਚਲਿਆ।

ਦੱਸਣ ਵਾਲੇ ਦੱਸਦੇ ਨੇ ਕਿ ਸ. ਹਰਦੇਵ ਸਿੰਘ ਇਕ ਵਾਰ ਕਾਰ ਵਿਚ ਕਾਹਮਾ ਸਕੂਲ ਮੂਹਰਿਉਂ ਲੰਘੇ। ਡਰਾਈਵਰ ਸਰਬਣ ਸਿੰਘ ਸੱਬੋ ਕਾਰ ਚਲਾ ਰਿਹਾ ਸੀ ਤੇ ਸ. ਹਰਦੇਵ ਸਿੰਘ ਕਾਰ ਦੀ ਪਿਛਲੀ ਸੀਟ 'ਤੇ ਅਰਾਮ ਨਾਲ ਬੈਠੇ ਸਨ। ਸੱਬੋ ਨੇ ਕਿਹਾ, "ਸਰਦਾਰ ਜੀ, ਦੇਖੋ ਸਕੂਲ ਦੀ ਹਾਲਤ ਕਿੰਨੀ ਮਾੜੀ ਐ; ਮੀਂਹ, ਹਨੇਰੀ ਆਈ 'ਤੇ ਕਮਰੇ ਡਿੱਗ ਪਏ ਤਾਂ ਨਿਆਣੇ ਹੇਠਾਂ ਆ ਜਾਣਗੇ। " ਹਰਦੇਵ ਸਿੰਘ ਚੁੱਪ-ਚਾਪ

ਸੁਣਦਾ ਰਿਹਾ ਤੇ ਮੱਲਪੁਰ ਲੰਘਦੇ ਹੀ ਕਿਹਾ, "ਸੱਬੋ, ਗੱਡੀ ਮੋੜ ਪਿੱਛੇ, ਜਾ ਕੇ ਸਕੂਲ ਦੇ ਹਾਲਾਤ ਵੇਖੀਏ।" ਮੁੜ ਕੇ ਸਕੂਲ ਆਏ ਤਾਂ ਦੇਖਿਆ, ਕਮਰਿਆਂ ਦਾ ਬੁਰਾ ਹਾਲ, ਮਾੜੇ ਹਾਲਾਤ ਦੀਆਂ ਕੰਧਾਂ ਅਤੇ ਡਿੱਗੂੰ ਡਿੱਗੂੰ ਕਰਦੀਆਂ ਛੱਤਾਂ ਹੇਠ ਮਾਸਟਰ, ਨਿਆਣਿਆਂ ਨੂੰ ਪੜ੍ਹਾ ਰਹੇ ਸਨ। ਅਜਿਹੀ ਹਾਲਤ ਵੇਖ ਹਰਦੇਵ ਸਿੰਘ ਮਨ ਹੀ ਮਨ ਦੁਖੀ ਹੋਇਆ। ਥੋੜ੍ਹੇ ਦਿਨਾਂ ਬਾਅਦ ਬਿਲਡਿੰਗ ਦੀ ਢਾਹ-ਢੁਹਾਈ ਸ਼ੁਰੂ ਕਰ ਦਿੱਤੀ ਤੇ ਨਵੀਂ ਬਿਲਡਿੰਗ ਦੀ ਉਸਾਰੀ ਸ਼ੁਰੂ ਹੋ ਗਈ। ਲੱਖਾਂ ਰੁਪਏ ਜੇਬ 'ਚੋਂ ਖਰਚੇ। ਇਹ ਗੱਲ 1990 ਦੇ ਕਰੀਬ ਦੀ ਹੈ। ਸ. ਕਾਹਮਾ ਨੇ ਸਕੂਲ ਦੀ ਬਿਲਡਿੰਗ 'ਚ ਪਿੰਡ ਦੇ ਸਹਿਯੋਗ ਨਾਲ ਬਹੁਤ ਵੱਡਾ ਯੋਗਦਾਨ ਪਾਇਆ। ਦਲੇਰੀ ਭਰੇ ਅਜਿਹੇ ਕਾਰਜਾਂ ਕਰਕੇ ਗੁਰਸ਼ਰਨ ਛੰਨਾ ਸ. ਕਾਹਮਾ ਦੀ ਬਹੁਤ ਇੱਜ਼ਤ ਕਰਦਾ ਹੈ।

ਪਿੰਡ ਕਾਹਮਾ ਪ੍ਰਤੀ ਹਰਦੇਵ ਸਿੰਘ ਦੀ ਬੜੀ ਦੇਣ ਹੈ। ਖੇਡ ਮੈਦਾਨ, ਵਿਕਾਸ ਕਾਰਜਾਂ, ਸਮਾਜ ਸੇਵਾ ਤੇ ਸਮਾਜਕ ਵਰਤਾਰੇ ਵਿਚ ਹਮੇਸ਼ਾ ਮੂਹਰੇ ਰਹਿੰਦਾ ਹੈ। ਉਹਦੇ ਨਾਂ 'ਤੇ ਪਿੰਡ 'ਚ 'ਸ. ਹਰਦੇਵ ਸਿੰਘ ਖੇਡ ਸਟੇਡੀਅਮ' ਬਣਿਆ ਹੋਇਐ। ਲੋਕ ਭਲਾਈ ਕੰਮਾਂ 'ਚ ਹਮੇਸ਼ਾ ਮੂਹਰੇ ਤੇ ਰਾਜਨੀਤੀ ਤੋਂ ਕੋਹਾਂ ਦੂਰ। ਦਸ ਸਾਲ ਪਹਿਲਾਂ ਬਾਬਾ ਸ. ਗੋਪਾਲ ਸਿੰਘ ਦੀ ਯਾਦ ਵਿਚ ਪਿੰਡ ਟੂਰਨਾਮੈਂਟ ਕਰਵਾਇਆ ਗਿਆ। ਪਿੰਡ ਦੇ ਹੋਰ ਪਤਵੰਤੇ ਸੱਜਣਾਂ ਤੋਂ ਇਲਾਵਾ ਬੰਬਈ ਫਿਲਮ ਇੰਡਸਟਰੀ 'ਚ ਲਤਾ ਮੰਗੇਸ਼ਕਰ ਨੂੰ ਅੱਗੇ ਲਿਆਉਣ ਵਾਲੇ ਮਿਊਜ਼ਿਕ ਡਾਇਰੈਕਟਰ ਕਾਹਮਾ ਵਾਸੀ ਹੁਸਨ ਲਾਲ (ਭਗਤ ਰਾਮ) ਦੀ ਪਤਨੀ ਦਾ ਮਾਣ-ਸਨਮਾਨ ਕੀਤਾ ਗਿਆ।

ਸ. ਹਰਦੇਵ ਸਿੰਘ ਪਿੰਡ ਪੱਲੀ-ਝਿੱਕੀ ਵਿਆਹੇ ਹੋਏ ਹਨ। ਫੁੱਟਬਾਲ ਨੂੰ ਸਮਰਪਿਤ ਅਤੇ ਵਧੀਆ ਫੁੱਟਬਾਲ ਖਿਡਾਰੀਆਂ ਦਾ ਪਿੰਡ ਹੈ। ਜ਼ਿਲ੍ਹਾ ਨਵਾਂਸ਼ਹਿਰ ਫੁੱਟਬਾਲ ਐਸੋਸੀਏਸ਼ਨ ਦਾ ਪ੍ਰਧਾਨ ਜਰਨੈਲ ਸਿੰਘ ਅਤੇ ਜ਼ਿਲ੍ਹਾ ਯੋਜਨਾ ਕਾਂਗਰਸ ਦਾ ਚੇਅਰਮੈਨ ਅਤੇ ਹਲਕਾ ਇੰਚਾਰਜ ਬੰਗਾ ਸਤਵੀਰ ਸਿੰਘ ਵੀ ਪਿੰਡ ਪੱਲੀ-ਝਿੱਕੀ ਦੀਆਂ ਮਹਾਨ ਹਸਤੀਆਂ ਹਨ। ਬਲਵੀਰ ਸਿੰਘ ਵੀਰ੍ਹਾ ਤੇ ਸਤਵਿੰਦਰ ਪਿੰਦਾ—ਦੋਵੇਂ ਭਰਾ ਫੁੱਟਬਾਲ ਦੇ ਨਾਮੀ ਖਿਡਾਰੀ ਰਹਿ ਚੁੱਕੇ ਹਨ। ਜਸਪ੍ਰੀਤ ਸਿੰਘ ਜੱਸਾ ਇਸ ਵੇਲੇ ਕਿਸੇ ਪ੍ਰਸਿੱਧ ਫੁੱਟਬਾਲ ਕਲੱਬ ਵੱਲੋਂ ਖੇਡ ਰਿਹੈ।

ਬੰਗਾ ਕਾਲਜ ਹੁੰਦੇ 'ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ' ਵਿਚ ਵਿਦੇਸ਼ੀ ਵੀਰਾਂ, ਖਿਡਾਰੀਆਂ, ਦਾਨੀ ਸੱਜਣਾਂ ਤੇ ਇਲਾਕੇ ਦੇ ਮੋਹਤਬਰ ਸੱਜਣਾਂ ਦਾ ਬੜਾ ਸਹਿਯੋਗ ਹੁੰਦੈ, ਜੋ ਹਰਦੇਵ ਸਿੰਘ ਕਾਹਮਾ ਦੇ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੁੰਦੇ ਹਨ ਤੇ ਹਰ ਸਾਲ ਮੈਚਾਂ ਦੀ ਅਪਾਰ ਸਫਲਤਾ ਲਈ ਵਧਾਈ ਦੇ ਪਾਤਰ ਬਣਦੇ ਹਨ, ਜਿਨ੍ਹਾਂ ਵਿਚ ਦਰਸ਼ਨ ਸਿੰਘ ਮਾਹਲ ਕੈਨੇਡਾ, ਸਤਵੰਤ ਸਿੰਘ ਬੈਂਸ ਕੈਨੇਡਾ, ਝਲਮਣ ਸਿੰਘ ਸਿੱਧੂ ਕੈਨੇਡਾ (ਸੋਤਰਾਂ ਵਾਲੇ), ਰੋਸ਼ਨ ਲਾਲ ਰੋਸ਼ਾ ਕੈਨੇਡਾ, ਇਕਬਾਲ

ਸਿੰਘ ਖਾਨਖਾਨਾ, ਸਤਵਿੰਦਰ ਸਿੰਘ ਪਿੰਦਾ ਪੱਲੀਆਂ, ਨਰਿੰਦਰ ਸਿੰਘ ਕਰੀਮਪੁਰ, ਰੇਸ਼ਮ ਸਿੰਘ ਮਾਨ ਕੈਨੇਡਾ (ਬੰਗਾ), ਸੁੱਚਾ ਸਿੰਘ ਨਰ ਜਰਮਨੀ, ਨਰਿੰਦਰਪਾਲ ਮਾਹਲ, ਕੇਹਰ ਸਿੰਘ ਥਾਂਦੀ ਅਮਰੀਕਾ, ਨਰਿੰਦਰ ਸਿੰਘ ਰੰਧਾਵਾ, ਨਰਿੰਦਰਪਾਲ ਸਿੰਘ ਮਾਹਲ, ਗੁਰਦਿਆਲ ਸਿੰਘ ਜਗਤਪੁਰ, ਰੇਸ਼ਮ ਸਿੰਘ ਮਜ਼ਾਰੀ, ਸਰਬਜੀਤ ਸਿੰਘ ਪੰਨੂੰ, ਸੁਰਿੰਦਰ ਸਿੰਘ ਪੂੰਨੀ ਜੀਦੋਂਵਾਲ ਸ਼ਾਮਲ ਹਨ। ਦਰਸ਼ਨ ਸਿੰਘ ਮਾਹਲ ਵੱਲੋਂ ਇਨ੍ਹਾਂ ਮੈਚਾਂ 'ਚ ਵੱਡਾ ਸਹਿਯੋਗ ਦਿੱਤਾ ਜਾਂਦੈ।

ਹਰਦੇਵ ਸਿੰਘ ਕਾਹਮਾ 'ਤੇ ਸੱਚੇ ਪਾਤਸ਼ਾਹ ਦਾ ਬੜਾ ਕਰਮ ਹੈ। ਬੇਟਿਆਂ ਨੇ ਕਾਰੋਬਾਰ ਸਾਂਭੇ ਹੋਏ ਹਨ। ਪਰਿਵਾਰ ਅਤੇ ਘਰਵਾਲੀ ਦੇ ਵੱਡੇ ਸਾਥ ਨਾਲ ਖੇਡ ਸ਼ੌਕ ਹੁੱਬ ਕੇ ਪੂਰੇ ਕਰ ਰਿਹੈ ਤੇ ਹੋਰ ਜ਼ਿੰਮੇਵਾਰੀਆਂ ਬਾਖੂਬੀ ਨਿਭਾ ਰਿਹੈ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਜ਼ਿੰਦਗੀ ਦੀਆਂ 80 ਪਤਝੜ ਤੇ ਬਹਾਰਾਂ ਮਾਣ ਚੁੱਕੈ। ਫੁੱਟਬਾਲ ਪ੍ਰਤੀ ਅਥਾਹ ਪਿਆਰ ਹੈ। ਜ਼ਿੰਦਗੀ ਦੇ ਆਖਰੀ ਦਮ ਤੱਕ ਫੁੱਟਬਾਲ ਨੂੰ ਸਮਰਪਿਤ ਹੋਣ ਲਈ ਵਚਨਬੱਧ ਹੈ।

ਖੇਡ ਸ਼ੌਕ ਜਿਨ੍ਹਾਂ ਨੂੰ ਲੱਗ ਜਾਂਦਾ,
ਕਦੇ ਨਾ ਕਾਸੇ ਦੀ ਪਰਵਾਹ ਕਰਦੇ।
ਖੇਡ ਸਮੁੰਦਰਾਂ 'ਚ ਵੜ ਜਾਂਦੇ,
ਹੋਣਹਾਰ ਖਿਡਾਰੀਆਂ ਲਈ ਪੱਧਰਾ ਰਾਹ ਕਰਦੇ।
ਖੇਡ ਸ਼ੌਕ ਪਾਲਣੇ 'ਇਕਬਾਲ ਸਿੰਹਾਂ' ਬੜੇ ਔਖੇ,
'ਨ੍ਹੇਰੀਆਂ, ਝੱਖੜਾਂ ਮੂਹਰੇ ਹਿੱਕ ਡਾਹ ਖੜ੍ਹਦੇ।

## ਵੱਡੇ ਵੱਡੇ ਰੇਡਰਾਂ ਨੂੰ ਡੱਕਣ ਵਾਲਾ—ਰਾਵਲ ਮਾਣਕ ਢੇਰੀ

ਹੁਸ਼ਿਆਰਪੁਰ ਨੇ ਮਾਨਗੜ੍ਹੀਆ ਤੋਖੀ (ਟਾਈਗਰ) ਤੇ ਤੋਖੀ ਐਟਮ ਬੰਬ ਵਰਗੇ ਥੰਮ੍ਹ ਖਿਡਾਰੀ ਸਾਡੀ ਝੋਲੀ ਪਾਏ ਨੇ, ਜਿਨ੍ਹਾਂ ਦੀ ਖੇਡ ਦਾ ਦੁਨੀਆਂ ਅੱਜ ਵੀ ਲੋਹਾ ਮੰਨਦੀ ਐ। ਉਨ੍ਹਾਂ ਜ਼ਿਲ੍ਹੇ ਨੂੰ ਖੇਡ ਨਕਸ਼ੇ 'ਤੇ ਲਿਆ ਕੇ ਸੁਨਹਿਰੀ ਇਤਿਹਾਸ ਰਚਿਆ। ਉਨ੍ਹਾਂ ਦੀਆਂ ਗੱਲਾਂ ਪਿੰਡਾਂ ਦੀਆਂ ਸੱਥਾਂ ਤੇ ਗਲੀਆਂ, ਬਾਜ਼ਾਰਾਂ ਵਿਚ ਹੁੰਦੀਆਂ। ਉਨ੍ਹਾਂ ਦੀਆਂ ਖੇਡ ਬਾਤਾਂ ਦਾ ਨੌਜਵਾਨਾਂ 'ਤੇ ਅਸਰ ਹੁੰਦਾ। ਖ਼ੂਨ ਉਬਾਲੇ ਮਾਰਨ ਲੱਗਦਾ। ਉਵੇਂ ਹੀ ਕਿੱਸੇ ਸੁਣ ਸੁਣ ਮਾਣਕ ਢੇਰੀ ਦੇ ਰਾਵਲ ਦਾ ਖ਼ੂਨ ਖੌਲਣ ਲੱਗਦਾ।

ਉਨ੍ਹਾਂ ਦੇ ਮਾਰਗ 'ਤੇ ਚਲਦਿਆਂ ਰਾਵਲ ਨੇ ਤਕੜੀ ਮਿਹਨਤ ਕੀਤੀ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਬੱਡੀ ਦਾ ਲੱਠਾ ਨਾਇਕ ਬਣ ਕੇ ਖੇਡ ਜਗਤ ਵਿਚ ਚਮਕਿਆ ਤੇ ਜ਼ਿਲ੍ਹੇ ਦਾ ਨਾਂ ਚਮਕਾਇਆ। ਕਬੱਡੀ ਦੇ ਬੁਰਜ 'ਤੇ ਖੜ੍ਹ ਕੇ ਉਹਨੇ ਕਈ ਸਾਲ ਕਬੱਡੀ ਖੇਡੀ ਤੇ ਸ਼ੰਕਰੀਏ ਘੁੱਗੇ ਦਾ ਸਾਥੀ ਖਿਡਾਰੀ ਬਣ ਵੱਡੇ ਵੱਡੇ ਰੇਡਰਾਂ ਨੂੰ ਥੰਮਿਆ। ਪਿੰਡਾਂ ਦੇ ਸ਼ੋਅ-ਮੈਚ, ਸਟੇਟ ਲੈਵਲ, ਸਟੇਟ ਚੈਂਪੀਅਨਸ਼ਿਪਾਂ ਤੇ ਜ਼ਿਲ੍ਹਿਆਂ ਦੇ ਮੈਚ ਰੱਜ ਕੇ ਖੇਡੇ ਅਤੇ ਲੋਕਾਂ ਦਾ ਪਿਆਰ ਵੀ ਰੱਜ ਕੇ ਮਾਣਿਆ।

ਮਾਤਾ ਪ੍ਰੀਤਮ ਕੌਰ ਤੇ ਪਿਤਾ ਸ. ਮੋਤਾ ਸਿੰਘ ਦੇ ਲਾਡਲੇ ਪੁੱਤ ਨੇ 8ਵੀਂ ਜਮਾਤ ਅਬੋਹਰ ਮੰਡੀ, ਜ਼ਿਲ੍ਹਾ ਫਿਰੋਜ਼ਪੁਰ ਤੋਂ ਕੀਤੀ, ਕਿਉਂਕਿ ਪਿਤਾ ਜੀ ਦਾ ਉਥੇ ਟਰੱਕਿੰਗ ਦਾ ਕਾਰੋਬਾਰ ਸੀ। ਫਿਰ ਪਿਤਾ ਜੀ ਪਰਿਵਾਰ ਸਮੇਤ ਪਿੰਡ ਮਾਣਕ ਢੇਰੀ ਜਾ ਵਸੇ। 9ਵੀਂ ਅਤੇ 10ਵੀਂ ਦੀ ਪੜ੍ਹਾਈ ਲਾਗਲੇ ਪਿੰਡ ਦੇ ਹਾਈ ਸਕੂਲ ਸਰਹਾਲਾ ਮੁੰਡੀਆਂ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਕੀਤੀ। ਮਾਤਾ ਜੀ ਨੂੰ ਵੀ ਸ਼ੌਕ ਸੀ ਕਿ ਪੁੱਤ ਜਾਨਦਾਰ ਖਿਡਾਰੀ ਬਣੇ। ਖ਼ੁਰਾਕ ਦੀ ਕੋਈ ਕਸਰ ਨਾ ਛੱਡੀ। ਪਿੰਡ ਦੇ ਪੁਰਾਣੇ ਖਿਡਾਰੀਆਂ ਵੱਲ ਵੇਖ ਹੋਰ ਸ਼ੌਕ ਵਧਿਆ, ਜੋ ਬੋਰੀ ਚੁੱਕਦੇ ਤੇ ਮੂੰਗਲੀਆਂ ਫੇਰਦੇ। ਪਰਿਵਾਰ 'ਚੋਂ ਚਾਰ ਮੈਂਬਰ ਵਧੀਆ ਖਿਡਾਰੀ ਹੋਣ ਕਰਕੇ ਖ਼ੁਦ ਵੀ ਤਕੜਾ ਖਿਡਾਰੀ ਬਣਨ ਦੀ ਇੱਛਾ ਵਧਣ ਲੱਗੀ।

ਜਵਾਨੀ 'ਚ ਉਹਨੇ ਲਾਗਲੇ ਪਿੰਡ ਬਹਿਰਾਮ-ਸ਼ਰਿਸਤਾ ਆਪਣੇ ਪਿੰਡ ਦੀ ਫਸਵੀਂ ਟੱਕਰ ਮਹਿੰਦਰ ਬੋਲੇ ਨਾਲ ਵੇਖੀ। ਪਿੰਡ ਦਾ ਪੁਰਾਣਾ ਖਿਡਾਰੀ ਸੰਤੋਖ ਗਿੱਦੜ ਸਾਹ ਪਾ ਰਿਹਾ ਸੀ। ਸੰਤੋਖ ਗਿੱਦੜ ਤੇ ਮਹਿੰਦਰ ਬੋਲੇ ਦਾ ਜ਼ਬਰਦਸਤ ਮੁਕਾਬਲਾ ਹੋ ਰਿਹਾ ਸੀ। ਜਦੋਂ ਸੰਤੋਖ ਗਿੱਦੜ ਨੰਬਰ ਲੈ ਜਾਂਦਾ ਤਾਂ ਲੋਕ ਤਾੜੀਆਂ ਮਾਰਦੇ, ਉੱਚੀ ਅਵਾਜ਼ਾਂ ਕੱਸਦੇ, "ਵਾਹ ਓਏ ਗਿੱਦੜਾ! ਸਵਾਦ ਕਰ'ਤਾ।" (ਗੰਨੇ ਜ਼ਿਆਦਾ ਚੂਪਦਾ ਕਰਕੇ ਉਹਦੀ ਅੱਲ ਗਿੱਦੜ ਪਈ ਸੀ, ਕਦੇ ਗੁੱਸਾ ਨਹੀਂ ਸੀ ਕਰਦਾ)

ਬਾਹਰ ਬੈਠਾ ਰਾਵਲ ਉਹ ਮੈਚ ਵੇਖ ਰਿਹਾ ਸੀ ਤੇ ਉਹਦਾ ਖ਼ੂਨ ਉਬਾਲੇ ਖਾਣ ਲੱਗਦਾ ਕਿ ਇਕ ਦਿਨ ਉਹ ਵੀ ਉੱਚ ਕੋਟੀ ਦਾ ਖਿਡਾਰੀ ਬਣੇਗਾ ਤੇ ਲੋਕ ਤਾੜੀਆਂ ਤੇ ਕਿਲਕਾਰੀਆਂ ਮਾਰ ਉਹਦੀ ਖੇਡ ਦੀ ਦਾਦ ਦੇਣਗੇ। ਇਹ ਰਾਵਲ ਦੇ ਸ਼ੁਰੂਆਤੀ ਦਿਨਾਂ ਦੀ ਗੱਲ ਹੈ। ਉਦੋਂ ਉਹ ਨੌਵੀਂ 'ਚ ਪੜ੍ਹਦਾ ਸੀ ਤੇ ਜਵਾਨੀ ਦੀ ਦਹਿਲੀਜ਼ 'ਤੇ ਅੱਪੜ ਚੁੱਕਾ ਸੀ। ਉਹ ਕਬੱਡੀ ਨੂੰ ਦਿਲ-ਓ-ਜਾਨ ਨਾਲ ਸਮਰਪਿਤ ਹੋ ਚੁੱਕਾ ਸੀ। ਵੱਡੇ ਵੱਡੇ ਰੇਡਰਾਂ ਨੂੰ ਰੋਕਣ ਦਾ ਦਮ ਰੱਖਣ ਲੱਗਾ। ਤਕੜੇ ਰੇਡਰ ਉਹਦੀ ਖੇਡ, ਤਾਕਤ ਤੇ ਦਾਅ ਤੋਂ ਕੰਨੀ ਕਤਰਾਉਣ ਲੱਗੇ।

ਮੂਨਕਾਂ ਵਾਲਾ ਤਾਰੀ ਪੰਜਾਬ ਦਾ ਤਕੜਾ ਰੇਡਰ ਹੋਇਐ। ਰਈਏ ਚੈਂਪੀਅਨਸ਼ਿਪ ਵਿਚ ਤਾਰੀ ਇਕ ਵਾਰ ਵੀ ਨਾ ਰੁਕਿਆ। ਖੇਡ ਹਲਕਿਆਂ 'ਚ ਤਾਰੀ-ਤਾਰੀ ਹੋਈ ਪਈ ਸੀ। ਇਧਰ ਰਾਵਲ ਵੀ ਚੜ੍ਹਦੀ ਜਵਾਨੀ ਦਾ ਗੱਭਰੂ ਕਬੱਡੀ ਦਾ ਸ਼ੇਰ ਦੁੱਲਾ ਪੂਰੀ ਤਿਆਰੀ 'ਚ ਸੀ ਤੇ ਸੱਚੇ ਪਾਤਸ਼ਾਹ ਵੀ ਰਾਵਲ 'ਤੇ ਪੂਰਾ ਮਿਹਰਬਾਨ ਸੀ। ਭੋਗਪੁਰ ਦੁਸਹਿਰੇ 'ਤੇ ਮੂਨਕਾਂ ਤੇ ਮਾਣਕ ਢੇਰੀ—ਦੋਵੇਂ ਪਿੰਡ ਓਪਨ ਫਾਈਨਲ ਵਿਚ ਆਹਮੋ-ਸਾਹਮਣੇ ਜਾ ਖੜ੍ਹੇ ਹੋਏ। ਦੋਹਾਂ ਪਿੰਡਾਂ ਵਿਚ ਤਾਰੀ ਤੇ ਰਾਵਲ ਵਰਗੇ ਨਾਮੀ ਖਿਡਾਰੀ ਸਨ। ਮੈਚ ਵੇਖਣ ਲਈ ਲੋਕ ਟੁੱਟਣੇ ਆਏ ਹੋਏ ਸਨ। ਮੈਚ ਸ਼ੁਰੂ ਹੋਏ 'ਤੇ ਸਾਹ ਆਏ ਤਾਰੀ ਨੂੰ ਰਾਵਲ ਨੇ ਬੜੀ ਜ਼ੋਰ ਨਾਲ ਕੈਂਚੀ ਮਾਰ ਕੇ ਰੋਕਿਆ। ਲੋਕ ਤਾੜੀਆਂ ਮਾਰਨ ਲੱਗੇ ਤੇ ਚੀਕ ਚਿਹਾੜਾ ਪਾ ਦਿੱਤਾ, ਕਿਉਂਕਿ ਪੰਜਾਬ ਦਾ ਰੇਡਰ ਤਾਰੀ ਰੋਕ ਦਿੱਤਾ ਸੀ। ਉਸ ਮੈਚ ਵਿਚ ਤਾਰੀ ਨੂੰ ਰਾਵਲ ਨੇ ਕਈ ਵਾਰ ਰੋਕਿਆ। ਉਸ ਮੈਚ ਤੋਂ ਬਾਅਦ ਰਾਵਲ ਦੀ ਹਰ ਪਾਸੇ ਚੜ੍ਹਤ ਹੋ ਗਈ ਕਿ ਤਾਰੀ ਨੂੰ ਡੱਕਣ ਵਾਲਾ ਕੋਈ ਖਿਡਾਰੀ ਉਠਿਐ! ਰਾਵਲ ਦੇ ਦੱਸਣ ਅਨੁਸਾਰ ਮੂਨਕਾਂ ਪਿੰਡ ਦੇ ਤਾਰੀ ਅਤੇ ਤੀਰਥ ਤਕੜੇ ਖਿਡਾਰੀ ਸਨ। ਇਹ ਗੱਲ ਸੰਨ 1970-71 ਦੀ ਹੈ।

ਭੋਗਪੁਰ ਦੁਸਹਿਰੇ ਦੇ ਉਸ ਇਤਿਹਾਸਕ ਮੈਚ ਪਿੱਛੋਂ ਰਾਵਲ ਦੀ ਹਰ ਪਾਸੇ ਬੱਲੇ ਬੱਲੇ ਹੋ ਗਈ। ਉਹਦੀ ਗੇਮ ਵੇਖ ਰਿਸ਼ਤੇਦਾਰੀ 'ਚੋਂ ਲੱਗਦੇ ਮਾਮਾ ਜੀ, ਜੋ ਆਪ ਵੀ ਖੇਡਾਂ ਦਾ ਸ਼ੌਕੀਨ ਸੀ, ਨੇ ਰਾਵਲ ਨੂੰ ਸਪੋਰਟਸ ਕਾਲਜ ਜਲੰਧਰ ਦਾਖਲ ਕਰਾ ਦਿੱਤਾ। ਕਾਲਜ ਵੀ ਬੜੀ ਮਿਹਨਤ ਕੀਤੀ। ਖਿਡਾਰੀਆਂ ਦਾ ਤਕੜਾ ਸੈੱਟ ਬਣਾ

ਪਿੰਡਾਂ ਦੇ ਸ਼ੋਅ-ਮੈਚ ਲਾਉਂਦੇ। ਇਸੇ ਤਰ੍ਹਾਂ ਹੀ ਇਕ ਵਾਰ ਰਈਏ ਲਾਗੇ ਸ. ਮੋਹਣ ਸਿੰਘ ਤੁੜ ਦੇ ਪਿੰਡ ਖੇਡਣ ਗਏ। ਉਥੇ ਕਾਲਜ ਦੇ ਨਾਮੀ ਖਿਡਾਰੀ ਲਸ਼ਕਰ ਸਿੰਘ ਨੇ ਵੀ ਟੀਮ ਐਂਟਰ ਕਰਾਈ ਹੋਈ ਸੀ ਤੇ ਉਹ ਵੀ ਨਾਮੀ ਖਿਡਾਰੀ ਲੈ ਕੇ ਪਹੁੰਚਿਆ ਹੋਇਆ ਸੀ। ਵਿਰੋਧੀ ਟੀਮ ਵਿਚ ਲੁਧਿਆਣੇ ਵਾਲਾ ਦਰਬਾਰਾ ਬੋਲਾ, ਘੁੱਦਾ, ਕੌਡਾ ਤੇ ਹੋਰ ਖਿਡਾਰੀ ਸਨ। ਰਾਵਲ ਦੇ ਦੱਸਣ ਅਨੁਸਾਰ ਕੌਡਾ ਤਕੜਾ ਧਾਵੀ ਸੀ ਤੇ ਰਾਵਲ ਵੀ ਪੂਰੀ ਤਿਆਰੀ 'ਚ। ਧਾਵਾ ਕਰਨ ਆਉਂਦੇ ਕੌਡੇ ਨੂੰ ਇਕ ਵਾਰ ਨਹੀਂ, ਕਈ ਵਾਰ ਖੁੱਚ ਪੁੱਟ ਕੇ ਰੋਕਿਆ। ਖੇਡ ਦਾ ਵਧੀਆ ਪ੍ਰਦਰਸ਼ਨ ਕਰਕੇ ਉਥੋਂ 74 ਰੁਪਏ ਬਣੇ। ਉਦੋਂ ਇਕ ਇਕ ਰੁਪਿਆ ਦੇ ਕੇ ਖਿਡਾਰੀਆਂ ਦਾ ਹੌਂਸਲਾ ਵਧਾਇਆ ਜਾਂਦਾ ਸੀ।

ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ 'ਤੇ ਮੈਚਾਂ ਦੀ ਸ਼ੁਰੂਆਤ ਸੰਨ 1972 'ਚ ਹੋਈ। ਪਹਿਲੇ ਸਾਲ ਟੂਰਨਾਮੈਂਟ ਕਮੇਟੀ ਨੇ ਮੈਚਾਂ ਵਿਚ ਪ੍ਰੀਤੇ ਤੇ ਰਾਵਲ ਦੀਆਂ ਟੀਮਾਂ ਵੀ ਸੱਦੀਆਂ। ਰਾਵਲ ਪ੍ਰੀਤੇ ਦੇ ਵਿਰੁੱਧ ਖੇਡ ਰਿਹਾ ਸੀ। ਮੂਨਕਾਂ ਵਾਲੇ ਤਾਰੀ ਦਾ ਪੇਂਡੂ ਤੀਰਥ ਧਾਵੀ ਸੀ ਤੇ ਰਾਵਲ ਜੱਫੇ ਲਾ ਰਿਹਾ ਸੀ। ਡਾਜ਼ ਮਾਰਨ ਦਾ ਮਾਹਰ ਤੀਰਥ ਇਕ ਵਾਰ ਵੀ ਨਾ ਰੁਕਿਆ। ਜਿੱਤ ਦਾ ਸਿਹਰਾ ਰਾਵਲ ਹੋਰਾਂ ਵੱਲ ਜਾ ਰਿਹਾ ਸੀ। ਰਾਵਲ ਨੇ ਕਹਿੰਦੇ ਕਹਾਉਂਦੇ ਸਾਰੇ ਰੇਡਰ ਰੋਕੇ, ਪਰ ਤਕੜਾ ਖਿਡਾਰੀ ਪ੍ਰੀਤਾ ਇਕ ਵਾਰ ਵੀ ਨਾ ਰੁਕਿਆ। ਮੈਚ ਮੁੱਕਦੇ ਹੀ ਦਰਸ਼ਕ ਰਾਵਲ ਦੁਆਲੇ 'ਕੱਠੇ ਹੋ ਗਏ। ਬੜੀ ਦਾਦ ਤੇ ਹੌਂਸਲਾ ਦਿੱਤਾ। ਉਸ ਮੈਚ ਪਿਛੋਂ ਚਾਰੇ-ਪਾਸੇ ਰਾਵਲ-ਰਾਵਲ ਹੋ ਗਈ।

ਸੰਨ 1975 'ਚ ਟੀਮ ਇੰਗਲੈਂਡ ਜਾਣੀ ਸੀ, ਪਰ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਦਿੱਤੀ। ਇੰਗਲੈਂਡ ਜਾਣ ਦਾ ਸੁਪਨਾ ਚਕਨਾਚੂਰ ਹੋ ਗਿਆ। ਕੈਂਪਾਂ 'ਚ ਤਿਆਰੀ ਚਲਦੀ ਰਹੀ, ਜਿਥੇ ਜਾਫੀਆਂ 'ਚ ਸ਼ੰਕਰੀਆ ਘੁੱਗਾ, ਰਾਵਲ, ਸ਼ਿਵਦੇਵ (ਨਿਊਯਾਰਕ) ਤੇ ਦਰਬਾਰਾ ਬੋਲਾ ਹੁੰਦੇ।

ਚੱਕਾਂ ਵਾਲੇ ਕਮਲ ਪੰਡਿਤ (ਨਿਊਯਾਰਕ) ਤੇ ਰਾਵਲ ਨੇ ਕਈ ਸਾਲ 'ਕੱਠਿਆਂ ਮੈਚ ਖੇਡੇ। ਰਾਵਲ ਜੱਫੇ ਲਾਉਂਦਾ ਤੇ ਕਮਲ ਰੇਡਾਂ ਕਰਦਾ। ਰਾਵਲ ਨੇ ਆਪਣੇ ਪਿੰਡ ਕਮਲ ਨਾਂ ਥੋੜ੍ਹੀ ਜਿਹੀ ਜਗ੍ਹਾ ਲੁਆ ਦਿੱਤੀ ਸੀ ਤਾਂ ਕਿ ਕਮਲ ਉਹਦੇ ਪਿੰਡ ਵੱਲੋਂ ਖੇਡਦਾ ਰਹੇ। ਕਮਲ ਦੀ ਰੇਡ ਪੱਕੀ ਹੁੰਦੀ। ਆਮ ਜਾਫੀ ਤਾਂ ਕੀ, ਤਕੜਿਆਂ ਕੋਲੋਂ ਵੀ ਨਹੀਂ ਸੀ ਰੁਕਦਾ।

1975-76 'ਚ ਕਾਲਜ ਪਿੱਛੋਂ ਵੀ ਰਾਵਲ ਖੇਡਦਾ ਰਿਹਾ। ਆਲੇ-ਦੁਆਲੇ ਮੈਚਾਂ 'ਚ ਸੱਘਵਾਲ ਵਾਲਾ ਜਗੀਰ ਸਿੰਘ (ਜਗੀਰੀ ਕੋਚ) ਖੇਡਣ ਲੈ ਜਾਂਦਾ। ਦਸੂਹੇ ਸਟੇਟ ਪੰਚਾਇਤ ਚੈਂਪੀਅਨਸ਼ਿਪ ਖੇਡੀ। ਪਾਲੇ ਦੇ ਪਿੰਡ ਸ਼ੰਕਰ ਵੀ ਖੇਡਣ ਜਾਂਦੇ ਰਹੇ। ਸ਼ੰਕਰੀਏ ਪਾਲੇ ਤੇ ਪੱਤੜੀਏ ਬੋਲੇ ਨਾਲ ਬੜੇ ਮੈਚ ਲਾਏ। ਬਾਹਰ ਪੱਕੇ ਯਾਰ ਤੇ ਗਰਾਊਂਡ

ਵਿਚ ਪੂਰੇ ਵਿਰੋਧੀ। ਸਿਰ-ਧੜ ਦੀ ਬਾਜ਼ੀ ਹੁੰਦੀ, ਕਿਉਂਕਿ ਜਿੱਤ-ਹਾਰ ਦਾ ਮਸਲਾ ਹੁੰਦਾ। ਰਾਵਲ ਦੱਸ ਰਿਹਾ ਸੀ ਕਿ ਕਬੱਡੀ ਤਿਲਕਣਬਾਜ਼ੀ ਹੁੰਦੀ ਹੈ, ਪਤਾ ਨ੍ਹੀਂ ਹੁੰਦਾ ਗੇਮ ਕਿਧਰ ਨੂੰ ਜਾਣੀ ਹੈ। ਜਲੰਧਰ ਲਾਗੇ ਉੱਗੀ-ਚਿੱਟੀ ਬੋਲੇ ਹੋਰਾਂ ਨਾਲ ਮੈਚ ਹੋਇਆ ਤੇ ਬੋਲਾ 'ਕੱਲਾ ਹੀ ਉਨ੍ਹਾਂ ਨੂੰ ਜਿੱਤ ਗਿਆ ਸੀ। ਰਾਵਲ ਚਮਕੌਰ ਤਲਵੰਡੀ ਤੇ ਸੋਂਧੀ ਕੋਚ ਦੇ ਛੋਟੇ ਭਰਾ ਜੈਲੇ ਨਾਲ ਵੀ ਖੇਡਿਆ।

ਸੰਨ 1971 ਤੋਂ 1978 ਤੱਕ ਉਹ ਸ੍ਰੀ ਅਨੰਦਪੁਰ ਸਾਹਿਬ ਖੇਡਣ ਜਾਂਦਾ ਰਿਹਾ। ਖਿਡਾਰੀਆਂ ਦਾ ਤਕੜਾ ਸੈੱਟ ਕਰਕੇ ਹਰ ਮੈਦਾਨ ਫ਼ਤਿਹ ਹੁੰਦੀ। ਹੁਸ਼ਿਆਰਪੁਰ ਜ਼ਿਲ੍ਹੇ ਦੀ ਟੀਮ ਵਿਚ ਬਹੁਤੇ ਨੌਕਰੀ ਪੇਸ਼ੇ ਵਾਲੇ ਖਿਡਾਰੀ ਹੁੰਦੇ, ਕੋਈ ਪੀ. ਟੀ. ਆਈ., ਡੀ. ਪੀ. ਈ. ਜਾਂ ਕੋਈ ਹੋਰ ਨੌਕਰੀ ਵਾਲਾ। ਉਹਦੇ ਕੋਲ ਕੋਈ ਨੌਕਰੀ ਨਾ ਹੋਣ ਦੇ ਬਾਵਜੂਦ ਪੱਲਿਓਂ ਕਿਰਾਇਆ ਖਰਚ ਦੂਰ ਦੂਰ ਬੱਸਾਂ 'ਚ ਮੈਚ ਖੇਡਣ ਜਾਂਦਾ। ਅਨੰਦਪੁਰ ਸਾਹਿਬ ਜ਼ਿਆਦਾ ਕਰਕੇ ਹੁਸ਼ਿਆਰਪੁਰ ਦਾ ਕਪੂਰਥਲੇ ਨਾਲ ਮੁਕਾਬਲਾ ਹੁੰਦਾ। ਕਦੇ ਹੁਸ਼ਿਆਰਪੁਰ ਜੇਤੂ ਹੁੰਦਾ ਤੇ ਕਦੀ ਕਪੂਰਥਲਾ। ਕਪੂਰਥਲੇ ਵੱਲੋਂ ਰਮੀਦੀ ਵਾਲੇ ਸਰਬਣ ਬੱਲ ਅਤੇ ਹੁਸ਼ਿਆਰਪੁਰ ਵੱਲੋਂ ਮਹਿੰਦਰ ਬੋਲਾ (ਪੱਜੋਦਿੱਤਾ) ਆਪੋ ਆਪਣੇ ਜ਼ਿਲ੍ਹੇ ਨੂੰ ਮਾਣ ਬਖਸ਼ਦੇ ਰਹੇ।

ਸ਼ੰਕਰੀਆ ਪਾਲਾ ਦੱਸਦਾ ਕਿ ਪੁਰਾਣੇ ਖਿਡਾਰੀਆਂ ਵਿਚ ਬੜਾ ਪਿਆਰ ਤੇ ਤਾਲਮੇਲ ਹੁੰਦਾ ਸੀ। ਇਹ ਵੀ ਦੱਸਿਆ ਕਿ ਇਕ ਵਾਰ ਅਨੰਦਪੁਰ ਸਾਹਿਬ ਮੈਚ ਖੇਡਣ ਪਿੱਛੋਂ ਜਲੰਧਰ ਦੇ ਖਾਲਸਾ ਕਾਲਜ ਜਾ ਕੇ ਆਪੋ ਆਪਣੇ ਕਮਰਿਆਂ 'ਚ ਸੌਣ ਚਲੇ ਗਏ। ਕਮਰੇ 'ਚ ਜਾ ਕੇ ਵੇਖਿਆ ਤਾਂ ਉਹਦੀ ਰਜਾਈ ਗੁੰਮ। ਪਤਾ ਲੱਗਾ ਕਿ ਰਜਾਈ ਉਹਦੀ ਚੱਕਾਂ ਵਾਲਾ ਪੰਡਿਤ ਤੇ ਰਾਵਲ ਚੁੱਕ ਕੇ ਲੈ ਗਏ। ਜਦੋਂ ਜਾ ਕੇ ਉਨ੍ਹਾਂ ਦਾ ਦਰਵਾਜ਼ਾ ਖੜਕਾਇਆ ਤਾਂ ਉਨ੍ਹਾਂ ਸ਼ੇਰਾਂ ਪਹਿਲਾਂ ਹੀ ਅੰਦਰੋਂ ਕੁੰਡੀ ਮਾਰ ਕੇ ਦਰਵਾਜ਼ਾ ਬੰਦ ਕਰ ਲਿਆ। ਪਾਲਾ ਸਾਰੀ ਰਾਤ ਦਰਵਾਜ਼ਾ ਖੜਕਾਉਂਦਾ ਰਿਹਾ ਤੇ ਘੁੰਮਦਾ ਰਿਹਾ ਅਤੇ ਪਾਣੀ ਦੀਆਂ ਭਰ ਭਰ ਬਾਲਟੀਆਂ ਰੌਸ਼ਨਦਾਨਾਂ ਥਾਣੀਂ ਕਮਰੇ 'ਚ ਸੁੱਟਦਾ ਰਿਹਾ। ਉਹ ਘੇਸਲ ਮਾਰ ਕੇ ਸੌਂ ਗਏ, ਕੁਸਕੇ ਨਾ ਜ਼ਰਾ ਵੀ। ਫਿਰ ਪਾਲੇ ਨੇ ਬਿਨਾ ਰਜਾਈ ਤੋਂ ਸਾਰੀ ਰਾਤ ਕੱਟੀ। ਪੁਰਾਣੇ ਸਮਿਆਂ ਨੂੰ ਯਾਦ ਕਰਦਾ ਪਾਲਾ ਹੱਸ ਰਿਹਾ ਸੀ। ਉਦੋਂ ਇਕ ਦੂਜੇ ਨਾਲ ਛੋਟੀਆਂ-ਮੋਟੀਆਂ ਸ਼ਰਾਰਤਾਂ ਵੀ ਕਰ ਲੈਂਦੇ ਸਨ। ਕਿਸੇ ਦੀ ਤੇਲ ਦੀ ਸ਼ੀਸ਼ੀ ਚੁੱਕ ਲੈਣੀ, ਨਿੱਕਰ ਲੁਕਾ ਲੈਣੀ ਜਾਂ ਕਿਸੇ ਦਾ ਲੰਗੋਟ ਲੁਕੋ ਦੇਣਾ।

ਮਾਣਕ ਢੇਰੀ ਮਰਾਸੀਆਂ ਕਰਕੇ ਵੀ ਜਾਣਿਆ ਜਾਂਦਾ ਸੀ। ਜਦੋਂ ਕਦੇ ਉਹ ਦੂਰ-ਦੁਰਾਡੇ ਨਕਲਾਂ ਕਰਨ ਜਾਂਦੇ ਤਾਂ ਲੋਕ ਪੁੱਛਦੇ, "ਕਿਹੜਾ ਪਿੰਡ ਐ ਤੁਹਾਡਾ ?" "ਜੀ, ਮਾਣਕ ਢੇਰੀ।" "ਅੱਛਾ, ਅੱਛਾ ਰਾਵਲ ਵਾਲਾ!" ਪਿੰਡ ਜਾ ਕੇ ਰਾਵਲ ਨੂੰ

ਕਹਿਣਾ, "ਮਾਣਕ ਢੇਰੀ ਦੋ ਬੰਦਿਆਂ ਕਰਕੇ ਮਸ਼ਹੂਰ ਐ ਰਾਵਲਾ, ਇਕ ਤੇਰੇ ਕਰਕੇ, ਦੂਜਾ ਮਰਾਸੀਆਂ ਕਰਕੇ।" ਕਹਿੰਦਿਆਂ ਠਹਾਕੇ ਮਾਰ ਕੇ ਹੱਸ ਪੈਣਾ।

1975-76 'ਚ ਪ੍ਰੀਤੇ ਦੀ ਗੁੱਡੀ ਅਸਮਾਨੀਂ ਚੜ੍ਹੀ ਹੋਈ ਸੀ। ਰਾਵਲ ਦਾ ਉਹਦੇ ਨਾਲ ਬੜਾ ਪਿਆਰ ਸੀ। ਇਹ ਵੀ ਦੱਸਿਆ ਕਿ ਪ੍ਰੀਤੇ ਵਰਗੇ ਖਿਡਾਰੀ ਮੁਸ਼ਕਿਲ ਨਾਲ ਪੈਦਾ ਹੋਣਗੇ। ਸ਼ੰਕਰੀਏ ਘੁੱਗੇ ਬਾਰੇ ਵੀ ਦੱਸਿਆ ਕਿ ਦੋਆਬੇ 'ਚ ਘੁੱਗੇ ਵਰਗੇ ਜਾਫੀ ਨਹੀਂ ਪੈਦਾ ਹੋਣੇ। ਕਹਿੰਦਾ, ਜੇ ਘੁੱਗਾ ਪੰਜਾਬ ਰਹਿੰਦਾ ਤਾਂ ਬਹੁਤੇ ਖਿਡਾਰੀ ਖੇਡਣਾ ਛੱਡ ਜਾਂਦੇ। ਤਕੜੇ ਤਕੜੇ ਰੇਡਰਾਂ ਨੂੰ ਗਰਾਊਂਡ 'ਚ ਖੜ੍ਹੇ ਕਰ ਦਿੰਦਾ ਸੀ। ਸੰਨ 1975 'ਚ ਘੁੱਗਾ ਕੈਨੇਡਾ ਚਲਾ ਗਿਆ। ਕੈਨੇਡਾ ਪਹੁੰਚ ਕੇ ਵੀ ਮੈਚ ਖੇਡੇ ਤੇ ਤਕੜੇ ਧਾਵੀ ਥੰਮੇ।

ਜਾਫੀਆਂ 'ਚ ਸੰਨ 1952-58 ਦੇ ਦਹਾਕੇ 'ਚ ਮਾਨਗੜ੍ਹੀਆ ਤੋਖੀ, 1965-66 'ਚ ਮਹਿੰਦਰ ਬੋਲਾ, 1972-75 'ਚ ਸ਼ੰਕਰੀਆ ਘੁੱਗਾ ਅਤੇ 1975-76 'ਚ ਮੱਖਣ ਪੁਆਦੜਾ ਹੋਏ ਨੇ। ਮੱਖਣ ਨੇ ਤਾਂ 1974-75 'ਚ ਮਾਹਿਲ ਗਹਿਲਾਂ ਦੇ ਇੰਟਰ ਬਲਾਕ ਮੈਚਾਂ ਵਿਚ ਮੂਨਕਾਂ ਵਾਲੇ ਤਾਰੀ ਨੂੰ ਬੜੇ ਜ਼ੋਰ ਨਾਲ ਡੱਕਿਆ ਸੀ।

1977-78 'ਚ ਕਮਲ ਪੰਡਿਤ ਉਹਨੂੰ ਹਿਸਾਰ ਖੇਡਣ ਲੈ ਗਿਆ। ਕਬੱਡੀ ਦੇ ਸ਼ੌਕੀਨ ਕਮਲ ਦੇ ਪੇਂਡੂ ਹਰਿਆਣੇ ਰਹਿੰਦੇ ਸਨ। ਮੂਹਰੇ ਵੀ ਤਕੜੀ ਟੀਮ ਤਿਆਰ ਕੀਤੀ ਹੋਈ ਸੀ। ਖੇਡ ਪ੍ਰੇਮੀਆਂ ਦਾ ਠਾਠਾਂ ਮਾਰਦਾ ਇਕੱਠ। ਰਾਵਲ ਨੇ ਤਕੜੇ ਜੱਫੇ ਲਾਏ ਤੇ ਕਮਲ ਨੇ ਤਕੜੀਆਂ ਰੇਡਾਂ ਪਾਈਆਂ। ਰਾਵਲ ਹੋਰੀਂ ਬਹੁਤੇ ਨੰਬਰਾਂ 'ਤੇ ਜਿੱਤ ਰਹੇ ਸਨ। ਕਾਪੀ ਵੇਖਣ ਦੇ ਬਹਾਨੇ ਹਰਿਆਣੇ ਵਾਲੇ ਨੰਬਰਾਂ ਵਾਲਾ ਵਰਕਾ ਹੀ ਪਾੜ ਕੇ ਲੈ ਗਏ। ਹੋਈ ਬੇਇਨਸਾਫ਼ੀ ਦੀ ਕਿਸੇ ਇਕ ਨਾ ਸੁਣੀ, ਉਹ ਰੌਲਾ ਪਾਉਂਦੇ ਹੀ ਰਹਿ ਗਏ।

1981 'ਚ ਉਹ ਕੈਨੇਡਾ ਖੇਡਣ ਗਏ। ਮਾਨਗੜ੍ਹੀਆ ਤੋਖੀ ਟੀਮ ਨਾਲ ਗਿਆ। ਖਿਡਾਰੀਆਂ 'ਚ ਰਾਵਲ, ਮੂਨਕਾਂ ਵਾਲਾ ਤਾਰੀ, ਪਰਮਜੀਤ ਪੰਮਾ ਹੁਸ਼ਿਆਰਪੁਰ, ਬਲਵੀਰ ਬਿੱਲਾ, ਮੰਦਰ ਫਰੀਦਕੋਟ, ਬੀਰੂ ਫਰੀਦਕੋਟ, ਸੂਬੀ ਸੰਗਰੂਰ ਤੇ ਕੁਲਦੀਪ ਮੱਲ੍ਹਾ ਸਨ। ਉਥੇ ਮੈਚ ਖੇਡੇ ਤੇ ਜਿੱਤੇ ਵੀ। ਇਸੇ ਤਰ੍ਹਾਂ ਹੀ 1982 'ਚ ਰਾਵਲ, ਮਾਨਗੜ੍ਹੀਆ ਤੋਖੀ ਤੇ ਰੈਸਲਿੰਗ ਕੋਚ ਜਸਮੋਹਣ ਕਬੱਡੀ ਖਿਡਾਰੀਆਂ ਤੇ ਪਹਿਲਵਾਨਾਂ ਦੀ ਟੀਮ ਲੈ ਕੇ ਇੰਗਲੈਂਡ ਗਏ।

ਕਬੱਡੀ ਖਿਡਾਰੀਆਂ 'ਚ ਲੁਧਿਆਣੇ ਦਾ ਸਾਰਾ ਸੈੱਟ ਸੀ ਜਿਵੇਂ—ਬਲਜੀਤ ਦੁੱਗਰੀ, ਬਲਜੀਤ ਗੋਲਾ ਜਰਗ, ਪਾਲੀ ਮਾਦਪੁਰ ਤੇ ਰਸ਼ਪਾਲ ਤੋਤਾ ਅਤੇ ਪਹਿਲਵਾਨਾਂ 'ਚ ਪਾਲਾ ਰਾਮ ਸੀ। ਪਾਲਾ ਰਾਮ ਨੇ ਉਥੇ ਸਾਰੀਆਂ ਕੁਸ਼ਤੀਆਂ ਲੜੀਆਂ ਤੇ ਸਾਰੇ ਭਲਵਾਨਾਂ ਨੂੰ ਢਾਹਿਆ ਵੀ। ਰਾਵਲ ਦੇ ਦੱਸਣ ਅਨੁਸਾਰ ਰਸ਼ਪਾਲ ਸਿੰਘ, ਜੋ ਕਬੱਡੀ

ਜਗਤ ਵਿਚ 'ਤੋਤੇ' ਦੇ ਨਾਂ ਨਾਲ ਪ੍ਰਸਿੱਧ ਹੋਇਐ, ਤਕੜਾ ਜਾਫੀ ਸੀ। ਹਰਿਆਣੇ 'ਚ ਪੈਂਦੇ ਚਨਾਰਥ ਮੈਚਾਂ 'ਚ ਤਕੜੇ ਧਾਵੀ ਫਿੱਡੂ ਨੂੰ ਕਈ ਵਾਰ ਰੋਕਿਆ। ਰਸ਼ਪਾਲ ਸਿੰਘ ਤੋਤਾ ਦਾ ਲੁਧਿਆਣੇ 'ਚ ਸਾਹਨੇਵਾਲ ਕੋਲ ਛੋਟਾ ਜਿਹਾ ਪਿੰਡ ਹੈ, ਨੰਦਪੁਰ। ਇਸ ਵਕਤ ਉਹ ਡੀ. ਐਸ. ਪੀ. ਦੇ ਅਹੁਦੇ ਤੋਂ ਰਿਟਾਇਰ ਹੋ ਕੇ ਪਟਿਆਲੇ ਰਹਿ ਰਿਹੈ।

ਸਾਂਝੇ ਪੰਜਾਬ ਦੀ ਵੰਡ ਪਿੱਛੋਂ ਭਾਰਤੀ ਪੰਜਾਬ 'ਚ ਖੇਡਣ ਆਏ 7-7 ਫੁੱਟੇ ਪਾਕਿਸਤਾਨੀ ਰੇਡਰਾਂ ਨੂੰ ਰੋਕਣ ਵਾਲਾ ਮਾਨਗੜ੍ਹੀਆ ਤੋਖੀ (ਟਾਈਗਰ) ਰਾਵਲ ਦਾ ਵਿਚੋਲਾ ਹੈ। ਰਾਵਲ ਦੀ ਖੇਡ ਤੋਂ ਉਹ ਬੜਾ ਪ੍ਰਭਾਵਿਤ ਸੀ। ਦੂਜਾ, ਪਰਿਵਾਰਕ ਸਬੰਧ ਵੀ ਸਨ, ਜਿਸ ਕਰਕੇ ਸੰਨ 1980 'ਚ ਉਹਨੇ ਰਾਵਲ ਦਾ ਜਸਵੀਰ ਕੌਰ ਨਾਲ ਰਿਸ਼ਤਾ ਕਰਵਾ ਦਿੱਤਾ। ਹੁਸ਼ਿਆਰਪੁਰ ਜ਼ਿਲ੍ਹੇ ਦਾ ਕਬੱਡੀ ਕੋਚ ਵੀ ਤੋਖੀ ਹੀ ਹੁੰਦਾ ਸੀ। ਕੈਂਪਾਂ 'ਚ ਅਜੀਤ ਸਿੰਘ ਮਾਲੜੀ ਤੇ ਸਰਬਣ ਬੱਲ ਉਹਦੇ ਕੋਚ ਸਨ। ਉਨ੍ਹਾਂ ਦੀ ਦੇਖ-ਰੇਖ ਹੇਠ ਤਕੜੇ ਤਕੜੇ ਖਿਡਾਰੀ ਤਿਆਰ ਹੋਏ। ਉਨ੍ਹਾਂ ਦੀ ਚੰਗੀ ਸਿੱਖਿਆ ਨੂੰ ਅੱਜ ਵੀ ਪੁਰਾਣੇ ਖਿਡਾਰੀ ਯਾਦ ਕਰਦੇ ਨੇ।

ਉਮਰ ਦੇ ਲਿਹਾਜ਼ ਨਾਲ ਤੋਖੀ ਨੇ ਕਬੱਡੀ ਖੇਡਣੀ ਛੱਡ ਦਿੱਤੀ ਤੇ ਪਿੰਡ ਵਾਲਿਆਂ ਉਹਨੂੰ ਸਰਪੰਚ ਬਣਾ ਦਿੱਤਾ। ਕਈ ਸਾਲ ਉਹ ਪਿੰਡ ਦਾ ਸਰਪੰਚ ਰਿਹੈ, ਪਰ ਪਿੰਡ 'ਚ ਕਿਸੇ ਨਿੱਜੀ ਰੰਜਿਸ਼ ਦਾ ਸ਼ਿਕਾਰ ਹੋ ਗਿਆ ਸੀ। ਤੋਖੀ ਦਾ ਕਬੱਡੀ ਖਿਡਾਰੀ ਬੇਟਾ ਯਾਦਵੀਰ ਕੈਨੇਡਾ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

ਕਬੱਡੀ ਦਾ ਪਿਆਰਾ ਖਿਡਾਰੀ ਰਾਵਲ ਅੱਜ ਕੱਲ੍ਹ ਪਰਿਵਾਰ ਸਮੇਤ ਅਮਰੀਕਾ ਰਹਿੰਦਾ ਹੈ। ਪੁਰਾਣੇ ਖਿਡਾਰੀ ਤੇ ਪੁਰਾਣੀ ਕਬੱਡੀ ਨੂੰ ਉਹ ਅੱਜ ਵੀ ਯਾਦ ਕਰਦਾ ਹੈ। ਪੁਰਾਣੇ ਖਿਡਾਰੀਆਂ 'ਚੋਂ ਸਰਬਣ ਬੱਲ, ਅਜੀਤ ਸਠਿਆਲਾ, ਪ੍ਰੀਤਾ, ਦੇਵੀ ਦਿਆਲ ਹਨ। ਕਾਲਜਾਂ ਤੇ ਕੈਂਪਾਂ ਵਿਚ ਰਹੇ ਕੋਚ ਅਜੀਤ ਸਠਿਆਲਾ (ਅੱਜ ਕੱਲ੍ਹ ਕੈਲੀਫੋਰਨੀਆ) ਨੇ ਰਾਵਲ ਨੂੰ ਸ਼ੰਕਰੀਏ ਘੁੱਗੇ ਵਰਗਾ ਤਕੜਾ ਜਾਫੀ ਮੰਨਿਆ। ਨਡਾਲੇ ਵਾਲੇ ਪ੍ਰੀਤੇ (ਆਇਆ ਪ੍ਰੀਤਾ, ਗਿਆ ਪ੍ਰੀਤਾ) ਨੇ ਰਾਵਲ ਨਾਲ ਬੜੇ ਮੈਚ ਲਾਏ, ਉਹਨੇ ਵੀ ਰਾਵਲ ਦੀ ਖੇਡ ਨੂੰ ਬੜਾ ਪਸੰਦ ਕੀਤਾ। ਅਜੀਤ ਸਠਿਆਲਾ, ਪ੍ਰੀਤੇ ਤੇ ਰਾਵਲ ਦਾ ਕਹਿਣਾ ਹੈ ਕਿ ਸਾਰੀ ਉਮਰ ਉਹ ਬਿਨਾ ਨਸ਼ੇ ਤੇ ਬਿਨਾ ਕਿਸੇ ਲੋਭ-ਲਾਲਚ ਦੇ ਖੇਡੇ। ਪਿੰਡਾਂ 'ਚੋਂ ਭਰ ਭਰ ਟਰਾਲੀਆਂ ਉਨ੍ਹਾਂ ਦਾ ਮੈਚ ਵੇਖਣ ਆਉਂਦੀਆਂ। ਕਿਰਾਇਆ ਵਗੈਰਾ ਵੀ ਪੱਲਿਓਂ ਖਰਚਦੇ। ਕਬੱਡੀ ਹਮੇਸ਼ਾ ਸਿਰ ਚੜ੍ਹ ਬੋਲਦੀ। ਛੋਟੇ-ਮੋਟੇ ਇਨਾਮ ਲੈ ਕੇ ਬੜੇ ਖੁਸ਼ ਹੁੰਦੇ—ਜਿਵੇਂ ਪਲਾਸਟਿਕ ਵਾਲੇ ਡੱਬੇ, ਟਰੇਆਂ, ਤੌਲੀਏ ਜਾਂ ਬੁਨੈਣਾਂ ਵਗੈਰਾ। ਉਹ ਬੁਨੈਣ ਇਕ ਵਾਰ ਹੀ ਪੈਂਦੀ ਸੀ ਤੇ ਦੂਜੇ ਧੋ ਨੂੰ ਛਾਣਨੀ ਬਣ ਜਾਂਦੀ। ਦਰਸ਼ਕਾਂ ਵੱਲੋਂ ਇਕ ਜਾਂ ਦੋ ਰੁਪਏ ਦੇ ਕੇ ਖਿਡਾਰੀ ਦਾ ਹੌਸਲਾ ਵਧਾਇਆ ਜਾਂਦਾ। ਉਦੋਂ ਉਹੀ ਵੱਡੀ ਰਕਮ ਹੁੰਦੀ ਸੀ। ਅੱਜ ਦੀ ਕਬੱਡੀ ਤਾਂ ਲੱਖਾਂ-ਕਰੋੜਾਂ ਦੀ ਹੋ

ਕੇ ਵੱਡੇ-ਵੱਡੇ ਇਨਾਮਾਂ ਤੱਕ ਪਹੁੰਚ ਕੇ ਵਿਦੇਸ਼ੀ ਗਰਾਊਂਡਾਂ ਦਾ ਸ਼ਿੰਗਾਰ ਬਣ ਗਈ ਹੈ। ਅਜੋਕੇ ਨਸ਼ੇ ਵਾਲੇ ਖਿਡਾਰੀਆਂ ਤੋਂ ਉਹ ਦੁਖੀ ਹੈ, ਜੋ ਨਸ਼ਿਆਂ ਦੇ ਰੁਝਾਨ ਵੱਲ ਵਧ ਰਹੇ ਹਨ। ਮੌਤਾਂ ਵੀ ਹੋ ਰਹੀਆਂ ਹਨ। ਨਸ਼ੇ ਰੋਕਣ ਲਈ ਕੋਚਾਂ, ਖੇਡ ਪ੍ਰੋਮੋਟਰਾਂ ਤੇ ਖੇਡ ਸੰਸਥਾਵਾਂ ਨੂੰ ਬੇਨਤੀ ਹੈ ਕਿ ਨਸ਼ਾ ਕਰਨ ਵਾਲੇ ਖਿਡਾਰੀਆਂ ਨੂੰ ਬਿਲਕੁਲ ਨਾ ਖਿਡਾਇਆ ਜਾਵੇ। ਨਸ਼ਾ ਮੁਕਤ ਕਬੱਡੀ ਦਾ ਸੁਨੇਹਾ ਦਿੱਤਾ ਹੈ। ਪ੍ਰੀਤੇ ਨੇ ਤਾਂ ਇਹ ਵੀ ਕਿਹਾ ਹੈ ਕਿ ਹੁਣ ਕਬੱਡੀ ਗੂੰਗੀ ਹੋ ਗਈ ਹੈ। ਗੂੰਗੀ ਕਬੱਡੀ ਪਾਕਿਸਤਾਨੋਂ ਆਈ ਹੈ। ਕਬੱਡੀ-ਕਬੱਡੀ ਕਹਿਣ ਨਾਲ ਖਿਡਾਰੀ ਦਾ ਅੰਦਰ ਤੇ ਦਿਲ ਮਜ਼ਬੂਤ ਹੁੰਦਾ ਹੈ। ਉਸ ਵੇਲੇ ਖਿਡਾਰੀਆਂ ਦੇ ਢਿੱਡ (ਪੇਟ) ਬਿਲਕੁਲ ਨਹੀਂ ਸਨ ਹੁੰਦੇ। ਹੁਣ ਦੇ ਖਿਡਾਰੀ ਕਬੱਡੀ ਖਿਡਾਰੀ ਘੱਟ ਤੇ ਪਹਿਲਵਾਨ ਵੱਧ ਲੱਗਦੇ ਹਨ। ਮਿਹਨਤ ਘੱਟ ਕਰਦੇ ਹਨ। ਰਾਤੋ-ਰਾਤ ਸਟਾਰ ਬਣਨ ਦੇ ਚੱਕਰਾਂ 'ਚ ਗਲਤ ਪਦਾਰਥਾਂ ਦਾ ਸੇਵਨ ਕਰਦੇ ਹਨ, ਜੋ ਸਹੀ ਨਹੀਂ। ਤਨੋਂ, ਮਨੋਂ, ਧਨੋਂ ਕਬੱਡੀ ਨੂੰ ਪ੍ਰੋਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਅਮੋਲਕ ਸਿੰਘ ਗਾਖਲ ਤੇ ਗਾਖਲ ਭਰਾ ਅਤੇ ਮੱਖਣ ਸਿੰਘ ਬੈਂਸ ਵੀ ਨਸ਼ਿਆਂ ਦੇ ਸਖਤ ਖਿਲਾਫ ਹਨ।

ਬਿਨਾ ਨਸ਼ੇ ਤੋਂ ਮਹਿਬੂਬ ਖੇਡ ਦੀ ਲਾਜ ਰੱਖੀ,
ਦਿਨ ਰਾਤ ਮਿਹਨਤ ਕੀਤੀ ਖੇਡ ਮੈਦਾਨਾਂ 'ਚ।
'ਇਕਬਾਲ ਸਿੰਹਾਂ' ਪੰਜਾਂ ਪਾਣੀਆਂ ਦੇ
ਸ਼ੇਰਾਂ ਨੇ ਸ਼ੌਂਕ ਪਾਲੇ,
ਆਸ ਰੱਖੀ ਨਾ ਕਦੇ ਮਾਨਾਂ-ਸਨਮਾਨਾਂ 'ਚ।

# ਦੋਆਬੇ ਦਾ ਮਾਣ ਕਬੱਡੀ ਖਿਡਾਰੀ—ਸ਼ੰਕਰੀਆ ਘੁੱਗਾ

ਦੋਆਬੇ ਦੇ ਪ੍ਰਸਿੱਧ ਪਿੰਡ ਸ਼ੰਕਰ 'ਤੇ ਹਮੇਸ਼ਾ ਪਰਮਾਤਮਾ ਦੀ ਅਪਾਰ ਕਿਰਪਾ ਰਹੀ ਹੈ। ਇਸ ਪਿੰਡ ਨੇ ਨਾਮਵਰ ਕਬੱਡੀ ਖਿਡਾਰੀ ਤੇ ਪਹਿਲਵਾਨ ਪੈਦਾ ਕੀਤੇ। ਜਦੋਂ ਕਬੱਡੀ ਦੀ ਗੱਲ ਚਲਦੀ ਹੈ ਤਾਂ ਘੁੱਗੇ ਦਾ ਨਾਂ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੈ। 1971-72 ਦੌਰਾਨ ਖੇਡ-ਜਗਤ ਵਿਚ ਪੂਰੀ ਧਾਂਕ ਸੀ। ਨਾਮਵਰ ਧਾਵੀ ਖੜ੍ਹੇ ਕਰ ਕਰ ਰੋਕੇ। ਤਕੜੇ ਰੇਡਰ ਘੁੱਗੇ ਦੇ ਨਾਂ ਤੋਂ ਜਰਕਦੇ ਦੋਆਬੇ ਵੱਲ ਮੂੰਹ ਨਾ ਕਰਦੇ। ਉਹਦੀ ਖੇਡ ਨੇ ਦੋਆਬੇ ਨੂੰ ਬੜਾ ਮਾਣ ਬਖਸ਼ਿਆ। ਕਬੱਡੀ ਤੋਂ ਪਹਿਲਾਂ ਉਹ ਫੁੱਟਬਾਲ ਦਾ ਵਧੀਆ ਖਿਡਾਰੀ ਸੀ। ਜੇ ਉਹ ਫੁੱਟਬਾਲ ਖੇਡਦਾ ਰਹਿੰਦਾ ਤਾਂ ਸ਼ਾਇਦ ਐਨਾ ਮਸ਼ਹੂਰ ਨਾ ਹੁੰਦਾ, ਪਰ ਕਬੱਡੀ 'ਚ ਤਾਂ ਘੁੱਗੇ ਦੀ ਗੁੱਡੀ ਅਸਮਾਨੀਂ ਚੜ੍ਹੀ ਰਹੀ।

ਹਰਮਿੰਦਰ ਸਿੰਘ ਤੱਖਰ ਜੋ ਖੇਡ-ਜਗਤ ਵਿਚ ਘੁੱਗੇ ਦੇ ਨਾਂ ਨਾਲ ਪ੍ਰਸਿੱਧ ਹੋਇਐ। 1954 'ਚ ਪਿਤਾ ਸਵਰਨ ਸਿੰਘ ਅਤੇ ਮਾਤਾ ਪ੍ਰੀਤਮ ਕੌਰ (ਹੁਣ ਦੋਵੇਂ ਸਵਰਗਵਾਸੀ) ਦੇ ਘਰ ਜਨਮੇ ਘੁੱਗੇ ਨੂੰ ਛੋਟੀ ਉਮਰੇ ਹੀ ਖੇਡਾਂ ਦਾ ਸ਼ੌਕ ਸੀ। ਪਿਤਾ ਵੀ ਉਹਨੂੰ ਨਾਮਵਰ ਖਿਡਾਰੀ ਬਣਿਆ ਵੇਖਣਾ ਚਾਹੁੰਦਾ ਸੀ। 1969 'ਚ ਪਿੰਡ ਦੇ ਹਾਈ ਸਕੂਲ 'ਚ ਪੜ੍ਹਦਾ ਉਹ ਫੁੱਟਬਾਲ ਖਿਡਾਰੀ ਬਣਿਆ। 1970 'ਚ ਨੈਸ਼ਨਲ ਕਾਲਜ ਨਕੋਦਰ ਪੜ੍ਹਦੇ ਯੂਨੀਵਰਸਿਟੀ ਸਾਲਾਨਾ ਖੇਡਾਂ 'ਚ ਜੈਵਲਿਨ-ਥਰੋ 'ਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਸ਼ੌਕ ਵਧਦਾ ਵਧਦਾ ਕਬੱਡੀ ਵੱਲ ਨੂੰ ਹੋ ਤੁਰਿਆ।

1971 'ਚ ਕਬੱਡੀ ਦਾ ਸ਼ੌਕ ਰੱਖਣ ਵਾਲੇ ਖੁਦ ਘੁੱਗਾ, ਪਾਲਾ, ਲੱਖੀ, ਗੁਰਦਿਆਲ, ਅੰਬੀ, ਮੱਖਣ, ਦੇਬੀ, ਜੱਸੀ (ਕੈਨੇਡਾ ਦਾ ਰੇਡਰ), ਪਹਿਲਵਾਨ ਸਤਨਾਮ ਸੱਤੂ ਯੂ. ਕੇ., ਬੁੱਧੂ ਯੂ. ਕੇ. ਤੇ ਸ਼ੀਰਾ ਯੂ. ਕੇ. ਨੂੰ ਨਾਲ ਲੈ ਪਿੰਡ ਦੇ ਖਿਡਾਰੀਆਂ ਦੀ ਟੀਮ ਤਿਆਰ ਕੀਤੀ। ਪਿੰਡ ਦੀ ਟੀਮ ਤੋਂ ਇਲਾਵਾ ਨਕੋਦਰ ਕਾਲਜ ਵਿਚ ਵੀ ਕਬੱਡੀ ਟੀਮ ਬਣਾਈ, ਜਿਨ੍ਹਾਂ 'ਚ ਹਰਬੰਸ ਢੰਡੋਵਾਲ, ਜੱਸੀ ਸ਼ੰਕਰ, ਅਵਤਾਰ ਤਾਰੀ, ਜਿੰਦਰ ਜਿੰਦਾ, ਕੁੰਦਰ ਜਹਾਂਗੀਰ ਤੇ ਬਿੱਲੀ ਜਹਾਰਮ ਜਿਹੇ ਖਿਡਾਰੀ ਸਨ। ਚੰਗਾ ਕੱਦ-ਕਾਠ ਤੇ ਵਾਧੂ ਜਾਨ ਕਰਕੇ ਦਿਨੋਂ ਦਿਨ ਗੇਮ ਨਿਖਰਦੀ ਗਈ। ਸਵੇਰ-ਸ਼ਾਮ ਭਾਰ ਚੁੱਕਣਾ,

ਬੈਂਚ ਪ੍ਰੈਸਾਂ ਲਾਉਣੀਆਂ, ਬੈਠਕਾਂ ਮਾਰਨੀਆਂ, ਸਾਇਕਲ ਚਲਾਉਣਾ ਤੇ ਦੌੜ ਲਾਉਣੀ। ਖੁਰਾਕ 'ਚ ਦੁੱਧ, ਘਿਉ, ਬਦਾਮ ਤੇ ਮੀਟ ਸ਼ਾਮਲ ਕਰਦਾ।

ਬੜੇ ਦਮ ਨਾਲ ਉਹਨੇ ਕਾਲਜ ਕਬੱਡੀ ਖੇਡੀ ਅਤੇ ਪੰਜਾਬ ਦੇ ਜ਼ਬਰਦਸਤ ਜਾਫੀਆਂ 'ਚ ਨਾਂ ਦਰਜ ਕਰਵਾਇਆ। ਨਕੋਦਰ ਕਾਲਜ ਵਿਚ ਘੁੱਗੇ ਦੀ ਬੱਲੇ ਬੱਲੇ ਹੋਈ। ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਰੱਜਵਾਂ ਪਿਆਰ ਦਿੱਤਾ। ਇਕ ਵਾਰ ਫਾਈਨਲ ਮੈਚ ਵਿਚ ਨਕੋਦਰ ਕਾਲਜ ਅਤੇ ਖਾਲਸਾ ਕਾਲਜ ਜਲੰਧਰ ਦਾ ਪੇਚਾ ਪੈ ਗਿਆ। ਇਹ ਦਿਲਚਸਪ ਮੁਕਾਬਲਾ ਵੇਖਣ ਲਈ ਫੌਜ ਦੇ ਜਵਾਨ ਅਤੇ ਅਫਸਰ ਵੀ ਪਹੁੰਚ ਗਏ। ਘੁੱਗੇ ਨੇ ਵਿਰੋਧੀ ਟੀਮ ਦੇ ਤਕੜੇ ਰੇਡਰਾਂ ਦੀ ਇਕ ਨਾ ਚੱਲਣ ਦਿੱਤੀ। ਸਾਰੇ ਧਾਵੀ ਥੰਮੇ ਤੇ ਬੜੇ ਜ਼ੋਰ ਨਾਲ ਨਕੋਦਰ ਕਾਲਜ ਨੂੰ ਜਿਤਾਇਆ। ਮੈਚ ਖਤਮ ਹੋਣ ਪਿੱਛੋਂ ਫੌਜੀ ਅਫਸਰ ਘੁੱਗੇ ਕੋਲ ਆਇਆ ਤੇ ਕਲਾਵਾ ਭਰ ਕੇ ਥਾਪੜਾ ਦਿੱਤਾ।

ਘੁੱਗੇ ਦੀ ਕਪਤਾਨੀ ਹੇਠ ਟੀਮ ਨੇ 1971, 72 ਤੇ 73 ਤਿੰਨ ਸਾਲ ਲਗਾਤਾਰ ਟਰਾਫੀ ਜਿੱਤੀ। ਇਹ ਬਹੁਤ ਘੱਟ ਹੋਇਆ ਕਿ ਕੋਈ ਟੀਮ ਤਿੰਨ ਸਾਲ ਲਗਾਤਾਰ ਜਿੱਤੀ ਹੋਵੇ। ਆਮ ਕਰਕੇ ਟੀਮਾਂ ਇਕ ਜਾਂ ਦੋ ਸਾਲ ਹੀ ਜਿੱਤ ਪ੍ਰਾਪਤ ਕਰਦੀਆਂ ਨੇ ਤੇ ਤੀਜੇ ਸਾਲ ਜਿੱਤ ਕਿਸੇ ਹੋਰ ਹਿੱਸੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਹੀ 1973, 74 ਤੇ 75 ਲਗਾਤਾਰ ਫਰੀਦਕੋਟ ਨੂੰ ਜਿੱਤ ਕੇ ਤਿੰਨ ਸਾਲ ਦੀ ਸਟੇਟ ਚੈਂਪੀਅਨਸ਼ਿਪ 'ਤੇ ਕਬਜ਼ਾ ਕੀਤਾ। 1973 ਵਿਚ ਉਹਦੀ ਟੀਮ ਨੇ ਕਿਲ੍ਹਾ ਰਾਏਪੁਰ ਖੇਡਾਂ ਵਿਚ ਮਾਲਵੇ ਨੂੰ ਹਰਾਇਆ। ਜਿਹੜਾ ਵੀ ਉਹਨੂੰ ਹੱਥ ਲਾਉਂਦਾ, ਸੁੱਕਾ ਨਾ ਮੁੜਦਾ। ਲੋਕਾਂ ਉਹਦੀ ਗੇਮ ਨੂੰ ਪਸੰਦ ਕਰਦਿਆਂ ਰੱਜਵਾਂ ਪਿਆਰ ਦਿੱਤਾ ਤੇ ਮਾਇਆ ਦੇ ਗੱਫੇ ਦਿੱਤੇ। ਦੂਜੀ ਗੱਲ ਇਹ ਸੀ ਕਿ ਇੰਗਲੈਂਡ ਜਾਣ ਲਈ ਟੀਮ ਦੀ ਸਿਲੈਕਸ਼ਨ ਵੀ ਇਥੋਂ ਹੀ ਹੋਣੀ ਸੀ। ਇੰਗਲੈਂਡ ਜਾਣ ਦੇ ਚਾਅ 'ਚ ਸਾਰੇ ਖਿਡਾਰੀਆਂ ਅੱਡੀ-ਚੋਟੀ ਦਾ ਜ਼ੋਰ ਲਾਉਣਾ ਸੀ। ਘੁੱਗੇ ਨੇ ਤਾਂ ਫਿਰ ਕਿਲ੍ਹਾ ਰਾਏਪੁਰ ਦੇ ਮੈਚਾਂ 'ਚ ਕਮਾਲਾਂ ਕੀਤੀਆਂ।

1974 ਬੀ. ਏ. ਭਾਗ ਦੂਜਾ ਦੇ ਵਿਦਿਆਰਥੀ ਸਮੇਂ ਉਹਨੂੰ ਪ੍ਰੀਤਮ ਸਿੰਘ ਪ੍ਰੀਤਾ ਦੀ ਕਪਤਾਨੀ ਹੇਠ 14 ਖਿਡਾਰੀਆਂ ਸਮੇਤ ਇੰਗਲੈਂਡ ਜਾਣ ਦਾ ਮੌਕਾ ਮਿਲਿਆ। ਪ੍ਰੀਤਾ (ਕਪਤਾਨ), ਦੇਵੀ ਦਿਆਲ (ਵਾਈਸ ਪ੍ਰਧਾਨ), ਘੁੱਗਾ ਸ਼ੰਕਰ, ਗੁਰਪਾਲ ਪਾਲਾ ਸ਼ੰਕਰ, ਰਸਾਲ ਸਿੰਘ ਰਸਾਲਾ, ਸਤਨਾਮ ਸੱਤਾ, ਹਰਬੰਸ ਢੰਡੋਵਾਲ, ਜੱਗੀ ਰਸੂਲਪੁਰ, ਸੁਰਜੀਤ ਸੈਦੋਵਾਲ, ਬਿੰਦਰ ਘੱਲਕਲਾਂ, ਦਰਸ਼ਣ ਸਿੰਘ ਮੰਗਲੀ, ਭੱਜੀ ਖੁਰਦਪੁਰ ਤੇ ਮੋਹਣੀ ਜੰਡਿਆਲਾ ਜਿਹੇ ਧੱਕੜ ਖਿਡਾਰੀ ਸਨ। ਇੰਗਲੈਂਡ ਮੈਚਾਂ 'ਚ ਘੁੱਗੇ ਦੀ ਖੇਡ ਦੇ ਦਰਸ਼ਕ ਦੀਵਾਨੇ ਹੋ ਗਏ। ਉਹਨੂੰ ਇੰਗਲੈਂਡ ਦੀਆਂ ਵੱਖ ਵੱਖ ਕਲੱਬਾਂ ਨੇ ਉਨ੍ਹਾਂ ਵੱਲੋਂ ਖੇਡਣ ਦੀ ਪੇਸ਼ਕਸ਼ ਕੀਤੀ, ਪਰ ਉਹਨੇ ਵਾਪਸ ਪੰਜਾਬ ਪਰਤਣਾ ਹੀ ਬਿਹਤਰ

ਸਮਝਿਆ। ਇੰਗਲੈਂਡ ਕੁਝ ਜਿੱਤੇ ਤੇ ਕੁਝ ਹਾਰੇ, ਪਰ ਘੁੱਗੇ ਦੀ ਗੇਮ ਨੂੰ ਬੜਾ ਪਸੰਦ ਕੀਤਾ ਗਿਆ।

1975 'ਚ ਬੀ. ਏ. ਭਾਗ ਤੀਜਾ ਦੀ ਪੜ੍ਹਾਈ ਵਿਚੇ ਛੱਡ ਮਾਤਾ-ਪਿਤਾ ਨਾਲ ਪੱਕੇ ਤੌਰ 'ਤੇ ਕੈਨੇਡਾ ਪਹੁੰਚ ਗਿਆ। ਕੈਨੇਡਾ ਜਾ ਕੇ ਵੀ ਕਈ ਸਾਲ ਕਬੱਡੀ ਖੇਡੀ ਤੇ ਲੋਕਾਂ ਦੀ ਵਾਹਵਾ ਖੱਟੀ।

1980 'ਚ ਵਾਪਸ ਪੰਜਾਬ ਜਾ ਕੇ ਜਲੰਧਰ ਦੀ ਜੁਗਰਾਜ ਕੌਰ ਅਟਵਾਲ ਨਾਲ ਵਿਆਹ ਕਰਾਇਆ। ਉਮਰ ਦੇ ਲਿਹਾਜ਼ ਨਾਲ ਉਹ ਕਬੱਡੀ ਖੇਡਣੀ ਛੱਡ ਗਿਆ। ਕੈਨੇਡਾ ਕਬੱਡੀ ਮੈਚਾਂ ਨੂੰ ਵੇਖ ਖ਼ੂਨ ਉਬਾਲੇ ਮਾਰਦਾ ਤੇ ਪੁਰਾਣੇ ਦਿਨ ਯਾਦ ਕਰਦਾ। ਹਮੇਸ਼ਾ ਸਾਫ-ਸੁਥਰੀ ਕਬੱਡੀ ਖੇਡੀ। ਕਦੇ ਨਸ਼ਾ ਨਾ ਕੀਤਾ, ਸਗੋਂ ਗਰਾਊਂਡ ਵਿਚ ਰਹਿ ਕੇ ਮਿਹਨਤ ਕਰਦਾ ਰਹਿੰਦਾ।

ਘੁੱਗੇ ਦੇ ਪੇਂਡੂ ਪਾਲੇ ਤੇ ਘੁੱਗੇ ਨੇ 'ਕੱਠਿਆਂ ਪਿੰਡ ਪੱਧਰ ਮੈਚ, ਸ਼ੋਅ-ਮੈਚ, ਚੈਂਪੀਅਨਸ਼ਿਪਾਂ ਅਤੇ ਇਲਾਕੇ ਦੇ ਕਬੱਡੀ ਕੱਪ ਖੇਡੇ। ਸੰਗਰੂਰ ਵਿਖੇ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦਾ ਮੈਚ 'ਕੱਠਿਆਂ ਖੇਡਿਆ। ਕਪੂਰਥਲਾ ਵੱਲੋਂ ਪ੍ਰੀਤਾ ਤਕੜਾ ਧਾਵੀ ਸੀ ਤੇ ਜਲੰਧਰ ਵੱਲੋਂ ਘੁੱਗਾ ਤਕੜਾ ਜਾਫੀ। ਕਬੱਡੀ ਦੇ ਦੋਹਾਂ ਸਟਾਰ ਖਿਡਾਰੀਆਂ ਦੀਆਂ ਝਪਟਾਂ ਹੋਈਆਂ। ਪ੍ਰੀਤੇ ਤੇ ਘੁੱਗੇ ਦੀ ਦਿਲਚਸਪ ਗੇਮ ਨੂੰ ਲੋਕਾਂ ਬੜਾ ਪਸੰਦ ਕੀਤਾ। ਸਾਊ ਸੁਭਾਅ ਘੁੱਗੇ ਨੇ ਕਦੇ ਗੇਮ ਦਾ ਮਾਣ ਨਹੀਂ ਕੀਤਾ। ਉਹਦੀ ਨਿਮਰਤਾ ਵੇਖੋ, "ਪ੍ਰੀਤਾ ਬਹੁਤ ਤਕੜਾ ਖਿਡਾਰੀ ਸੀ, ਅਚਾਨਕ ਹੱਥ ਪੈ ਗਿਆ।"

ਕੋਟਲੀ ਥਾਨ ਸਿੰਘ ਹੋਏ ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਮੈਚਾਂ ਵਿੱਚ ਘੁੱਗੇ ਨੇ ਬੜੇ ਬੜੇ ਜੁਆਨ ਧਾਵੀ ਰੋਕੇ। ਪਾਲਾ ਤੇ ਧਰਮਾ ਉਨ੍ਹਾਂ ਕੋਲੋਂ ਰੋਕਣੇ ਮੁਸ਼ਕਿਲ ਸਨ। ਜਲੰਧਰ ਖਿਡਾਰੀਆਂ ਵਿਚ ਸ਼ੰਕਰ ਦੇ ਚਾਰ ਖਿਡਾਰੀ—ਘੁੱਗਾ, ਪਾਲਾ, ਗੁਰਦਿਆਲ ਤੇ ਜੱਸੀ ਸਨ। ਉਸ ਯਾਦਗਾਰੀ ਮੈਚ ਨੂੰ ਨਿਊਯਾਰਕ ਰਹਿੰਦੇ ਕੋਟਲੀ ਥਾਨ ਸਿੰਘ ਦੇ ਸਤਵਿੰਦਰ ਸੰਧਰ ਨੇ ਅੱਖੀਂ ਵੇਖਿਆ। ਉਹ ਧਰਮੇ ਦੀਆਂ ਰੇਡਾਂ ਨੂੰ ਅੱਜ ਵੀ ਯਾਦ ਕਰਦੈ। ਘੁੱਗਾ ਪ੍ਰੀਤੇ ਨੂੰ ਤਕੜਾ ਖਿਡਾਰੀ ਮੰਨਦੈ। ਉਹਦੀ ਕਦਰ ਕਰਦੇ ਘੁੱਗੇ ਨੇ ਪ੍ਰੀਤੇ ਵਰਗੇ ਤੇਜ਼-ਤਰਾਰ, ਫੁਰਤੀਲੇ ਤੇ ਜ਼ੋਰਦਾਰ ਖਿਡਾਰੀ ਨੂੰ ਰੋਕਣਾ ਫ਼ਖ਼ਰ ਵਾਲੀ ਗੱਲ ਕਹੀ। ਇਹ ਵੀ ਕਿਹਾ ਕਿ ਉਹਨੂੰ ਰੋਕਣਾ ਤੂਫ਼ਾਨਾਂ ਨਾਲ ਟੱਕਰ ਲੈਣਾ ਸੀ। ਹੁਣ ਜਦੋਂ ਕਦੇ ਪ੍ਰੀਤਾ ਕੈਨੇਡਾ ਜਾਂਦਾ ਹੈ ਤਾਂ ਘੁੱਗੇ ਨੂੰ ਜ਼ਰੂਰ ਮਿਲਦੈ ਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਦੇ ਨੇ।

ਕੈਲੀਫੋਰਨੀਆ ਰਹਿੰਦਾ ਸ਼ੰਕਰੀਆ ਪਾਲਾ, ਘੁੱਗੇ ਦੀ ਗੇਮ ਨੂੰ ਅੱਜ ਵੀ ਯਾਦ ਕਰਦਾ ਹੈ। ਤੋਖੀ ਹੋਰਾਂ ਤੋਂ ਬਾਅਦ ਘੁੱਗੇ ਨੂੰ ਟਾਪ ਦਾ ਜਾਫੀ ਮੰਨਦਾ ਤੇ ਘੁੱਗੇ ਤੋਂ ਬਾਅਦ ਮੱਖਣ ਪੁਆਦੜਾ। ਉਹਨੇ ਇਹ ਵੀ ਦੱਸਿਆ ਕਿ ਛੋਟੇ ਛੋਟੇ ਹੁੰਦੇ ਉਹ (ਪਾਲਾ)

ਤੇ ਅਜੈਬ ਪਿੰਡ ਦੇ ਅਖਾੜੇ 'ਚ ਜ਼ੋਰ ਕਰ ਰਹੇ ਸਨ। ਉਧਰੋਂ ਘੁੱਗੇ ਦਾ ਪਿਤਾ ਵੀ ਉਹਨੂੰ (ਘੁੱਗੇ) ਜ਼ੋਰ ਕਰਾਉਣ ਲੈ ਕੇ ਆ ਗਿਆ। ਘੁੱਗਾ ਉਨ੍ਹਾਂ ਦੋਹਾਂ ਨੂੰ ਢਾਹ ਕੇ ਅਹੁ ਗਿਆ, ਅਹੁ ਗਿਆ। ਗੱਲ ਸੁਣਾਉਂਦਾ ਪਾਲਾ ਹੱਸਣ ਲੱਗ ਪਿਆ।

ਘੁੱਗੇ ਦੇ ਦੋ ਬੇਟੇ ਹਨ। ਵੱਡਾ ਦੀਪ ਤੱਖਰ ਤੇ ਛੋਟਾ ਭੱਜੀ ਤੱਖਰ। ਵੱਡਾ ਬੇਟਾ ਵੇਟ-ਲਿਫਟਰ ਬਣਿਆ, ਜਿਸ ਨੇ 2001 ਦੇ ਕੈਨੇਡਾ ਵੇਟ-ਲਿਫਟਿੰਗ ਮੁਕਾਬਲੇ ਵਿਚ ਆਪਣੇ ਭਾਰ ਵਿਚ 63 ਕਿਲੋਗ੍ਰਾਮ ਵਿਚੋਂ ਦੂਜੀ ਪੁਜ਼ੀਸ਼ਨ ਜਿੱਤੀ। ਕੈਨੇਡਾ ਵੱਲੋਂ ਗਈ ਵੇਟ-ਲਿਫਟਿੰਗ ਟੀਮ ਵਿਚ ਗਰੀਸ ਜਾਣ ਦਾ ਮੌਕਾ ਮਿਲਿਆ। ਉਥੇ ਵੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਛੋਟਾ ਬੇਟਾ ਵੀ ਬਾਸਕਿਟਬਾਲ ਦਾ ਵਧੀਆ ਖਿਡਾਰੀ ਰਿਹੈ। ਹੁਣ ਦੋਵੇਂ ਬੇਟੇ ਆਪੋ ਆਪਣੇ ਕਾਰੋਬਾਰ ਵਿਚ ਰੁੱਝੇ ਰਹਿੰਦੇ ਨੇ। ਅਜੋਕੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਪ੍ਰੇਰਿਤ ਹੋਣ ਦੀ ਤਾਕੀਦ ਕਰਦਾ ਹੈ। ਖੇਡਾਂ ਵਿਚ ਨਸ਼ੇ ਨੂੰ ਲੈ ਕੇ ਤੜਫ ਰਿਹਾ ਹੈ। ਨਸ਼ੇ ਕਰਕੇ ਬਹੁਤੀ ਦੇਰ ਨਹੀਂ ਖੇਡ ਸਕਦੇ। ਨਸ਼ਿਆਂ ਰਹਿਤ ਖੇਡੋ, ਜਿਸ ਨਾਲ ਸਮਾਜ ਅਤੇ ਦੇਸ਼ ਨੂੰ ਮਾਣ ਹੋਵੇ।

ਘੁੱਗਾ ਘੁੱਗਾ ਹੁੰਦੀ ਰਹੂ,
ਜਿਥੇ ਜਿਥੇ ਮੱਲਾਂ ਮਾਰੀਆਂ ਨੇ।
ਕੌਡੀ-ਜਗਤ ਵਿਚ ਰਹੂ ਨਾਂ ਚਮਕਦਾ,
ਜਿਥੇ ਕੀਤੀਆਂ ਸਰਦਾਰੀਆਂ ਨੇ।
'ਇਕਬਾਲ ਸਿੰਹਾਂ' ਕਬੱਡੀ 'ਚ ਘੁੱਗਾ ਮਿਸਾਲ ਬਣਿਆ,
ਰਾਹਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਖਿਡਾਰੀਆਂ ਨੇ।

# ਹਕੀਮਪੁਰ ਦੇ ਪੁਰੇਵਾਲ ਭਰਾਵਾਂ ਦਾ ਮਿੰਨੀ ਓਲੰਪਿਕਸ
# ਅੰਤਰਰਾਸ਼ਟਰੀ ਕਬੱਡੀ ਖਿਡਾਰੀ—ਗੁਰਜੀਤ ਪੁਰੇਵਾਲ

ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿੱਚ ਬਲਿਊਬੇਰੀ-ਫ਼ਾਰਮ ਦੇ ਮਾਲਕ ਪੁਰੇਵਾਲ ਭਰਾ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਕਬੱਡੀ ਦੇ ਨਾਮਵਰ ਖਿਡਾਰੀ ਰਹਿ ਚੁੱਕੇ ਹਨ। ਜਿਨ੍ਹਾਂ ਦਾ ਪਿਛਲਾ ਹਕੀਮਪੁਰ ਇਤਿਹਾਸਕ ਪਿੰਡ ਹੈ ਤੇ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਨਗਰ ਹੈ।

8 ਜੂਨ 1955 ਨੂੰ ਹਕੀਮਪੁਰ ਗੁਰਜੀਤ ਸਿੰਘ ਦਾ ਜਨਮ ਹੋਇਐ। ਸ. ਹਰਬੰਸ ਸਿੰਘ ਪਿਤਾ ਆਪਣੇ ਪੁੱਤਰਾਂ ਨੂੰ ਪਹਿਲਵਾਨੀ ਤੇ ਕਬੱਡੀ ਦੇ ਤਕੜੇ ਖਿਡਾਰੀ ਵੇਖਣਾ ਚਾਹੁੰਦਾ ਸੀ। ਜੋ ਤਿੰਨਾਂ ਭਰਾਵਾਂ ਨੇ ਕਬੱਡੀ 'ਚ ਕਰ ਵਿਖਾਇਆ। ਉਨ੍ਹਾਂ ਦੇ ਬਾਬਾ ਤੇ ਪੜਦਾਦਾ ਵੀ ਖੇਡਾਂ ਦੇ ਸ਼ੌਕੀਨ ਸਨ। ਉਹ ਖਾਸ ਕਰਕੇ ਭਾਰ ਚੁੱਕਦੇ ਸਨ।

ਗੁਰਜੀਤ ਨੇ ਪ੍ਰਾਇਮਰੀ ਪਿੰਡੋਂ ਅਤੇ ਦਸਵੀਂ ਕਰਨ ਲਈ ਮੁਕੰਦਪੁਰ ਦਾਖਲ ਹੋਇਆ। ਮੁਕੰਦਪੁਰ ਪੜ੍ਹਦਾ ਉਹ ਕਬੱਡੀ ਦਾ ਵਧੀਆ ਖਿਡਾਰੀ ਬਣ ਗਿਆ। ਉਹ ਸਕੂਲਾਂ ਦੀ ਸਟੇਟ ਖੇਡਿਆ। ਇਕ ਸਾਲ ਜਗਤਪੁਰ ਦੇ ਹਾਈ ਸਕੂਲ ਪੜ੍ਹਾਈ ਕੀਤੀ ਤੇ ਪੰਜਾਬ-ਪੱਧਰ ਦਾ ਖਿਡਾਰੀ ਬਨਿਆ।

1974-75 ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਦਾਖਲ ਹੋਇਆ। ਉਹਦਾ ਪੇਂਡੂ ਲਹਿੰਬੀ ਵੀ ਨਾਲ ਹੀ ਦਾਖਲ ਹੋ ਗਿਆ। ਦੋਵਾਂ 'ਕੱਠਿਆਂ ਪੜ੍ਹਾਈ ਕੀਤੀ ਤੇ ਕਬੱਡੀ ਖੇਡੀ। ਉਨ੍ਹਾਂ ਦੀ ਗੇਮ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਕੋਚ ਤੇ ਪਹਿਲਵਾਨ ਸ. ਜਗੀਰ ਸਿੰਘ ਸੱਘਵਾਲ ਦੋਵਾਂ ਨੂੰ ਬੰਗਾ ਕਾਲਜ ਤੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਲੈ ਗਏ।

1976-77 ਵਿੱਚ ਦੋਵੇਂ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਰਹੇ ਤੇ ਤਕੜੇ ਖਿਡਾਰੀਆਂ ਵਜੋਂ ਪਹਿਚਾਣੇ ਜਾਣ ਲੱਗੇ। ਘਰ ਦਾ ਚੰਗਾ ਗੁਜ਼ਾਰਾ ਕਰਕੇ ਖੁਰਾਕ ਦੀ ਕੋਈ ਘਾਟ ਨਹੀਂ ਸੀ। ਗੁਰਜੀਤ ਦੇ ਵੱਡੇ ਭਰਾ ਮਲਕੀਤ ਤੇ ਚਰਨ ਦੋਵੇਂ ਪੜ੍ਹਾਈ ਦੇ ਨਾਲ ਨਾਲ ਬੰਗਾ ਕਾਲਜ ਅਤੇ ਇਲਾਕੇ ਦੇ ਨਾਮਵਰ ਖਿਡਾਰੀ ਸਨ।

ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ’ਚ ਖੇਡਦੇ ਭਰਾਵਾਂ ਵੱਲ ਗੁਰਜੀਤ ਵੀ ਉਨ੍ਹਾਂ ਰਾਹਾਂ ’ਤੇ ਚਲਦਾ ਗਿਆ। ਮੇਰੇ (ਲੇਖਕ) ਗੁਆਂਢੀ ਪਿੰਡ ਬੈਂਸਾਂ ਦੇ ਕਬੱਡੀ ਮੈਚਾਂ ’ਚ ਗੁਰਜੀਤ ਤੇ ਲਹਿੰਬੀ ਦੋਵਾਂ ਦੀ ਤਕੜੀ ਗੇਮ ਵੇਖੀ। ਇਹ ਗੱਲ ਸੰਨ ’78 ਦੀ ਹੈ।

1976 ਤੇ 77 ਦੋ ਸਾਲ ਆਪ ਨੇ ਸ਼੍ਰੀ ਆਨੰਦਪੁਰ ਸਾਹਿਬ ਹੋਲੇ-ਮਹੱਲੇ ’ਤੇ ਮੈਚ ਖੇਡੇ। ਜਗਤਪੁਰ ਦੇ ਸ. ਨਿਰੰਜਨ ਸਿੰਘ ਸਟੇਡੀਅਮ ਵਿੱਚ ਦੋ ਸਾਲ ਸ਼ੋਅ-ਮੈਚ ਲਾਏ।

ਲਾਇਲਪੁਰ ਖਾਲਸਾ ਕਾਲਜ ਵੱਲੋਂ ਖੇਡਦਿਆਂ ਗੁਰਜੀਤ ਹੁਣਾਂ ਨਡਾਲਾ ਕਾਲਜ ਨੂੰ ਦੋ ਵਾਰ ਹਰਾਇਆ। ਨਡਾਲਾ ਕਾਲਜ ਦੀ ਟੀਮ ਵੀ ਤਕੜੀ ਸੀ ਜਿਸ ਵਿੱਚ ਬਲਵਿੰਦਰ ਫਿੱਡੂ ਤੇ ਅਰਜਨ ਕਾਉਂਕੇ ਵਰਗੇ ਖਿਡਾਰੀ ਸਨ। ਯੂਨੀਵਰਸਿਟੀ ਚੈਂਪੀਅਨਸ਼ਿਪ ਗੁਰਜੀਤ ਦੀ ਕਪਤਾਨੀ ਹੇਠ ਜਿੱਤੀ। ਇੰਟਰ-ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵੀ ਪ੍ਰਤੀਨਿਧਤਾ ਕੀਤੀ।

ਸਕੂਲਾਂ, ਕਾਲਜਾਂ, ਯੂਨੀਵਰਸਿਟੀ ਅਤੇ ਇੰਟਰ-ਯੂਨੀਵਰਸਿਟੀ ਅਤੇ ਪਿੰਡਾਂ ਦੇ ਖੇਡ-ਮੇਲਿਆਂ ਦੇ ਸ਼ੋਅ-ਮੈਚ ਲਾਉਂਦਾ ਸੰਨ ’78 ’ਚ ਗੁਰਜੀਤ ਭਰਾਵਾਂ ਕੋਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚ ਗਿਆ। ਕੈਨੇਡਾ ਜਾ ਕੇ ਵੀ ਸੱਤ-ਅੱਠ ਸਾਲ ਕਬੱਡੀ ਖੇਡੀ। ਓਸੇ ਸਾਲ ਹੀ ਪਿੰਡ ਪਾਸਲਾ ਦੀ ਲੜਕੀ ਨਾਲ ਵਿਆਹਿਆ ਗਿਆ। ਵਿਆਹ ਤੋਂ ਬਾਅਦ ਵੀ ਉਹ ਖੇਡਦਾ ਰਿਹਾ।

ਸੰਨ ’78 ’ਚ ਇੰਗਲੈਂਡ ਦੀ ਟੀਮ ਕੈਨੇਡਾ ਖੇਡਣ ਗਈ। ਕੈਨੇਡਾ ਦੀ ਟੀਮ ’ਚ ਮਲਕੀਤ, ਚਰਨ ਤੇ ਗੁਰਜੀਤ ਤਿੰਨੇ ਭਰਾ ਤਕੜਾ ਖੇਡੇ। ਗੁਰਜੀਤ ਨੇ ਟੋਰਾਂਟੋ, ਵੈਨਕੂਵਰ, ਐਡਮਿੰਟਨ ਦੇ ਮੈਚਾਂ ’ਚ ਰੇਡਾਂ ਪਾਈਆਂ। 1978 ਤੋਂ ’89 ਤਿੰਨਾਂ ਭਰਾਵਾਂ ਦੀ ਗੇਮ ਪੂਰੀ ਚੜ੍ਹਦੀ-ਕਲਾ ਵਿੱਚ ਸੀ। ਵੈਨਕੂਵਰ-ਐਡਮਿੰਟਨ ਤਿੰਨ ਮੈਚ ਲੱਗੇ। ਤਿੰਨਾਂ ਮੈਚਾਂ ’ਚੋਂ ਦੋ ਵਾਰ ਬੈਸਟ ਰੇਡਰ ਨਿਕਲਿਆ।

ਫਿਰ ਕੈਨੇਡਾ ਦੀ ਟੀਮ ਇੰਗਲੈਂਡ ਖੇਡਣ ਜਾਣੀ ਸੀ। ਇੰਗਲੈਂਡ ਦੇ ਉਹ ਮੈਚ ਇਤਿਹਾਸਕ ਮੰਨੇ ਜਾਣੇ ਸਨ ਪਰ ਜਾਣ ਤੋਂ ਕੁਝ ਦਿਨ ਪਹਿਲਾਂ ਉਹਨਾਂ ਦੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਜੀ ਦਾ ਦੇਹਾਂਤ ਹੋ ਗਿਆ, ਜਿਸ ਕਰਕੇ ਉਹ ਖੇਡਣ ਨਾ ਜਾ ਸਕੇ।

ਘਰੇਲੂ ਖੇਡ ਮਾਹੌਲ ਕਰਕੇ ਪੁਰੇਵਾਲ ਪਰਿਵਾਰ ਦੀ ਚੌਥੀ ਪੀੜ੍ਹੀ ਵੀ ਖੇਡਾਂ ’ਚ ਰੁਚੀ ਰੱਖਣ ਲੱਗ ਪਈ। ਗੁਰਜੀਤ ਦੇ ਬੇਟੇ ਪਰਮਿੰਦਰ ਪੈਰੀ ਤੇ ਤਜਿੰਦਰ ਟੈਰੀ ਕੁਸ਼ਤੀਆਂ ’ਚ ਪਰਿਵਾਰ ਦਾ ਨਾਂ ਉੱਚਾ ਕਰਨ ਲੱਗੇ। ਪੈਰੀ ਨੇ ਬੀ. ਸੀ. ਦੇ ਸਕੂਲਾਂ ਦੀ ਚੈਂਪੀਅਨਸ਼ਿਪ ਜਿੱਤੀ ਤੇ ਸਮੁੱਚੇ ਕੈਨੇਡਾ ਵਿੱਚੋਂ ਦੂਜੀ ਪੁਜ਼ੀਸ਼ਨ ਹਾਸਲ ਕੀਤੀ।

ਜਦਕਿ ਟੈਰੀ ਨੇ ਬੀ. ਸੀ. ਕੁਸ਼ਤੀ ਚੈਂਪੀਅਨਸ਼ਿਪ ਜਿੱਤੀ ਅਤੇ ਨੈਸ਼ਨਲ ਜਿੱਤ ਕੇ ਸਮੂਹ ਪੰਜਾਬੀ ਭਾਈਚਾਰੇ ਅਤੇ ਪਰਿਵਾਰ ਦਾ ਨਾਂ ਉੱਚਾ ਕੀਤਾ। ਉਹ ਕੁਸ਼ਤੀ ਟੀਮ ਦਾ ਮੈਂਬਰ ਬਣ ਕਿਊਬਾ ਵੀ ਘੁਲਣ ਗਿਆ।

ਟੈਰੀ ਨੇ ਪੁਰੇਵਾਲ ਖੇਡ-ਮੇਲੇ 'ਤੇ ਪੰਜਾਬ ਕੁਮਾਰ ਤੇ ਭਾਰਤ ਕੁਮਾਰ ਵਰਗੇ ਦੋ ਖ਼ਿਤਾਬ ਜਿੱਤੇ। ਖੇਡ ਮੇਲੇ ਦੀਆਂ ਇਨ੍ਹਾਂ ਜਿੱਤਾਂ ਨਾਲ ਟੈਰੀ ਨੇ ਆਪਣੇ ਵੱਡ-ਵਡੇਰਿਆਂ ਦੇ ਮਾਣ ਨੂੰ ਹੋਰ ਵਧਾਇਆ। ਇਹ ਪਰਿਵਾਰ ਖੇਡਾਂ ਦੇ ਹਰ ਖੇਤਰ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾ ਰਿਹੈ। ਯੋਗਤਾ ਰੱਖਣ ਵਾਲੇ ਹਰ ਖਿਡਾਰੀ ਦੀ ਹਰ ਤਰ੍ਹਾਂ ਨਾਲ ਮੱਦਦ ਕਰਦੇ ਹਨ। 2008 ਦੀ ਚੀਨ ਓਲੰਪਿਕ ਜਾਣ ਵਾਲੇ ਜਸਵੀਰ ਸਿੰਘ ਕਰਨਾਣਾ ਨੂੰ ਕੈਨੇਡਾ ਸੱਦਣ ਦਾ ਸਿਹਰਾ ਵੀ ਪੁਰੇਵਾਲ ਪਰਿਵਾਰ ਸਿਰ ਜਾਂਦੈ। ਵੇਟ-ਲਿਫ਼ਟਿੰਗ ਦੇ ਪ੍ਰਸਿੱਧ ਕੋਚ ਸ. ਮੱਖਣ ਸਿੰਘ ਸੰਧੂ ਦਾ ਪੁਰੇਵਾਲ ਪਰਿਵਾਰ ਨਾਲ ਪਿਆਰ ਸਦਕਾ ਜਸਵੀਰ ਸਿੰਘ ਨੂੰ ਕੈਨੇਡਾ ਆਉਣ ਦਾ ਸੁਭਾਗ ਪ੍ਰਾਪਤ ਹੋਇਐ।

ਤਿੰਨਾਂ ਭਰਾਵਾਂ ਵੱਲੋਂ 1988 ਤੋਂ ਆਪਣੇ ਪੂਜਨੀਕ ਪਿਤਾ ਜੀ ਦੀ ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਸਾਲ ਲੱਖਾਂ ਦਾ ਖਰਚਾ ਕਰ ਕੇ ਹਕੀਮਪੁਰ ਦਾ ਖੇਡ-ਮੇਲਾ ਕਰਵਾਇਆ ਜਾਂਦੈ। ਜਿਸ ਨੂੰ ਦੋਆਬੇ ਦਾ ਮਿੰਨੀ ਓਲੰਪਿਕ ਵੀ ਕਿਹਾ ਜਾਂਦੈ। ਇਹ ਇਤਿਹਾਸਕ ਪਿੰਡ ਹੈ। ਮੁਕੰਦਪੁਰ ਤੋਂ ਫ਼ਗਵਾੜੇ ਜਾਂਦੇ ਛੋਟੀ ਨਹਿਰ ਕੋਲ ਵਸਿਆ ਹੋਇਐ ਪਿੰਡ ਹੈ। ਇਸ ਪਿੰਡ ਨੂੰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਰਾਏ ਸਾਹਿਬ ਤੇ ਗੁਰੂ ਤੇਗ ਬਹਾਦੁਰ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ ਤੇ ਉਨ੍ਹਾਂ ਦੀ ਯਾਦ ਵਿੱਚ ਸੁੰਦਰ ਗੁਰਦਵਾਰਾ ਸਾਹਿਬ ਸੁਸ਼ੋਭਿਤ ਹੈ। ਪੁਰੇਵਾਲ ਭਰਾਵਾਂ ਦੀ ਚਿੱਟੀ ਵੱਡੀ ਕੋਠੀ ਵੀ ਨਾਲ ਹੀ ਹੈ। ਜਿਸ ਨੂੰ ਵ੍ਹਾਈਟ-ਹਾਊਸ ਦੇ ਨਾਲ ਜਾਣਿਆ ਜਾਂਦੈ। ਨਹਿਰ ਦੇ ਨਾਲ ਹੀ ਦੂਜੇ ਪਾਸੇ ਜਗਤਪੁਰ ਵਾਲੇ ਨਿਰੰਜਨ ਸਿੰਘ ਦੀ ਯਾਦ ਵਿੱਚ ਸਟੇਡੀਅਮ ਬਣਿਆ ਹੋਇਐ ਜਿਥੇ ਬੜੇ ਸਾਲਾਂ ਤੋਂ ਟੂਰਨਾਮੈਂਟ ਹੁੰਦੇ ਆ ਰਹੇ ਨੇ।

ਇਸ ਪਿੰਡ 'ਚ ਵਧੀਆ ਵਧੀਆ ਖਿਡਾਰੀ ਤੇ ਨਾਮੀ ਭਾਰ ਚੁਕਾਵੇ ਹੋਏ ਨੇ। ਗੁਰਜੀਤ ਹੁਣਾਂ ਦੇ ਬਾਬਾ ਸ.ਊਧਮ ਸਿੰਘ ਤੇ ਪੜਦਾਦਾ ਸ. ਸੁੰਦਰ ਸਿੰਘ ਖੇਡਾਂ 'ਚ ਸ਼ੌਕ ਰੱਖਣ ਦੇ ਨਾਲ ਨਾਲ ਭਾਰ ਚੁੱਕਦੇ ਰਹੇ ਨੇ। ਪਿੰਡ ਦੇ ਪੁਰਾਣੇ ਕਬੱਡੀ ਖਿਡਾਰੀਆਂ 'ਚ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਤੋਂ ਇਲਾਵਾ ਸਰਬਣ ਸਿੰਘ, ਪਿਆਰਾ ਸਿੰਘ, ਤਿਲਕ ਰਾਜ, ਪ੍ਰਕਾਸ਼, ਸੁੱਚਾ ਸਿੰਘ, ਬਹਾਦੁਰ ਸਿੰਘ, ਮਹਿੰਦਰ ਸਿੰਘ, ਲਹਿੰਬਰ ਸਿੰਘ ਲਹਿੰਬੀ ਹੋਏ ਨੇ, ਜਿਨ੍ਹਾਂ ਹਮੇਸ਼ਾ ਪਿੰਡ ਦੀ ਚੜ੍ਹਤ ਬਣਾਈ ਰੱਖੀ। ਵੱਡੀ ਗੱਲ ਕਬੱਡੀ ਕਮੈਂਟਰੀ ਵਿੱਚ ਨਵੀਆਂ ਰੂਹਾਂ ਬਖਸ਼ਣ ਵਾਲੇ ਪ੍ਰੋ. ਮੱਖਣ ਸਿੰਘ ਨੇ ਹਕੀਮਪੁਰ ਦਾ ਨਾਂ ਦੁਨੀਆਂ ਦੇ ਕੋਨੇ ਕੋਨੇ 'ਚ ਪਹੁੰਚਾ

ਦਿੱਤੈ। ਹਕੀਮਪੁਰ ਖੇਡ-ਮੇਲੇ ’ਤੇ ਪੁਰੇਵਾਲ ਭਰਾਵਾਂ ਨੇ ਪ੍ਰੋ. ਮੱਖਣ ਸਿੰਘ ਨੂੰ ਕਾਰ ਦੀਆਂ ਦੋ ਵਾਰ ਚਾਬੀਆਂ ਫੜਾ ਕੇ ਮਾਣ ਦਿੱਤਾ। ਭਾਰਤੀ ਹਾਕੀ ਟੀਮ ਦੀ ਖਿਡਾਰਨ ਤੇ ਕੋਚ ਸਰੋਜ ਬਾਲਾ ਦਾ ਮਾਣ ਸਨਮਾਨ ਕੀਤਾ ਜਾ ਚੁੱਕੈ। ਪੁਰਾਣੇ ਖਿਡਾਰੀਆਂ, ਕੋਚਾਂ, ਪਹਿਲਵਾਨਾਂ, ਉੱਚ ਅਫ਼ਸਰਾਂ ਅਤੇ ਯੋਗਤਾ ਰੱਖਦੀਆਂ ਹੋਰ ਮਾਣਮੱਤੀਆਂ ਸ਼ਖ਼ਸੀਅਤਾਂ ਨੂੰ ਮਾਣ ਬਖਸ਼ਦੇ ਹਨ। 5 ਮਾਰਚ 2023 ਨੂੰ ਖੇਡ ਲੇਖਕ ਇਕਬਾਲ ਸਿੰਘ ਜੱਬੋਵਾਲੀਏ ਨੂੰ ਟਰਾਫ਼ੀ ਤੇ ਲੋਈ ਦੇ ਕੇ ਮਾਣ ਬਖ਼ਸ਼ਿਆ।

## ਧੋਬੀ-ਪਹਿਲਵਾਨ—ਰਾਮਾ-ਖੇਲਾ ਵਾਲਾ ਸਰਬਣ

ਰਾਮਾ-ਖੇਲਾ ਦਾ ਜ਼ਿਕਰ ਆਉਂਦਿਆਂ ਹੀ ਸਰਬਣ ਪਹਿਲਵਾਨ ਸਾਡੇ ਚੇਤੇ ਆ ਜਾਂਦਾ ਹੈ। ਇਸ ਪਿੰਡ ਨੂੰ ਬਹੁਤਾ ਸਰਬਣ ਕਰਕੇ ਜਾਣਿਆ ਜਾਂਦਾ ਹੈ। ਉਹ ਸਰਬਣ, ਜਿਸ ਨੇ ਬੜੇ-ਬੜੇ ਪਹਿਲਵਾਨਾਂ ਨੂੰ ਮਿੰਟਾਂ-ਸਕਿੰਟਾਂ ਵਿਚ ਚਿੱਤ ਕੀਤਾ ਤੇ ਗੋਡਣੀਆਂ ਲੁਆਈਆਂ। ਅਲੀ-ਅਲੀ ਕਰਦੇ ਜਾਣਾ ਤੇ ਧੋਬੀ ਮਾਰ ਅਲੀ-ਅਲੀ ਕਰਦੇ ਵਾਪਸ ਆ ਜਾਣਾ। ਰੂਪੋਵਾਲ, ਗੜ੍ਹੀ ਅਜੀਤ ਸਿੰਘ (ਬਲੌਣੀ) ਦੀ ਛਿੰਝ, ਸ਼ੰਕਰ, ਝਿੰਗੜਾਂ, ਸੁਜੋਂ-ਸੂਰਾਪੁਰ, ਗੈਲ-ਮਜ਼ਾਰੀ ਅਤੇ ਹੋਰ ਪਿੰਡਾਂ ਦੀਆਂ ਛਿੰਝਾਂ ਵਿਚ ਸਰਬਣ ਦੀ ਹਮੇਸ਼ਾ ਝੰਡੀ ਰਹੀ। ਸ਼ਿੰਦਾ ਪੱਟੀ ਅਤੇ ਸੁਰਜੀਤ ਲੱਲੀਆਂ ਵਰਗੇ ਮੱਲ ਸਰਬਣ ਦੀ ਪਹਿਲਵਾਨੀ ਦੇ ਦੀਵਾਨੇ ਸਨ।

ਚੜ੍ਹਾਈ ਦੇ ਦਿਨਾਂ 'ਚ ਕਿਸੇ ਭਈਏ ਭਲਵਾਨ ਨਾਲ ਕਲਕੱਤੇ ਕੁਸ਼ਤੀ ਹੋਈ। ਭਈਆ ਖਾ-ਖਾ ਖ਼ੁਰਾਕਾਂ ਪਲਿਆ ਪਿਆ ਸੀ। ਸਰਬਣ ਨਾਲੋਂ ਕਿਤੇ ਤਕੜਾ ਸੀ। ਕੁਸ਼ਤੀ ਚੱਲੀ ਨੂੰ ਹਾਲੇ 15 ਕੁ ਮਿੰਟ ਹੀ ਹੋਏ ਤਾਂ ਸਰਬਣ ਨੇ ਧੋਬੀ ਮਾਰੀ ਤੇ ਭਈਆ ਅਹੁ ਚੌਫ਼ਾਲ ਮਾਰਿਆ। ਧਰਤੀ 'ਤੇ ਪਿਆ ਭਈਆ ਆਲਾ-ਦੁਆਲਾ ਦੇਖੇ। ਧੋਬੀ ਮਾਰ ਸਰਬਣ ਹਰਨ ਹੋ ਗਿਆ। ਲੋਕਾਂ ਨੇ ਉਹਦੇ ਹਾਰ ਪਾਏ ਤੇ ਪੈਸਿਆਂ ਦਾ ਮੀਂਹ ਵਰ੍ਹਾਇਆ। ਰੂਪੋਵਾਲ ਦੇ ਸ਼ਿਕਾਗੋ ਰਹਿੰਦੇ ਬਾਬਾ ਸੰਤੋਖ ਸਿੰਘ ਨੇ 1956 ਵਿਚ ਅੱਖੀਂ ਵੇਖਿਆ ਇਹ ਵਾਕਿਆ ਦੱਸਿਆ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਦੇ ਲੋਕਾਂ ਨੂੰ ਜਦੋਂ ਪੰਜਾਬ ਵਿਚ ਕੰਮ ਮਿਲਣਾ ਘਟ ਜਾਂਦਾ ਸੀ ਤਾਂ ਉਹ ਕਲਕੱਤੇ ਚਲੇ ਜਾਂਦੇ ਸਨ। ਉਹ ਵੀ ਕੰਮ ਕਰਨ ਕਲਕੱਤੇ ਚਲਿਆ ਜਾਂਦਾ ਤੇ ਸਰਬਣ ਦੀਆਂ ਕੁਸ਼ਤੀਆਂ ਜ਼ਰੂਰ ਵੇਖਦਾ। ਉਸ ਦਾ ਕਹਿਣਾ ਹੈ ਕਿ ਸਰਬਣ ਵਰਗਾ ਕੋਈ ਆਮ ਭਲਵਾਨ ਨਹੀਂ ਜੰਮਣਾ, ਉਹ ਪੂਰਾ ਤੂਫ਼ਾਨ ਸੀ ਤੂਫ਼ਾਨ, ਪੈਰਾਂ ਨਾਲ ਪੁੱਟ-ਪੁੱਟ ਮਿੱਟੀ ਪਰਾਹਾਂ ਨੂੰ ਸੁੱਟਦਾ। ਉਹਨੇ ਸ਼ੰਕਰ ਅਤੇ ਰੂਪੋਵਾਲ ਵੀ ਸਰਬਣ ਦੀਆਂ ਕੁਸ਼ਤੀਆਂ ਵੇਖੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਛਿੰਝਾਂ ਵਿਚ ਦੋ ਪਾੜੇ ਹੁੰਦੇ ਸਨ—ਇਕ ਅੰਮ੍ਰਿਤਸਰੀਆਂ ਦਾ ਤੇ ਦੂਜਾ ਦੋਆਬੀਆਂ ਦਾ। ਸਰਬਣ ਤੇ ਮੇਹਰਦੀਨ ਦੋਆਬੀਆਂ ਵੱਲੋਂ ਘੁਲਦੇ ਸਨ।

ਕਲਕੱਤੇ ਚਾਰ ਨੰਬਰ 'ਚ 'ਕਲਕੱਤਾ ਕਮੇਟੀ' ਵੱਲੋਂ ਹਰ ਸਾਲ ਕੁਸ਼ਤੀਆਂ ਕਰਾਈਆਂ ਜਾਂਦੀਆਂ। ਜਦੋਂ ਵੀ ਸਰਬਣ ਉਥੇ ਘੁਲਣ ਜਾਂਦਾ ਤਾਂ ਪੰਜਾਬ ਦੇ ਚੰਗੇ ਚੰਗੇ ਬਿਜ਼ਨਸਮੈਨ ਅਤੇ ਚੰਗੀਆਂ ਨੌਕਰੀਆਂ ਕਰਦੇ ਲੋਕ ਉਸ ਨੂੰ ਬੜਾ ਪਿਆਰ ਦਿੰਦੇ ਤੇ ਮਦਦ ਕਰਦੇ। ਉਹ ਠਹਿਰਦਾ ਵੀ ਉਨ੍ਹਾਂ ਦੇ ਘਰੀਂ। ਇਕ ਵਾਰ ਕਲਕੱਤੇ ਉਹਨੇ ਤਿੰਨ ਭਲਵਾਨ ਢਾਹੇ। ਸੰਸਥਾ ਵੱਲੋਂ ਸਰਬਣ ਦੀਆਂ ਗੁਰਜ਼ ਵਾਲੀਆਂ ਫ਼ੋਟੋਆਂ ਲਾਈਆਂ ਹੋਈਆਂ ਸਨ। ਅਫ਼ਸੋਸ, ਨਵੀਂ ਸੰਸਥਾ ਨੇ ਪੁਰਾਣੇ ਭਲਵਾਨਾਂ ਦੀਆਂ ਫ਼ੋਟੋਆਂ ਲਾਹ ਕੇ ਸੁੱਟ ਦਿੱਤੀਆਂ।

ਤਕੜਾ ਮੱਲ ਕਰਕੇ ਸਰਬਣ ਨੂੰ ਪੰਜਾਬ ਸਰਕਾਰ ਨੇ ਜ਼ਮੀਨ ਦੇਣ ਦਾ ਵਾਇਦਾ ਕੀਤਾ ਤਾਂ ਜੋ ਬੁਢਾਪਾ ਚੰਗੀ ਤਰ੍ਹਾਂ ਕੱਟਿਆ ਜਾਵੇ। ਪਹਾੜਾਂ 'ਚ ਜ਼ਮੀਨ ਦੇਣ ਦਾ ਲਾਰਾ ਲਾਇਆ। ਜਾ ਕੇ ਵੇਖੀ ਤਾਂ ਉਹ ਜ਼ਮੀਨ ਵਾਹੀਯੋਗ ਨਹੀਂ ਸੀ, ਪਥਰੀਲੀ ਸੀ। ਪੰਜਾਬ 'ਚ ਜ਼ਮੀਨ ਦੇਣਾ ਮੰਨ ਕੇ, ਮੁੱਕਰ ਗਏ। ਮੇਹਰਦੀਨ ਨੂੰ ਤਾਂ ਸ਼ਾਹਕੋਟ ਮਿਲ ਗਈ ਪਰ ਸਰਬਣ ਵਿਚਾਰਾ ਹੱਥ ਮਲਦਾ ਰਹਿ ਗਿਆ।

ਪਹਿਲੀਆਂ 'ਚ ਸਰਬਣ ਨੇ ਗੇਜ਼ੇ, ਨਿੰਮੇ, ਭੱਜੀ ਅਤੇ ਮੇਹਰਦੀਨ ਵਰਗੇ ਪਹਿਲਵਾਨਾਂ ਨਾਲ ਕੁਸ਼ਤੀਆਂ ਕੀਤੀਆਂ। ਬਾਅਦ 'ਚ ਮੇਹਰਦੀਨ ਕਾਫ਼ੀ ਤਕੜਾ ਹੋ ਗਿਆ। ਇਕ ਵਾਰ ਬਲੌਣੀ ਛਿੰਜ (ਗੜ੍ਹੀ ਅਜੀਤ ਸਿੰਘ) 'ਚ ਮੇਹਰਦੀਨ ਨਾਲ ਕੋਈ ਘੁਲਿਆ ਨਹੀਂ ਸੀ। ਪ੍ਰਬੰਧਕ ਕਹਿਣ ਲੱਗੇ, ਚਲੋ ਪਟਕਾ ਮੇਹਰਦੀਨ ਨੂੰ ਦੇ ਦਿਓ। ਕੋਲ ਖੜ੍ਹਾ ਸਰਬਣ ਕਹਿਣ ਲੱਗਾ, "ਨਹੀਂ, ਪਟਕਾ ਇਸ ਤਰ੍ਹਾਂ ਨਹੀਂ ਲਿਜਾ ਸਕਦਾ, ਘੁਲ ਕੇ ਜਿਹੜਾ ਮਰਜ਼ੀ ਲੈ ਜਾਵੇ।" ਇੰਨੇ ਦਮ ਦਾ ਮਾਲਕ ਸੀ ਸਰਬਣ। ਮੇਹਰਦੀਨ ਵਾਂਗ ਸਰਬਣ ਨੇ ਵੀ ਬੜਾ ਪੈਸਾ ਕਮਾਇਆ। ਬਚਾਇਆ ਕੁਝ ਨਹੀਂ। ਅਜੋਕੇ ਪਹਿਲਵਾਨਾਂ ਵਾਂਗ ਜ਼ਮੀਨ-ਜਾਇਦਾਦ ਬਣਾਉਣ ਬਾਰੇ ਕਦੇ ਨਾ ਸੋਚਿਆ। ਜੋ ਬਣਿਆ ਨਾਲ ਦੇ ਭਲਵਾਨਾਂ ਨਾਲ ਬਹਿ ਕੇ ਖਾ-ਪੀ ਛੱਡਣਾ। ਉਸ ਨੇ ਸਾਰੀ ਉਮਰ ਕੱਚੇ ਕੋਠਿਆਂ 'ਚ ਰਹਿ ਕੇ ਭਲਵਾਨੀ ਕੀਤੀ। ਪਿਤਾ ਦੀ ਮੌਤ ਬਾਅਦ ਪੁੱਤ ਸ਼ਿੰਦੇ ਨੇ ਮਿਹਨਤ-ਮਜ਼ਦੂਰੀ ਕਰ ਕੇ ਕੱਚਿਆਂ ਤੋਂ ਪੱਕੇ ਬਣਾਏ।

ਫਿਲੌਰ ਅਖਾੜੇ ਵਾਲੇ ਚੈਂਚਲ ਸਿੰਘ ਪਹਿਲਵਾਨ ਨਾਲ ਸਰਬਣ ਦਾ ਡਾਹਢਾ ਪਿਆਰ ਸੀ। ਚੈਂਚਲ ਪਹਿਲਵਾਨ ਦਾ ਨਿਊਯਾਰਕ ਰਹਿੰਦਾ ਭਲਵਾਨ ਬੇਟਾ ਕੇਵਲ ਵੀ ਸਰਬਣ ਦੀ ਫ਼ੁਰਤੀ ਅਤੇ ਧੋਬੀ ਦਾਅ ਦੀਆਂ ਅੱਜ ਵੀ ਸਿਫ਼ਤਾਂ ਕਰਦਾ ਹੈ। ਸੱਘਵਾਲ ਵਾਲੇ ਜਗੀਰੀ ਕੋਚ ਦਾ ਕੈਲੀਫ਼ੋਰਨੀਆ ਰਹਿੰਦਾ ਭਤੀਜਾ ਸੁਖਵੀਰ ਭਲਵਾਨ ਵੀ ਸਰਬਣ ਨੂੰ ਵਧੀਆ ਪਹਿਲਵਾਨ ਮੰਨਦਾ ਹੈ। ਮਕਸੂਦਪੁਰ ਵਾਲੇ ਬਿੱਲੂ ਭਲਵਾਨ ਨੂੰ ਸਰਬਣ ਨੇ ਕਹਿਣਾ ਕਿ ਉਹ ਉਹਨੂੰ ਐਸਾ ਧੋਬੀ-ਦਾਅ ਸਿਖਾਵੇਗਾ ਕਿ ਦੁਨੀਆਂ ਵੇਖਦੀ ਰਹਿ ਜਾਵੇਗੀ।

ਇਕ ਵਾਰ ਕੋਈ ਪਹਿਲਵਾਨ ਸਰਬਣ ਨੂੰ ਟਿੱਚਰਾਂ ਕਰੀ ਜਾਵੇ। ਜਦੋਂ ਨਾ ਹੀ ਹਟਿਆ ਤਾਂ ਸਰਬਣ ਨੇ ਉਹਨੂੰ ਤਕੜਾ ਹੋਣ ਲਈ ਕਿਹਾ ਤੇ ਮਹੀਨੇ ਕੁ ਬਾਅਦ ਦੀ ਕੁਸ਼ਤੀ ਬੰਨ੍ਹ ਦਿੱਤੀ। ਉਹ ਭਲਵਾਨ ਘਰੋਂ ਸਰਦਾ-ਪੁੱਜਦਾ ਸੀ ਅਤੇ ਉਹਦੇ ਦੂਜੇ ਭਰਾ ਬਾਹਰ ਕਿਸੇ ਮੁਲਕ ਰਹਿੰਦੇ ਸਨ। ਕੁਸ਼ਤੀ ਦਾ ਪਤਾ ਚੱਲਦੇ ਹੀ ਉਹ ਵੀ ਬਾਹਰੋਂ ਆ ਗਏ। ਕੁਸ਼ਤੀ ਦਾ ਮਿਥਿਆ ਦਿਨ ਵੀ ਆ ਗਿਆ। ਸਰਬਣ ਵੀ ਪੂਰੀ ਤਿਆਰੀ ਵਿਚ ਸੀ ਤੇ ਅਖਾੜੇ ਵਿਚ ਜਾਂਦੇ ਹੀ ਕਿਹਾ, ਭਲਵਾਨਾ ਕੈਮ ਆ, ਸਾਗ 'ਚ ਘਿਓ ਪਾ ਕੇ ਖਾਧਾ ਚੰਗੀ ਤਰ੍ਹਾਂ ? ਤੇ ਹੱਥ ਮਿਲਾਉਂਦਿਆਂ ਹੀ ਧੋਬੀ ਮਾਰ ਦਿੱਤੀ। ਫਿਰ ਦੂਜੀ ਧੋਬੀ ਮਾਰ ਦਿਤੀ। 'ਕੱਠੀਆਂ ਦੋ ਧੋਬੀਆਂ ਮਾਰ ਅਲੀ-ਅਲੀ ਕਰਦਾ ਸਰਬਣ ਅਹੁ ਗਿਆ, ਅਹੁ ਗਿਆ। ਅੱਖੀਂ ਵੇਖੀ ਇਸ ਕੁਸ਼ਤੀ ਦਾ ਹਾਲ ਮਾਲੋਮਜਾਰੇ ਵਾਲੇ ਕਸ਼ਮੀਰ ਮੀਤੂ ਦੇ ਵੱਡੇ ਭਾਈ ਗੁਰਨਾਮ ਨੇ ਦੱਸਿਆ।

ਭਾਰਤੀ ਕੁਸ਼ਤੀ ਦੇ ਮਹਾਂਰਥੀ ਕੋਚ ਸੋਂਧੀ ਦੇ ਛੋਟੇ ਭਾਈ ਜਰਨੈਲ ਅਨੁਸਾਰ ਇਕ ਵਾਰ ਕਿਤੇ ਸਰਬਣ ਦੀ ਕਿਸੇ ਤਕੜੇ ਭਲਵਾਨ ਨਾਲ ਕੁਸ਼ਤੀ ਸੀ। 15-20 ਮਿੰਟ ਸਰਬਣ ਉਸ ਕੋਲੋਂ ਕੁੱਟ ਖਾਂਦਾ ਰਿਹਾ। ਫੇਰ ਉਦੋਂ ਪਤਾ ਲੱਗਾ ਜਦੋਂ ਸਰਬਣ ਹੇਠੋਂ ਨਿਕਲ ਧੋਬੀ ਮਾਰ ਕੇ ਅਹੁ ਗਿਆ। ਬੰਗੀਂ ਗੁਲਾਮੀ ਸ਼ਾਹ ਦੀ ਜਗ੍ਹਾ 'ਤੇ ਹੁੰਦੀਆਂ ਕੁਸ਼ਤੀਆਂ ਵਿਚ ਇਕ ਦਿਨ ਵਿਚ ਤਿੰਨਾਂ ਭਲਵਾਨਾਂ ਨੂੰ ਢਾਹੁੰਦਾ ਮੰਗੂਵਾਲੀਏ ਦੇਸਰਾਜ ਨੇ ਅੱਖੀਂ ਵੇਖਿਆ।

ਛੋਟੇ ਹੁੰਦੇ ਮੈਂ (ਲੇਖਕ) ਵੀ ਸਰਬਣ ਦੇ ਦਰਸ਼ਨ ਕੀਤੇ। ਮੇਰੇ ਪਿਤਾ ਜੀ ਨੂੰ ਪਹਿਲਵਾਨੀ ਦਾ ਸ਼ੌਕ ਹੋਣ ਕਰਕੇ ਉਹ ਸਾਡੇ ਘਰ ਜੱਬੋਵਾਲ ਵੀ ਆਉਂਦਾ ਰਿਹੈ। ਰੱਜੋਵਾਲੀਆ ਮੀਤ ਪਹਿਲਵਾਨ ਵੀ ਉਹਦੇ ਨਾਲ ਹੁੰਦਾ ਸੀ। ਅੱਧੀ-ਅੱਧੀ ਬਾਲਟੀ ਦੁੱਧ ਦੀ ਅਤੇ ਗਲਾਸਾਂ 'ਚ ਘਿਓ ਪਾ ਕੇ ਪੀਂਦੇ ਵੇਖੇ। ਪਿਤਾ ਦੇ ਪੱਟਾਂ 'ਤੇ ਮੋਰਨੀਆਂ ਵੇਖ ਇਕ ਵਾਰ ਸਰਬਣ ਕਹਿਣ ਲੱਗਾ, "ਮੋਰਨੀਆਂ ਵੀ ਜੁਆਨੀ 'ਚ ਹੀ ਚੰਗੀਆਂ ਲੱਗਦੀਆਂ, ਉਮਰ ਦੇ ਨਾਲ ਮੋਰਨੀਆਂ ਵੀ ਢਿੱਲੀਆਂ ਪੈ ਜਾਂਦੀਆਂ।" ਮੇਰੇ ਪਿੰਡ ਦਾ ਕੈਨੇਡਾ ਰਹਿੰਦਾ ਪਹਿਲਵਾਨ ਬਲਵੀਰ ਸਿੰਘ ਫ਼ੌਜੀ ਜਦੋਂ ਸਰਬਣ ਨੂੰ ਉਸਤਾਦ ਧਾਰਨ ਗਿਆ ਤਾਂ ਮੇਰੇ ਪਿਤਾ ਜੀ ਰਾਮਾ-ਖੇਲਾ ਨੂੰ ਉਹਦੇ ਨਾਲ ਗਏ ਸੀ। ਪਿਤਾ ਜੀ ਚਾਹੁੰਦੇ ਸਨ ਕਿ ਵੱਡਾ ਵੀਰ ਵੀ ਪਹਿਲਵਾਨ ਬਣੇ, ਉਹ ਪਹਿਲਵਾਨ ਤਾਂ ਨਾ ਬਣਿਆ, ਪਰ ਆਰੀਆ ਕਾਲਜ ਨਵਾਂਸ਼ਹਿਰ ਦਾ ਅਥਲੀਟ, ਫ਼ੁੱਟਬਾਲ ਖਿਡਾਰੀ ਅਤੇ ਯੂਨੀਵਰਸਿਟੀ ਦਾ ਤਕੜਾ ਫ਼ੁੱਟਬਾਲ ਖਿਡਾਰੀ ਬਣਿਆ। ਅਸੀਂ ਦੋਵਾਂ ਭਰਾਵਾਂ ਰੋਜ਼-ਸਵੇਰੇ ਮਾਲਸ਼ ਕਰਨ ਲੱਗਿਆਂ, ਘੁਲਣ ਲੱਗ ਪੈਣਾ ਤੇ ਧੋਬੀ-ਦਾਅ ਦੀਆਂ ਗੱਲਾਂ ਕਰਦੇ ਵੱਡੇ ਭਾਈ ਨੇ ਸਰਬਣ ਵਾਂਗ ਧੋਬੀ ਮਾਰਨੇ।

1929 ਵਿਚ ਜਨਮੇ ਸਰਬਣ ਨੂੰ ਪਹਿਲਵਾਨੀ ਵਿਰਸੇ ਵਿਚ ਮਿਲੀ। ਪੜਦਾਦਾ ਫ਼ੱਤੂ ਵੀ ਪਹਿਲਵਾਨ ਸੀ। ਬਾਬੇ ਹੁਣੀਂ ਤਿੰਨ ਭਰਾ—ਬੰਤਾ, ਕਰਤਾਰਾ ਅਤੇ ਗੁਰਦਿੱਤਾ। ਬਾਬੇ ਗੁਰਦਿੱਤੇ ਦਾ 'ਕੱਲਾ ਪੁੱਤ ਸਰਬਣ। ਛੋਟੀ ਉਮਰੇ ਸਰਬਣ ਦਾ ਸਰੀਰ ਤਾਂ ਇਕਹਿਰਾ ਸੀ ਪਰ ਸੀ ਚੁਸਤ। ਪਿੰਡ ਦੇ ਹੀ ਅਮਰੂ ਮੱਲ ਨੂੰ ਉਸਤਾਦ ਧਾਰਿਆ। ਰੌਲਿਆਂ ਤੋਂ ਬਾਅਦ 18 ਸਾਲ ਦੀ ਉਮਰੇ ਮਰਾਸੀ ਪਹਿਲਵਾਨ ਬੋਦੀ ਨਾਲ ਮਹਿਦਪੁਰ ਕੁਸ਼ਤੀ ਹੋਈ। ਬੋਦੀ ਦਾ ਪਿੰਡ ਤਾਂ ਮਹਿਦਪੁਰ ਸੀ ਪਰ ਰਹਿੰਦਾ ਨਕੋਦਰ ਸੀ। ਸਰਬਣ ਮਹਿਦਪੁਰ ਹਾਲੇ ਮੰਗਿਆ ਸੀ ਪਰ ਵਿਆਹ ਨਹੀਂ ਸੀ ਹੋਇਆ। ਬੋਦੀ ਅਖਾੜਿਆਂ 'ਚ ਲਲਕਾਰੇ ਮਾਰਦਾ, ਜਿਹੜਾ ਮਰਜ਼ੀ ਲੈ ਆਓ! ਕੇਹਰੂ ਤੇ ਕਰਮੇ ਵਰਗੇ ਤਕੜੇ ਪਹਿਲਵਾਨ ਬੋਦੀ ਨੇ ਹਰਾਏ ਹੋਏ ਸਨ।

ਕਰਮਾ ਤੇ ਕੇਹਰੂ ਤਾਂਗੇ 'ਚ ਸਰਬਣ ਨੂੰ ਲੈਣ ਰਾਮਾ-ਖੇਲਾ ਨੂੰ ਚੱਲ ਪਏ। ਪਿੰਡ ਪਹੁੰਚੇ ਤਾਂ ਬਾਬੇ ਨੇ ਜਵਾਬ ਦੇ ਦਿੱਤਾ ਕਿ ਸਰਬਣ 'ਕੱਲਾ 'ਕਹਿਰਾ ਪੁੱਤ, ਐਵੇਂ ਸੱਟ-ਫੇਟ ਲੱਗ ਜਾਊ। ਮਹਿਦਪੁਰ ਮੰਗਿਆ ਹੋਣ ਕਰਕੇ ਸਰਬਣ ਵੀ ਉਸ ਪਿੰਡ ਹਾਲੇ ਜਾਣਾ ਨਹੀਂ ਸੀ ਚਾਹੁੰਦਾ। ਉਨ੍ਹਾਂ ਇੱਜ਼ਤ ਦਾ ਵਾਸਤਾ ਪਾ ਕੇ ਸਰਬਣ ਨੂੰ ਮਨਾ ਲਿਆ। ਸਰਬਣ ਨੇ ਉਥੇ ਜਾਣ ਦਾ ਬਹਾਨਾ ਦੱਸਿਆ ਕਿ ਉਨ੍ਹਾਂ ਦੇ ਘਰ ਰੱਖਿਆ ਸ਼ਿਕਾਰੀ ਕੁੱਤਾ ਲੈ ਜਾਣ ਤੇ ਉਹ ਕੁੱਤਾ ਲਿਆਉਣ ਦੇ ਬਹਾਨੇ ਮਹਿਦਪੁਰ ਛਿੰਝ 'ਤੇ ਪਹੁੰਚ ਜਾਵੇਗਾ। ਇਸੇ ਤਰ੍ਹਾਂ ਹੀ ਹੋਇਆ। ਕੁੱਤਾ ਲਿਆਉਣ ਦੇ ਬਹਾਨੇ ਸਰਬਣ ਕੁਸ਼ਤੀ ਵਾਲੇ ਦਿਨ ਨਕੋਦਰ ਪਹੁੰਚ ਗਿਆ, ਜਿਥੇ ਅੱਡੇ 'ਚ ਅਮਰੂ ਤੇ ਕੇਹਰੂ ਪਹਿਲੋਂ ਹੀ ਇੰਤਜ਼ਾਰ ਕਰਦੇ ਸਨ। ਅੱਡੇ 'ਚ ਕਰਮੇ ਦੀ ਜੁੱਤੀਆਂ ਗੰਢਣ ਦੀ ਦੁਕਾਨ ਸੀ। ਫਿਰ ਛਿੰਝ ਜਾ ਪਹੁੰਚੇ। ਹੱਟਾ-ਕੱਟਾ, ਚੰਗੇ ਕੱਦ-ਕਾਠ ਵਾਲਾ ਬੋਦੀ ਲਲਕਾਰੇ ਮਾਰਦਾ ਅਖਾੜੇ 'ਚ ਫਿਰ ਰਿਹਾ ਸੀ।

"ਤੇਰੇ ਵਾਸਤੇ ਸਰਬਣ ਕਸਤੂਰੀ ਲੈ ਆਂਦੀ ਹੈ।" ਕਰਮੇ ਤੇ ਕੇਹਰੂ ਨੇ ਜਾ ਕੇ ਬੋਦੀ ਨੂੰ ਕਿਹਾ।

"ਆਹ ਛੋਟੂ ਜਿਹਾ, ਏਹ ਮੇਰੇ ਨਾਲ ਕੀ ਘੁਲੇਗਾ।" ਸਰਬਣ ਦਾ ਮਧਰਾ ਕੱਦ ਵੇਖ ਬੋਦੀ ਨੇ ਟਿੱਚਰ ਕੀਤੀ।

ਸ਼ਾਮ ਨੂੰ ਪਟਕੇ ਦੀ ਕੁਸ਼ਤੀ ਵੇਲੇ ਸਰਬਣ ਨੇ ਪਟਕੇ ਨੂੰ ਹੱਥ ਲਾ ਦਿੱਤਾ। ਫਿਰ ਬੋਦੀ ਨੇ ਵੀ ਪਟਕੇ ਨੂੰ ਹੱਥ ਲਾਇਆ। ਕੁਸ਼ਤੀ ਸ਼ੁਰੂ ਹੋਈ ਤਾਂ ਬੋਦੀ ਪਹਿਲਵਾਨ ਬਹੁਤ ਰੰਗ ਬਣਾ ਰਿਹਾ ਸੀ। ਅੰਦਰੋਂ-ਬਾਹਰੋਂ ਲੱਤ ਪਾ ਕੇ ਕਲਾ-ਜੰਗ ਦਾਅ ਦਾ ਮਾਹਰ। ਵੱਡੇ-ਵੱਡੇ ਪਹਿਲਵਾਨ ਧੋਬੀ-ਦਾਅ ਨਾਲ ਰੋਲ ਦਿੱਤੇ ਸਨ। ਸਰਬਣ ਉਹਦੇ ਦਾਅ ਨੂੰ ਰੋਕੀ ਜਾ ਰਿਹਾ ਸੀ। ਇਕਦਮ ਸਰਬਣ ਫੁਰਤੀ ਨਾਲ ਪੱਟਾਂ ਨੂੰ ਖਿੱਚ ਕੇ ਉਤੇ ਬਹਿ ਗਿਆ। ਲੋਕਾਂ ਤਾੜੀਆਂ ਮਾਰ ਦਿੱਤੀਆਂ। ਹੌਸਲਾ ਦਿੱਤਾ। ਕੇਹਰੂ ਪਹਿਲਵਾਨ ਨੇ ਆ

ਕੇ ਸਰਬਣ ਦੇ ਸਿਰ 'ਤੇ ਪਟਕਾ ਬੰਨ੍ਹ ਦਿੱਤਾ। ਮਹਿਦਪੁਰ ਦੀ ਪੰਚਾਇਤ ਨੇ ਸਨਮਾਨ ਕੀਤਾ। ਉਸ ਤੋਂ ਬਾਅਦ ਮਹਿਦਪੁਰ ਸਰਬਣ ਦਾ ਰਿਸ਼ਤਾ ਪੱਕਾ ਹੋ ਗਿਆ।

ਨਿਊਜ਼ੀਲੈਂਡ ਰਹਿੰਦੇ ਜੱਬੋਵਾਲੀਏ ਦਰਸ਼ਨ ਭਲਵਾਨ ਨਾਲ ਵੀ ਸਰਬਣ ਦੀਆਂ ਕੁਸ਼ਤੀਆਂ ਹੋਈਆਂ। ਕਦੇ ਰੂਪੋਵਾਲ, ਕਦੇ ਲੁਧਿਆਣੇ, ਕਦੇ ਸ਼ੰਕਰ, ਕਦੇ ਸੁਜ਼ੋ-ਸੂਰਾਪੁਰ ਅਤੇ ਕਦੇ ਕਿਤੇ। ਦਰਸ਼ਨ ਦਾ ਕੱਦ-ਕਾਠ ਵੇਖ ਸਰਬਣ ਕਹਿਣ ਲੱਗਾ, 'ਜੇ ਕਿਤੇ ਦਰਸ਼ਨ ਉਹਦੇ ਕੋਲ ਹੁੰਦਾ ਤਾਂ ਏਹਨੂੰ ਤਕੜਾ ਮੱਲ ਬਣਾਉਂਦਾ।'

ਅੰਮ੍ਰਿਤਸਰ ਦੇ ਭਲਵਾਨ ਨੰਜੂ ਭੈਲ ਨਾਲ ਬਿਲਗੇ ਕੁਸ਼ਤੀ ਹੋਈ। ਗੇਜ਼ਾ, ਭੱਜੀ ਅਤੇ ਨਿੰਮਾ—ਤਿੰਨੇ ਨੰਜੂ ਭੈਲ ਨਾਲ ਕੁਸ਼ਤੀ ਕਰਨ ਤੋਂ ਨਾਂਹ ਕਰ ਗਏ। ਨੰਜੂ ਰੇੜ੍ਹ-ਹਵਾਈ ਦਾਅ ਮਾਰ ਵਿਰੋਧੀ ਪਹਿਲਵਾਨ ਦੀ ਧੌਣ ਦੇ ਮਣਕੇ ਹਿਲਾ ਦਿੰਦਾ ਸੀ। ਦੋਆਬੇ ਦੇ ਪਹਿਲਵਾਨ ਡਰਦੇ ਉਹਦੇ ਨਾਲ ਘੁਲਦੇ ਨਹੀਂ ਸਨ। ਬਿਲਗੇ ਝੰਡੀ ਦੀ ਕੁਸ਼ਤੀ 'ਤੇ ਨੰਜੂ ਨਾਲ ਘੁਲਣ ਲਈ ਸਰਬਣ ਨੇ ਝੰਡੀ ਫੜ ਲਈ। ਕੁਸ਼ਤੀ ਸ਼ੁਰੂ ਹੋਈ। ਕੱਦ ਦਾ ਲੰਬਾ ਹੋਣ ਕਰਕੇ ਨੰਜੂ ਸਰਬਣ ਨੂੰ ਥਕਾ ਦਿੰਦਾ ਸੀ। ਨੰਜੂ ਨੇ ਬੂਸ ਮਾਰ ਮਾਰ 10-12 ਮਿੰਟ ਥੱਲ੍ਹੇ ਫੜ ਕੇ ਚੰਗਾ ਕੁੱਟਿਆ। ਫ਼ੁਰਤੀ ਨਾਲ ਸਰਬਣ ਹੇਠੋਂ ਨਿਕਲਿਆ ਤੇ ਨੰਜੂ ਦੇ ਬਰਾਬਰ ਖੜ੍ਹਾ ਹੋ ਗਿਆ। ਲੋਕਾਂ ਨੇ ਖ਼ੁਸ਼ੀ ਨਾਲ ਤਾੜੀਆਂ ਮਾਰੀਆਂ। ਘੰਟਾ ਪੌਣਾ-ਘੰਟਾ ਚੱਲੀ ਫ਼ਸਵੀਂ ਕੁਸ਼ਤੀ ਨੂੰ ਪੰਚਾਇਤ ਨੇ ਬਰਾਬਰ ਛੁਡਾ ਦਿੱਤਾ।

ਕੁਸ਼ਤੀ ਤੋਂ ਬਾਅਦ ਖੂਹ 'ਤੇ ਨਹਾਉਣ ਗਏ ਨੰਜੂ ਨੇ ਅਮਰੂ ਪਹਿਲਵਾਨ ਨੂੰ ਕਿਹਾ, "ਸਰਬਣ ਅੱਜ ਬਚਦਾ ਨਹੀਂ, ਐਨੀ ਮਾਰ ਪਈ ਉਹਦੇ!"

"ਕੋਈ ਨਾ, ਫਿਕਰ ਨਾ ਕਰ, ਤੂੰ ਰੂਪੋਵਾਲ ਛਿੰਜ 'ਤੇ ਆਈਂ, ਉਥੇ ਤੇਰੇ ਨਾਲ ਫਿਰ ਸਰਬਣ ਘੁਲੇਗਾ।" ਅਮਰੂ ਨੇ ਨੰਜੂ ਨੂੰ ਕਿਹਾ। ਨੰਜੂ ਭੈਲ ਡਰਦਾ ਰੂਪੋਵਾਲ ਕੁਸ਼ਤੀ ਕਰਨ ਨਾ ਆਇਆ।

ਸਰਬਣ ਦੀ ਖ਼ੁਰਾਕ ਤਕੜੀ ਸੀ। ਸਵੇਰੇ ਦਹੀਂ-ਲੱਸੀ, ਦਿਨ 'ਚ ਦੋ ਵਾਰ ਰੋਟੀ, ਰਾਤ ਨੂੰ ਦੁੱਧ ਅਤੇ ਇਕ ਦਿਨ ਛੱਡ ਮੀਟ ਖਾਣਾ। ਸਰਦੀਆਂ ਨੂੰ ਦੇਸੀ ਘਿਉ ਦੇ ਪੀਪਿਆਂ ਦੇ ਪੀਪੇ ਅਤੇ ਗਰਮੀਆਂ ਨੂੰ ਬਦਾਮਾਂ ਦੀ ਸ਼ਰਦਾਈ ਅਤੇ ਔਲੇ ਦਾ ਮੁਰੱਬਾ। 700 ਤੋਂ 800 ਤੱਕ ਡੰਡ ਅਤੇ 1500 ਤੋਂ 2000 ਤੱਕ ਬੈਠਕਾਂ ਮਾਰਨੀਆਂ। ਦਿਨ 'ਚ ਇਕ ਵਾਰ ਜ਼ੋਰ ਕਰਨਾ ਅਤੇ ਕਈ ਕਈ ਪਹਿਲਵਾਨਾਂ ਦਾ ਜ਼ੋਰ ਕਰਾਉਣਾ।

ਆਪਣੇ ਸਮੇਂ ਦੇ ਨਾਮੀ ਪਹਿਲਵਾਨ ਭੱਜੀ ਨਾਲ ਗੜ੍ਹੀ ਅਜੀਤ ਸਿੰਘ (ਬਲੌਣੀ ਦੀ ਛਿੰਜ) ਕੁਸ਼ਤੀ ਹੋਈ ਤਾਂ ਉਹ ਰੌਲਾ ਪਾ ਕੇ ਬਹਿ ਗਿਆ। ਭੱਜੀ ਨਾਲ ਹੀ ਦੁਬਾਰਾ ਕੁਸ਼ਤੀ ਬੰਨ੍ਹੀ ਅਤੇ ਭਾਰ ਸਿੰਘਪੁਰੇ ਪਟਕੇ ਦੀ ਕੁਸ਼ਤੀ ਹੋਈ। ਸਰਬਣ ਨੇ ਉਥੇ ਤਿੰਨਾਂ ਮਿੰਟਾਂ 'ਚ ਧੋਬੀ ਮਾਰ ਕੇ ਭੱਜੀ ਨੂੰ ਢਾਹਿਆ। ਸਰਬਣ ਦਾ ਇਕਲੌਤਾ ਬੇਟਾ ਸ਼ਿੰਦਾ ਬਾਰ੍ਹਾਂ ਸਾਲ ਆਪਣੇ ਪਿਤਾ ਨਾਲ ਕੁਸ਼ਤੀਆਂ ਵੇਖਣ ਜਾਂਦਾ ਰਿਹਾ। ਸ਼ਿੰਦਾ ਵੀ ਘੁਲਣ ਲੱਗਾ

ਸੀ ਪਰ ਦੁਰਾਹੇ ਕੋਲ ਐਕਸੀਡੈਂਟ ਹੋਣ ਕਰਕੇ ਉਹ ਘੁਲਣ ਦੇ ਯੋਗ ਨਾ ਰਿਹਾ। ਹੁਣ ਉਹ ਲੋਕਾਂ ਦੀਆਂ ਲੱਤਾਂ-ਬਾਹਾਂ ਚੜ੍ਹਾ, ਮਾਲਸ਼ਾਂ ਵਗੈਰਾ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਿਹੈ। ਸ਼ਿੰਦੇ ਦਾ ਬੇਟਾ, ਸਰਬਣ ਦਾ ਪੋਤਾ ਜਗਦੀਸ਼ ਪਾਲ ਆਪਣੇ ਬਾਬੇ ਦੇ ਰਾਹਾਂ 'ਤੇ ਚਲਦਾ ਸਰਕਾਰੀ ਸਕੂਲਾਂ ਦੀਆਂ ਕੁਸ਼ਤੀਆਂ ਵਿਚੋਂ ਪਹਿਲੇ ਨੰਬਰ 'ਤੇ ਆਇਆ। ਸ਼ਿੰਦੇ ਦਾ ਕਹਿਣਾ ਹੈ ਕਿ ਗਰੀਬੀ ਵਿਚ ਪਹਿਲਵਾਨ ਬਣਨਾ ਬਹੁਤ ਔਖਾ ਹੈ।

ਪਿਤਾ ਦੀ ਮੌਤ ਤੋਂ ਬਾਅਦ ਸ਼ਿੰਦੇ ਨੇ ਰਾਮਾ-ਖੇਲਾ ਉਸ ਦੀ ਯਾਦ ਵਿਚ 'ਸਰਬਣ ਦਾ ਅਖਾੜਾ' ਚਾਲੂ ਕੀਤਾ ਸੀ। ਸ਼ਾਗਿਰਦ ਪਹਿਲਵਾਨਾਂ, ਖੇਡ-ਸ਼ੌਕੀਨਾਂ ਅਤੇ ਪਰਵਾਸੀਆਂ ਦੀ ਮਦਦ ਨਾਲ ਸ਼ਿੰਦਾ ਹਰ ਸਾਲ ਕੁਸ਼ਤੀਆਂ ਕਰਾਉਣ ਦਾ ਇੱਛੁਕ ਸੀ। ਮੈਨੂੰ (ਲੇਖਕ) ਰਾਮਾ-ਖੇਲਾ ਜਾਣ ਦਾ ਮੌਕਾ ਮਿਲਿਆ। ਢਾਈ ਕੁ ਮਰਲੇ 'ਚ ਪਾਇਆ ਮਕਾਨ ਹੀ ਸ਼ਿੰਦੇ ਦੀ ਦੁਨੀਆਂ ਸੀ। ਗ਼ਰੀਬੀ ਨਾਲ ਘੁਲਦਾ ਸ਼ਿੰਦਾ ਵੀ ਇਸ ਦੁਨੀਆ ਤੋਂ ਤੁਰ ਗਿਆ।

ਸਰਬਣ ਦਾ ਜਿਗਰੀ-ਯਾਰ ਜਗੀਰੀ, ਜਿਹੜਾ ਝੰਡੀਆਂ ਵਾਲੀ ਕਾਰ 'ਚ ਸਰਬਣ ਨੂੰ ਕਦੇ ਵਿਆਹ ਕੇ ਲਿਆਇਆ ਸੀ, ਨੂੰ ਮਿਲਣ ਦੀ ਖਾਹਿਸ਼ ਜਾਗੀ ਤਾਂ ਸ਼ਿੰਦੇ ਨੂੰ ਨਾਲ ਲੈ ਖੂਹ 'ਤੇ ਚੱਲ ਪਏ। "ਚਾਚਾ ਜੀ ਦੇਖੋ, ਤੁਹਾਨੂੰ ਮਿਲਣ ਆਏ ਨੇ।" ਸ਼ਿੰਦੇ ਦੀ ਅਵਾਜ਼ ਸੁਣ ਸਿਆਣੀ ਉਮਰ ਦਾ ਜਗੀਰੀ ਤੂੜੀ ਵਾਲੇ ਹੱਥ ਝਾੜਦਾ ਬੜੇ ਨਿੱਘ ਨਾਲ ਮਿਲਿਆ। ਸਰਬਣ ਦੀਆਂ ਗੱਲਾਂ ਸ਼ੁਰੂ ਕਰ ਲਈਆਂ। ਕਹਿੰਦਾ, "ਇਕ ਵਾਰ ਉਨ੍ਹਾਂ ਦੇ ਖੂਹ 'ਤੇ ਊਠਾਂ ਵਾਲੇ ਬੜੇ ਬੜੇ ਜੁਆਨ ਆ ਗਏ। ਸਰਬਣ ਵੀ ਉਥੇ ਸੀ। ਨਹਾਉਣ ਲੱਗੇ ਤਾਂ ਮੋਟੇ-ਮੋਟੇ ਪੱਟ ਵੇਖ ਜਗੀਰੀ ਕਹਿਣ ਲੱਗਾ, ਤੁਸੀਂ ਭਲਵਾਨ ਹੋ ? ਹਾਂ ਜੀ।" ਜਗੀਰੀ ਨੇ ਸਰਬਣ ਵੱਲ ਨੂੰ ਇਸ਼ਾਰਾ ਕਰਦਿਆਂ ਕਿਹਾ, ਜਿਹੜਾ ਤੁਹਾਡੇ 'ਚੋਂ ਤਕੜਾ ਹੈ, ਉਹਦੇ ਨਾਲ ਘੁਲ ਲਓ। ਸਰਬਣ ਘੁਲਣ ਲਈ ਤਿਆਰ ਹੋ ਗਿਆ। ਉਨ੍ਹਾਂ 'ਚੋਂ ਸਭ ਨਾਲੋਂ ਤਕੜਾ ਘੁਲਣ ਲੱਗਾ ਤਾਂ ਸਰਬਣ ਨੇ ਫੜੀ ਬਾਂਹ, ਤੈਹੜ ਦਾ ਤੈਹੜ ਉਪਰੋਂ ਦੀ ਮਾਰਿਆ ਘੁਮਾ ਕੇ। ਮਰ ਗਿਆ ਕਹਿ ਕੇ ਉਹ ਉਥੇ ਬਹਿ ਗਿਆ। ਦੂਜੇ ਭਲਵਾਨ ਡਰਦੇ ਲਾਗੇ ਨਾ ਆਏ।" ਇਹ ਵੀ ਦੱਸਿਆ ਕਿ ਪਹਿਲੀਆਂ 'ਚ ਸਰਬਣ ਨੂੰ ਉਹਨੇ ਮਹਿਦਪੁਰ ਮੇਹਰਦੀਨ ਨੂੰ ਢਾਹੁੰਦਾ ਅੱਖੀਂ ਵੇਖਿਆ। ਇਲਾਕੇ ਦੀਆਂ ਛਿੰਝਾਂ ਵਿਚ ਉਹ ਆਮ ਕਰਕੇ ਸਰਬਣ ਦੇ ਨਾਲ ਜਾਂਦਾ ਰਿਹੈ। ਜਗੀਰੀ ਦਾ ਪਿਤਾ ਸਰਬਣ ਦੀ ਪਹਿਲਵਾਨੀ ਨੂੰ ਬਹੁਤ ਪਸੰਦ ਕਰਦਾ ਸੀ।

ਸਰਬਣ ਆਪਣੇ ਪੱਗ ਵੱਟ ਭਰਾ ਜੁਆਲੇ ਪਹਿਲਵਾਨ ਕੋਲ ਬਖ਼ਲੌਰ ਖੂਹ 'ਤੇ ਕਿਤੇ-ਕਿਤੇ ਚਲੇ ਜਾਂਦਾ ਸੀ। ਜੁਆਲਾ ਤਾਂ ਧਰਮ ਪਾਲਦਾ ਰਿਹਾ ਪਰ ਮੁੰਡਿਆਂ ਨੇ ਸਰਬਣ ਦੀ ਪਹਿਲਵਾਨੀ ਖਰਾਬ ਕਰ ਦਿੱਤੀ ਤੇ ਸਰਬਣ ਦੀ ਪਹਿਲਵਾਨੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਸਰਬਣ ਆਪਣੇ ਰਿਸ਼ਤੇਦਾਰਾਂ ਭਾਗ ਰਾਮ ਹੁਰਾਂ ਕੋਲ ਕੋਈ 50 ਸਾਲ ਮਹਿਦਪੁਰ ਸਹੁਰੀਂ ਰਿਹਾ। ਕੇਹਰੂ ਪਹਿਲਵਾਨ ਸਰਬਣ ਦੇ ਸਹੁਰਿਆਂ ਦਾ ਹੋਣ ਕਰਕੇ ਉਸ ਦੀ ਪਹਿਲਵਾਨੀ ਦਾ ਕਾਇਲ ਸੀ। ਸੰਗਰਾਂਦ ਛਿੰਝ 'ਤੇ ਮਹਿਦਪੁਰ ਕੁਸ਼ਤੀਆਂ ਵਿਚ ਸਰਬਣ ਘੁਲਣ ਲੱਗਾ ਤਾਂ ਮੇਹਰਦੀਨ ਨੇ ਕਿਹਾ, "ਉਹਦੇ ਨਾਲ ਘੁਲਣ ਲਈ, ਕੋਈ ਬਰਾਬਰ ਦਾ ਤਕੜਾ ਜਿਹਾ ਜੁਆਨ ਲਿਆਓ।" ਸ਼ਾਮ ਨੂੰ ਜਦੋਂ ਪਟਕੇ ਦੀ ਕੁਸ਼ਤੀ ਸ਼ੁਰੂ ਹੋਈ ਤਾਂ ਪੰਜਾਂ ਮਿੰਟਾਂ 'ਚ ਧੋਬੀ ਮਾਰ ਕੇ ਸਰਬਣ ਅਹੁ ਗਿਆ, ਅਹੁ ਗਿਆ। ਮੇਹਰਦੀਨ ਹੱਕਾ-ਬੱਕਾ ਰਹਿ ਗਿਆ। ਸ਼ੰਕਰ ਛਿੰਝ 'ਚ ਸਰਬਣ ਮੇਹਰਦੀਨ ਨਾਲ ਬਰਾਬਰ ਰਿਹਾ ਸੀ। ਸਰਬਣ ਦੀ ਮੌਤ ਤੋਂ ਬਾਅਦ ਮੇਹਰਦੀਨ ਨੇ ਮਹਿਦਪੁਰ ਕੁਸ਼ਤੀਆਂ ਵਿਚ ਸਰਬਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਬਣ ਵਰਗਾ ਕੋਈ ਆਮ ਪਹਿਲਵਾਨ ਨਹੀਂ ਹੋਣਾ।

ਜ਼ਿੰਦਗੀ ਦੇ ਆਖਰੀ ਦਿਨੀਂ ਸਰਬਣ ਆਪਣੇ ਜੱਦੀ ਪਿੰਡ ਰਾਮਾ-ਖੇਲਾ ਆ ਗਿਆ। ਘਰਵਾਲੀ ਅਮਰ ਕੌਰ ਅਤੇ ਬੱਚਿਆਂ ਨਾਲ ਖੁਸ਼ ਰਹਿੰਦਾ। ਲੰਬੜਾਂ ਦੇ ਖੂਹ 'ਤੇ ਅਖਾੜਾ ਬਣਾ ਕੇ ਬੱਚਿਆਂ ਨੂੰ ਕੁਸ਼ਤੀਆਂ ਨਾਲ ਜੋੜਨ ਲੱਗਾ। ਸ਼ਾਗਿਰਦਾਂ 'ਚੋਂ ਹਿਊਸਟਨ, ਟੈਕਸਸ ਰਹਿੰਦਾ ਰਾਮਾ-ਖੇਲਾ ਦਾ ਹੀ ਧਿਆਨ ਸਿੰਘ (ਰਾਮਾ ਪਹਿਲਵਾਨ) ਆਪਣੇ ਉਸਤਾਦ ਨੂੰ ਯਾਦ ਕਰ ਅੱਜ ਵੀ ਮਾਣ ਮਹਿਸੂਸ ਕਰਦਾ ਹੈ। ਸਰਬਣ ਦੀ ਸ਼ਾਗਿਰਦੀ 'ਚ ਚਾਰ ਸਾਲ ਉਸ ਨੇ ਪਾਸਲੇ ਵਾਲੇ ਬਿੱਟੂ, ਬਿਲਗੇ ਵਾਲੇ ਮਾਹਣੇ, ਫ਼ਰਵਾਲੇ ਵਾਲੇ ਕਿੰਦੇ, ਲੁਧਿਆਣੇ ਵਾਲੇ ਪਵਨ ਅਤੇ ਰਾਮਗੜ੍ਹੀਆ ਵਾਲੇ ਕੋਚ ਦਿਲਬਾਗ ਸਿੰਘ ਬਾਗ਼ੀ ਪਹਿਲਵਾਨਾਂ ਨਾਲ ਘੋਲ ਕੀਤੇ ਤੇ ਹਰਾਏ। ਉਹ ਆਪਣੇ 17 ਸਾਲਾ ਬੇਟੇ ਨਵਜਿੰਦਰ ਸਿੰਘ ਨੂੰ ਕੁਸ਼ਤੀਆਂ ਵੱਲ ਲਾਉਣਾ ਚਾਹੁੰਦਾ ਸੀ ਪਰ ਉਹ ਏਧਰ ਤਾਂ ਨਾ ਲੱਗਾ, ਗੋਲਾ ਸੁੱਟਣ ਦਾ ਮਾਹਰ ਬਣ ਗਿਆ।

ਸਵਾਸ ਛੱਡਣ ਤੋਂ ਦੋ ਮਹੀਨੇ ਪਹਿਲਾਂ ਸਰਬਣ ਨੇ ਜ਼ਿੰਦਗੀ ਦੀ ਆਖਰੀ ਕੁਸ਼ਤੀ ਬਿਲਗੇ ਲੜੀ। 57 ਸਾਲ ਦੀ ਉਮਰੇ ਉਹਨੇ 21 ਸਾਲਾ ਉਠਦੇ ਤਕੜੇ ਪਹਿਲਵਾਨ ਨੂੰ ਢਾਹਿਆ। ਸਰਬਣ ਅਕਸਰ ਕਿਹਾ ਕਰਦਾ ਸੀ ਕਿ ਚੋਟੀ ਦੇ ਮੱਲਾਂ ਨੂੰ ਅਗਨ-ਭੇਟ ਨਹੀਂ ਕੀਤਾ ਜਾਂਦਾ, ਦਫ਼ਨਾਇਆ ਜਾਂਦਾ ਹੈ। ਜ਼ਿੰਦਗੀ ਦੀ ਉਹ ਆਖਰੀ ਘੜੀ ਵੀ ਆ ਗਈ। 1992 ਦੇ ਦਸਵੇਂ ਮਹੀਨੇ ਦੁਸਹਿਰੇ ਤੋਂ ਦੋ ਦਿਨ ਪਹਿਲਾਂ ਪੰਜਾਬ ਦੇ ਅਖਾੜਿਆਂ ਦੀ ਸ਼ਾਨ ਸਰਬਣ ਸਦਾ ਲਈ ਤੁਰ ਗਿਆ।

ਅਲ਼ੀ ਅਲ਼ੀ ਕਰਦਾ ਜਦੋਂ
ਜਾਂਦਾ ਸੀ ਵਿਚ ਮੈਦਾਨ ਮੀਆਂ।
ਧੋਬੀ ਮਾਰ ਝੱਟ ਸੁੱਟ ਲੈਂਦਾ,
ਜਦੋਂ ਲਗਦਾ ਸੀ ਹੱਥ ਮਿਲਾਣ ਮੀਆਂ।

ਧੋਬੀ-ਦਾਅ ਤੋਂ ਬਚ ਸਕੇ ਨਾ,
ਬੜੇ ਬੜੇ ਭਲਵਾਨ ਮੀਆਂ।
ਸਰਬਣ ਰਾਮਾ-ਖੇਲਾ ਦਾ,
ਕਦੇ ਸੀ ਛਿੰਝਾਂ ਦੀ ਸ਼ਾਨ ਮੀਆਂ।
'ਜੱਬੋਵਾਲੀਆ' ਕਲਮ ਹੰਝੂ ਕੇਰਦੀ,
ਤੁਰ ਗਿਆ ਸਰਬਣ ਮੱਲ ਮਹਾਨ ਮੀਆਂ।

# ਪੰਜਾਬ ਤੋਂ ਇੰਗਲੈਂਡ ਤੱਕ
# ਕਬੱਡੀ ਖਿਡਾਰੀ—ਮੋਹਣਾ ਕਾਲਾ ਸੰਘਾ

ਕਾਲੇ ਸੰਘਿਆਂ ਕਬੱਡੀ ਦੇ ਮਹਾਨ ਖਿਡਾਰੀਆਂ ਦਾ ਪਿੰਡ ਹੈ, ਜਿਨ੍ਹਾਂ 'ਚੋਂ ਇਕ ਮੋਹਣ ਸਿੰਘ ਮੋਹਣਾ ਹੈ। ਜੋ ਕਬੱਡੀ ਜਗਤ ਵਿੱਚ ਮੋਹਣੇ ਨਾਲ ਮਸ਼ਹੂਰ ਹੋਇਐ। ਜਿਸ ਨੇ ਵਧੀਆ ਕਬੱਡੀ ਖੇਡ ਕੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਉਹਦੀ ਗੇਮ ਨੂੰ ਲੋਕੀਂ ਅੱਜ ਵੀ ਯਾਦ ਕਰਦੇ ਨੇ।

ਇੰਗਲੈਂਡ ਜਾਣ ਤੋਂ ਪਹਿਲਾਂ ਮੋਹਣੇ ਨੇ ਸਕੂਲਾਂ, ਕਾਲਜਾਂ ਤੋਂ ਹੁੰਦੇ ਹੋਏ ਇਲਾਕੇ ਦੇ ਵੱਖ ਵੱਖ ਪਿੰਡਾਂ 'ਚ ਕਬੱਡੀ ਖੇਡੀ ਅਤੇ ਨਾਲ ਨਾਲ ਪਹਿਲਵਾਨੀ ਵੀ ਕੀਤੀ। ਚੱਕ ਕਲਾਂ, ਨਕੋਦਰ, ਵੱਡਾ ਰੁੜਕਾ, ਛੋਟਾ ਰੁੜਕਾ, ਟਿੱਬੇ (ਰੱਤੂ ਟਿੱਬੇ ਦਾ ਪਿੰਡ), ਸਿੱਧਵਾਂ, ਰਾਏਪੁਰ ਬੱਲਾਂ ਅਤੇ ਕਈ ਹੋਰ ਕਈ ਪਿੰਡਾਂ ਅਤੇ ਕਲੱਬਾਂ ਨਾਲ ਵੀ ਮੈਚ ਖੇਡੇ। ਪਿੰਡ ਦੀ ਟੀਮ 'ਚ ਰੋਡਾ, ਗੀਤਾ, ਮੱਖਣ, ਇਕਬਾਲ, ਟੋਨੀ ਜਾਫੀ ਤੇ ਰੇਡਰਾਂ 'ਚ ਮੋਹਣਾ, ਪੱਪੂ, ਕੀਕਾ ਤੇ ਪੱਪੂ ਪੰਛੀ ਹੁੰਦੇ।

ਇਕ ਵਾਰ ਉਨ੍ਹਾਂ ਆਈ. ਟੀ. ਆਈ. ਤਲਵਾੜਾ ਵੱਲੋਂ ਖੇਡਦਿਆਂ ਪੰਜਾਬ ਆਈ. ਟੀ. ਆਈ. ਦੀਆਂ ਸਾਰੀਆਂ ਟੀਮਾਂ ਹਰਾਈਆਂ। ਆਈ. ਟੀ. ਆਈ. ਦੇ ਖਿਡਾਰੀਆਂ 'ਚ ਖੁਦ ਮੋਹਣਾ, ਸਰੂਪਾ, ਸੇਮਾ, ਲਾਂਬੜਾ, ਕੀਪਾ ਗ਼ਾਜ਼ੀਪੁਰ ਰੇਡਰ ਤੇ ਜਾਫੀ ਗੁਰਦੀਪ ਗੀਤਾ, ਸੋਖਾ ਨਿੱਝਰ ਤੇ ਤੋਖਾ ਰਹੀਮਪੁਰ। ਪਿੰਡਾਂ ਦੇ ਮੈਚ ਨਕੋਦਰ, ਸਿਕਰੀ, ਢੱਡਾ, ਕੁੱਕੜ ਪਿੰਡ, ਮਿੱਠਾਪੁਰ ਅਤੇ ਨਾਮਵਰ ਹੋਰ ਟੀਮਾਂ ਨਾਲ ਖੇਡੇ।

ਆਈ. ਟੀ. ਆਈ. ਤਲਵਾੜਾ ਵੱਲੋਂ ਲੁਧਿਆਣੇ ਖੇਡਣ ਗਏ। ਲੁਧਿਆਣਾ ਟੀਮ ਦੇ ਵੀ ਤਕੜੇ ਖਿਡਾਰੀ ਸਨ। ਜ਼ਬਰਦਸਤ ਟੱਕਰਾਂ ਹੋਈਆਂ। ਸ. ਸਰਦੂਲ ਸਿੰਘ ਰੰਧਾਵਾ ਕੋਚ ਉਹਦੀ ਖੇਡ ਦਾ ਬੜਾ ਕਦਰਦਾਨੀ ਤੇ ਹਮੇਸ਼ਾ ਥਾਪੜਾ ਦਿੰਦਾ।

ਰਾਏਪੁਰ ਬੱਲਾਂ ਇਕ ਵਾਰ ਮੈਚ ਖੇਡਣ ਗਏ ਤਾਂ ਜਿੱਤ ਦੀ ਆਸ ਨਾਲ ਰਾਏਪੁਰ ਬੱਲਾਂ ਵਾਲਿਆਂ ਆਪਣੇ ਪਿੰਡ ਦੀ ਟੀਮ ਨੂੰ ਵਾਜੇ-ਗਾਜੇ ਨਾਲ ਗਰਾਊਂਡ ਵਿੱਚ ਉਤਾਰਿਆ। ਮੈਚ ਵੇਖਣ ਲਈ ਲੋਕ ਦੂਰੋਂ ਦੂਰੋਂ ਢੁੱਕੇ ਹੋਏ ਸਨ। ਅੱਡੀਆਂ ਚੁੱਕ ਚੁੱਕ ਦਰਸ਼ਕ ਮੈਚ ਦਾ ਇੰਤਜ਼ਾਰ ਕਰ ਰਹੇ ਸਨ। ਸੂਰਜ ਦੇਵਤਾ ਵੀ ਢਲਣ ਕਿਨਾਰੇ ਜਾ ਰਿਹਾ ਸੀ। ਵਿਰੋਧੀ ਟੀਮ 'ਚ ਨੇਕੀ ਸਿੱਧਵਾਂ, ਜੋਗਾ ਚਮਿਆਰਾ, ਬੱਲੂ ਭਾਣੋਂਕੀ ਤੇ ਤੋਖਾ ਰਹੀਮਪੁਰ ਮੰਨੇ ਜਾਫੀ ਸਨ। ਮੋਹਣੇ ਨੇ ਲਗਾਤਾਰ ਸੱਤ ਰੇਡਾਂ ਪਾਈਆਂ ਤੇ ਸੱਤਾਂ ਰੇਡਾਂ 'ਚੋਂ ਸਿਰਫ਼ ਇਕ ਵਾਰ ਨੇਕੀ ਕੋਲੋਂ ਰੁਕਿਆ। ਮੋਹਣੇ ਵੱਲ ਗੁਰਦੀਪ ਗੀਤਾ ਤੇ ਸੋਖੇ ਨਿੱਝਰ ਵਰਗੇ ਤਕੜੇ ਖਿਡਾਰੀ ਸਨ।

ਰਾਏਪੁਰ ਬੱਲਾਂ ਦੀ ਪ੍ਰਬੰਧਕ ਕਮੇਟੀ ਨੇ ਖ਼ੁਸ਼ ਹੋ ਕੇ ਮੋਹਣੇ, ਗੀਤਾ ਤੇ ਸਰੂਪੇ ਤਿੰਨਾਂ ਨੂੰ ਢਾਈ-ਢਾਈ ਤੋਲੇ ਸੋਨੇ ਦੇ ਮੈਡਲ, ਨਕਦ ਮਾਇਆ ਤੇ ਟਰਾਫ਼ੀਆਂ ਭੇਂਟ ਕੀਤੀਆਂ। ਪੈਸਿਆਂ ਤੇ ਟਰਾਫ਼ੀਆਂ ਨਾਲ ਬੜੀ ਖ਼ੁਸ਼ੀ ਹੋਈ ਤੇ ਮੈਡਲਾਂ ਨਾਲ ਦੁੱਗਣੀ-ਚੌਗੁਣੀ ਹੋਰ ਖ਼ੁਸ਼ੀ ਹੋ ਗਈ ਤੇ ਮੁੜ ਮੁੜ ਮੈਡਲਾਂ ਨੂੰ ਵੇਖੀ ਜਾਣ ਤੇ ਚੁੰਮੀ ਜਾਣ। ਯਕੀਨ ਨਹੀਂ ਸੀ ਆ ਰਿਹਾ ਕਿ ਵਾਕਈ ਉਨ੍ਹਾਂ ਸੋਨੇ ਦੇ ਮੈਡਲ ਜਿੱਤੇ ਹਨ। ਉਸ ਪਿੰਡ ਦੇ ਵਿਦੇਸ਼ ਰਹਿੰਦੇ ਸ. ਜੋਗਿੰਦਰ ਸਿੰਘ ਨੇ ਇਹ ਸਾਰਾ ਮਾਣ-ਤਾਣ ਕੀਤਾ ਸੀ। ਸੋਨੇ ਦੇ ਮੈਡਲ ਤੇ ਮਾਇਆ ਰੱਖ ਲਈ ਤੇ ਟਰਾਫ਼ੀ 'ਬਾਬਾ ਕਾਹਨ ਦਾਸ' ਮਹਾਂ-ਪੁਰਸ਼ਾਂ ਦੇ ਡੇਰੇ 'ਤੇ ਪਹਿਲਾਂ ਹੀ ਸੁੱਖਣਾ ਸੁੱਖੀ ਹੋਈ ਕਰਕੇ ਚੜ੍ਹਾ ਦਿੱਤੀ।

1983 'ਚ ਰਾਮਪੁਰਾ ਫੂਲ ਚੈਂਪੀਅਨਸ਼ਿਪ ਦੇ ਸੈਮੀ-ਫ਼ਾਈਨਲ ਮੁਕਾਬਲੇ 'ਚ ਲੁਧਿਆਣੇ ਦਾ ਪਹਿਲਾ ਸਥਾਨ ਸੀ ਤੇ ਮੋਹਣੇ ਹੁਣਾਂ ਦਾ ਦੂਜਾ। ਉਹ ਵੀ ਫਸਵਾਂ ਟੱਕਰ ਸੀ। ਖਿਡਾਰੀਆਂ 'ਚ ਮੋਹਣਾ, ਜਰਨੈਲ ਜੈਲਾ ਤੇ ਅਖ਼ਤਰ ਧਾਵੀ ਤੇ ਜਾਫੀਆਂ 'ਚ ਕੀਪਾ, ਰੋਡਾ ਤੇ ਰਸ਼ੀਦ ਸਨ। ਇਕ ਵਾਰ ਸ. ਜਸਵੰਤ ਸਿੰਘ ਕੰਵਲ ਦੇ ਪਿੰਡ ਢੁੱਡੀਕੇ ਖੇਡਣ ਗਏ। ਵੱਡੇ ਇਨਾਮਾਂ ਵਾਲੇ ਪਿੰਡ ਔਜਲੇ ਖੇਡੇ। ਔਜਲਿਆਂ ਦੀ ਤਕੜੀ ਟੀਮ ਨੂੰ ਬੜੇ ਜ਼ੋਰ ਨਾਲ ਜਿੱਤੇ ਤੇ ਵੱਡੇ ਇਨਾਮ ਝੋਲੀ ਪੁਆਏ।

1991 'ਚ ਨਾਨਕੇ ਪਿੰਡ ਦੁਸਾਂਝ-ਕਲਾਂ ਖੇਡਣ ਗਿਆ। ਜ਼ੋਰ ਨਾਲ ਨਾਨਕੀਂ ਕਬੱਡੀ ਖੇਡੀ। ਦੁਸਾਂਝ-ਕਲਾਂ ਦੇ ਦੋਹਤੇ, ਭਾਣਜੇ ਨੇ ਨਾਨਕਾ ਪਿੰਡ ਦੀ ਬੱਲੇ ਬੱਲੇ ਕਰਾਈ। ਇਨਾਮਾਂ ਦੀ ਵੰਡ ਕਰਨ ਆਏ ਪੱਦੀ ਜਗੀਰ ਵਾਲੇ ਪਹਿਲਵਾਨ ਅਤੇ ਪੁਲਿਸ ਅਫ਼ਸਰ ਸ. ਸੁਖਵੰਤ ਸਿੰਘ ਨੇ ਘੁੱਟ ਕੇ ਜੱਫੀ ਪਾ ਕੇ ਥਾਪੜਾ ਦਿੱਤਾ।

ਕਾਲੇ ਸੰਘਿਆਂ ਦੇ ਜੀਤਾ ਮੌੜ, ਜਵਾਹਰਾ, ਤੋਚੀ ਕੈਨੇਡਾ ਵੀ ਨਾਮਵਰ ਕਬੱਡੀ ਖਿਡਾਰੀ ਰਹਿ ਚੁੱਕੇ ਹਨ। ਉਸੇ ਪਿੰਡ ਦਾ ਕੈਨੇਡਾ ਰਹਿੰਦਾ ਸਿਆਣੀ ਉਮਰ ਦਾ ਭਜਨ ਸਿੰਘ ਆਪਣੇ ਸਮੇਂ ਨਾਮਵਰ ਕਬੱਡੀ ਖਿਡਾਰੀ ਹੋਇਐ, ਜਦ ਕਿ ਉਹਦਾ ਭਰਾ ਕ੍ਰਿਪਾਲ ਸਿੰਘ ਪਾਲਾ ਪਹਿਲਵਾਨ ਰਹਿ ਚੁੱਕੈ। ਮਹਿੰਦਰ ਮੌੜ ਹੁਣੀਂ ਪੰਜੇ ਭਰਾ ਘੁਲਦੇ ਸਨ।

ਕਬੱਡੀ ਦੇ ਨਾਲ ਨਾਲ ਮੋਹਣੇ ਨੇ ਪਹਿਲਵਾਨੀ ਵੀ ਕੀਤੀ। ਕਾਲੇ-ਸੰਘਿਆਂ ਛਿੰਝ 'ਚ ਰਾਣੇ ਮੱਖੂ ਨਾਲ ਛੋਟੀ ਕੁਸ਼ਤੀ ਲੜੀ, ਜਦ ਕਿ ਵੱਡੀ ਕੁਸ਼ਤੀ 'ਚ ਪਹਿਲਵਾਨ ਬਲਵੀਰ ਸਿੰਘ ਸ਼ੀਰੀ ਸੱਘਵਾਲ ਆਇਆ ਹੋਇਆ ਸੀ। ਇਕ ਵਾਰ ਸਪੋਰਟਸ ਵਿੰਗ ਕਪੂਰਥਲਾ ਵੱਲੋਂ ਸ਼ੰਕਰ ਛਿੰਝ 'ਚ ਘੁਲਣ ਦਾ ਮੌਕਾ ਮਿਲਿਆ। ਘੁਲਦਿਆਂ ਘੁਲਦਿਆਂ ਉਹਦੇ ਕੋਲੋਂ ਐਸਾ ਦਾਅ ਵੱਜਾ ਕਿ ਵਿਰੋਧੀ ਪਹਿਲਵਾਨ ਦੀ ਧੌਣ 'ਚ ਕਸੂਤੀ ਸੱਟ ਵੱਜ ਗਈ ਸੀ। ਪਰਮਾਤਮਾ ਨੇ ਬਚਾ ਕਰ'ਤਾ ਨਹੀਂ ਤਾਂ ਵਿਰੋਧੀ ਪਹਿਲਵਾਨ ਦੇ ਲੱਗੀ ਸੱਟ ਦਾ ਮੋਹਣੇ ਨੂੰ ਸਾਰੀ ਉਮਰ ਪਛਤਾਵਾ ਰਹਿਣਾ ਸੀ। ਗੁਰਦਾਵਰ ਪਹਿਲਵਾਨ ਵੀ

ਉਸ ਵੇਲੇ ਉਥੇ ਸੀ। ਇਹ ਸੰਨ '79-80 ਦੀ ਵਾਰਤਾ ਹੈ ।

ਸਪੋਰਟਸ ਵਿੰਗ ਖੇਡਦਿਆਂ ਉਹਦੇ ਨਾਲ ਲਹਿੰਬਰ ਲੰਬੜ ਕੈਲੇਫ਼ੋਰਨੀਆ ਤੇ ਪੰਡੋਰੀ ਫੱਗੂਵਾਲ ਵਾਲਾ ਅਵਤਾਰ ਸਿੰਘ ਪੱਪੂ ਹੁਣੀਂ ਸਨ।ਅਵਤਾਰ ਪੱਪੂ ਕਬੱਡੀ ਦਾ ਤਕੜਾ ਖਿਡਾਰੀ ਸੀ ਤੇ ਪੁਲਿਸ ਵਿਭਾਗ ਵਿੱਚੋਂ ਹੁਣ ਉਹ ਡੀ. ਐਸ. ਪੀ. ਰਿਟਾਇਰ ਹੋ ਚੁੱਕੈ।

ਸੰਨ '84 'ਚ ਮੋਹਣਾ ਤੇ ਕਿਸ਼ਨ ਮਹਿੰਦਰ ਮੌੜ ਦੇ ਸੱਦੇ 'ਤੇ ਇੰਗਲੈਂਡ ਖੇਡਣ ਗਏ। ਇੰਗਲੈਂਡ ਨਾਮਵਰ ਖਿਡਾਰੀਆਂ ਨਾਲ ਮੈਚ ਲਾਏ। ਮੈਚ ਵੀ ਖੇਡਦਾ ਰਿਹਾ ਤੇ ਘਰਦੇ ਖਰਚੇ ਚਲਾਉਣ ਲਈ ਮਹਿੰਦਰ ਮੌੜ ਵੱਲੋਂ ਚਲਾਈ ਜਾਂਦੀ 'ਮੌੜ ਡੇਅਰੀ' 'ਤੇ ਉਹ ਤੇ ਲੁਧਿਆਣੇ ਵਾਲਾ ਮੇਜ਼ੀ ਲੋਕਾਂ ਦੇ ਘਰਾਂ 'ਚ ਦੁੱਧ ਪਾਉਂਦੇ ਰਹੇ। ਸੰਨ '86 'ਚ ਮੋਹਣੇ ਦਾ ਛੋਟਾ ਭਰਾ ਮੇਜਰ ਵੀ ਮੌੜ ਨੇ ਕਬੱਡੀ ਖੇਡਣ ਇੰਗਲੈਂਡ ਸੱਦ ਲਿਆ ਸੀ।

ਸੰਨ '87 'ਚ ਕਾਮਰੇਡਾਂ ਵੱਲੋਂ ਕਰਵਾਏ ਜਾਂਦੇ ਟੋਰਾਂਟੋ ਮੈਚ ਖੇਡਣ ਗਏ। ਰੋਡਾ ਪਹਿਲਵਾਨ ਵੀ ਨਾਲ ਸੀ। ਇਸੇ ਤਰ੍ਹਾਂ ਹੀ ਵੈਨਕੂਵਰ ਵੀ ਕਬੱਡੀ-ਕੱਪ ਖੇਡਿਆ। ਸੰਨ '86 ਤੇ 87 'ਚ ਪਾਕਿਸਤਾਨ ਦੀ ਟੀਮ ਇੰਗਲੈਂਡ ਖੇਡਣ ਗਈ। ਧਾਵੀਆਂ 'ਚ ਮੋਹਣਾ, ਮੇਜ਼ੀ ਲੁਧਿਆਣਾ ਤੇ ਭੱਜੀ ਸਨ। ਤੇ ਜਾਫੀਆਂ 'ਚ ਜਸਵੀਰ ਘੁੱਗੀ, ਸ਼ਿੰਦਾ ਅਮਲੀ, ਚੁੰਨੀਂ ਪੱਤੜ ਤੇ ਦੇਬੂ ਗੁਰਦਾਸਪੁਰ ਸਨ।

1989 'ਚ ਇੰਗਲੈਂਡ ਵੱਲੋਂ ਅਮਰੀਕਾ ਖੇਡਣ ਗਿਆ ।ਅਗਲੇ ਸਾਲ ਫਿਰ '90 'ਚ ਇੰਗਲੈਂਡ ਦੀ ਟੀਮ ਨਾਲ ਪੰਜਾਬ ਖੇਡਣ ਗਿਆ। ਉਸੇ ਸਾਲ '90 'ਚ ਜ਼ਿਲ੍ਹਿਆਂ ਦੇ ਮੈਚ ਖੇਡੇ। ਸ. ਸਰਦੂਲ ਸਿੰਘ ਰੰਧਾਵਾ ਕੋਚ ਨੇ ਮਾਈਕ 'ਤੇ ਉਹਦੀ ਬੱਲੇ-ਬੱਲੇ ਕਰਾਈ- "ਔਹ ਜਾਂਦੈ ਹੱਥ ਲਾ ਕੇ ਭੱਜਿਆ... ਮੇਰਾ ਸ਼ਾਗਿਰਦ... ਮੇਰਾ ਪੱਠਾ... ਮਾਣ ਹੈ ਮੋਹਣੇ 'ਤੇ... ਸ਼ਾਬਾਸ਼ ਜੁਆਨਾ... ਖਿੱਚੀ ਰੱਖ।" ਹੌਸਲਾ ਦਿੰਦਾ।

ਪੁਰਾਣੇ ਖਿਡਾਰੀਆਂ ਦੀ ਉਹ ਬੜੀ ਕਦਰ ਕਰਦੈ। ਜਿਨ੍ਹਾਂ 'ਚ ਬੋਲਾ ਪੱਤੜ, ਜਸਵੀਰ ਘੁੱਗੀ (ਮੌੜ ਦਾ ਭਤੀਜਾ), ਪ੍ਰੀਤਾ ਨਡਾਲਾ, ਜੀਤੀ ਖੈਰਾ, ਮਹਿੰਦਰ ਢੁੱਡੀਆਂ ਵਾਲਾ, ਵੀਰ੍ਹਾ ਚਮਿਆਰਾ, ਬਲਕਾਰ ਸਿੰਘ ਬਲਕਾਰਾ, ਭੱਜੀ ਖੀਰਾਂ ਵਾਲੀ, ਬੰਸਾ, ਬਿੰਦਰ ਘੱਲ ਕਲਾਂ, ਮੇਜ਼ੀ ਲੁਧਿਆਣਾ, ਦੇਬੂ ਗੁਰਦਾਸਪੁਰ, ਜੱਸਾ, ਸੁਲੱਖਣ ਖੈੜਿਆਂ ਵਾਲਾ, ਸ਼ੀਰਾ ਸ਼ਮੀਪੁਰੀਆ, ਸ਼ਿੰਦਰ ਲੈਸਟਰ, ਰਛਪਾਲ ਬਿੱਲਾ, ਧੀਰਾ ਡੱਡਵਿੰਡੀ ਤੇ ਹੋਰ। ਮੋਹਣੇ ਦੇ ਦੱਸਣ ਅਨੁਸਾਰ ਕਿ ਪੁਰਾਣੇ ਖਿਡਾਰੀਆਂ ਨੂੰ ਵੇਖ ਚਾਅ ਚੜ੍ਹ ਜਾਂਦਾ ਸੀ। ਪੱਤੜੀਏ ਬੋਲੇ ਦੀ ਗੇਮ ਅਤੇ ਸਰੀਰ ਤੋਂ ਬੜਾ ਪ੍ਰਭਾਵਿਤ ਸੀ।

ਮੋਹਣੇ ਦਾ ਬਾਬੇ ਨਾਲ ਦਿਲੀ ਪਿਆਰ ਸੀ। ਹਰ ਗੱਲ ਸਾਂਝੀ ਕਰ ਲੈਂਦਾ ਤੇ ਸ਼ੁਗਲ ਵੀ। ਬਾਬੇ ਨੇ ਹਮੇਸ਼ਾ ਚੰਗੀ ਖੇਡ, ਨਸ਼ਿਆਂ ਤੋਂ ਬਚਣ ਦੀਆਂ ਨਸੀਹਤਾਂ ਦੇਣੀਆਂ। ਮੋਹਣ ਸਿੰਘ ਆਪਣੀ ਜ਼ਿੰਦਗੀ 'ਚ ਕੋਚ ਸਰਦੂਲ ਸਿੰਘ ਅਤੇ ਮਹਿੰਦਰ ਮੌੜ ਦਾ ਵੱਡਾ

ਹੱਥ ਸਮਝਦਾ ਹੈ। ਮੋਹਣਾ ਅਤੇ ਉਹਦਾ ਸਾਰਾ ਪਰਿਵਾਰ ਮਹਿੰਦਰ ਮੌੜ ਦੀ ਬਦੌਲਤ ਯੂ. ਕੇ. ਵਿੱਚ ਸੈਟਲ ਹੈ। ਆਪਣੇ ਆਪ ਨੂੰ ਬੜਾ ਖੁਸ਼ਕਿਸਮਤ ਸਮਝਦਾ ਹੈ, ਜਿਸ ਨੂੰ ਜ਼ਿੰਦਗੀ ਦਾ ਬਹੁਤ ਸਮਾਂ ਅੰਕਲ ਮੌੜ ਨਾਲ ਗੁਜ਼ਾਰਨ ਦਾ ਮੌਕਾ ਮਿਲਿਆ।

ਮਹਿੰਦਰ ਮੌੜ ਦੀ ਮੌਤ ਤੋਂ ਬਾਅਦ ਖੇਡ-ਪ੍ਰਮੋਟਰਾਂ, ਸਹਿਯੋਗੀਆਂ ਅਤੇ ਯਾਰਾਂ-ਬੇਲੀਆਂ ਦੇ ਸਹਿਯੋਗ ਨਾਲ ਮੋਹਣ ਸਿੰਘ ਮੋਹਣੇ ਦੀ ਏਹੀ ਕੋਸ਼ਿਸ਼ ਰਹੀ ਕਿ ਇੰਗਲੈਂਡ ਦੀਆਂ ਸਾਰੀਆਂ ਕਲੱਬਾਂ ਇਕ ਹੋ ਜਾਣ। ਬੜੇ ਸਾਲਾਂ ਤੋਂ ਮੌੜ ਦੇ ਸਾਥੀ ਤੇ ਕਬੱਡੀ ਨੂੰ ਪ੍ਰਮੋਟ ਕਰਨ ਵਾਲੇ ਸ. ਸੁਰਜਨ ਸਿੰਘ ਚੱਠਾ ਹੁਣਾਂ ਦੀ ਸੋਚ ਨੂੰ ਸਲਾਮ ਹੈ, ਜਿਨ੍ਹਾਂ ਦੁਖੀ ਹਿਰਦੇ ਨਾਲ ਕਿਹਾ ਕਿ ਮਹਿੰਦਰ ਮੌੜ ਬਣਨਾ ਬੜਾ ਮੁਸ਼ਕਲ ਹੈ ਪਰ ਕੋਸ਼ਿਸ਼ ਜਾਰੀ ਰਹੇਗੀ ਕਿ ਸਾਰੇ ਇਕੋ ਪਲੇਟਫ਼ਾਰਮ ’ਤੇ ’ਕੱਠੇ ਹੋ ਜਾਣ। ਮਹਿੰਦਰ ਮੌੜ ਨੂੰ ਏਹੀ ਸੱਚੀ ਸ਼ਰਧਾਂਜਲੀ ਹੋਵੇਗੀ ।

ਪਿਤਾ ਸ. ਸੁੱਚਾ ਸਿੰਘ ਅਤੇ ਮਾਤਾ ਨਛੱਤਰ ਕੌਰ ਦਾ ਖਿਡਾਰੀ ਤੇ ਪਹਿਲਵਾਨ ਪੁੱਤ ਮੋਹਣਾ ਸੰਨ ’84 ’ਚ ਕੋਟਲਾ ਨੇੜੇ ਕੁਲਾਰਾਂ ਦੀ ਧੀ ਮਨਜੀਤ ਕੌਰ ਨਾਲ ਵਿਆਹਿਆ ਗਿਆ। ਪਰਮਾਤਮਾ ਨੇ ਦੋ ਪੁੱਤਰਾਂ ਦੀ ਦਾਤ ਬਖਸ਼ੀ। ਦੋਨੋਂ ਬੇਟੇ ਆਪੋ ਆਪਣੀ ਜਗ੍ਹਾ ਸੈੱਟ ਨੇ। ਭਰਾ ਮੇਜਰ ਸਿੰਘ ਉਹਦੇ ਲਾਗੇ ਹੀ ਇੰਗਲੈਂਡ ਹੈ। ਇਕਲੌਤੀ ਭੈਣ ਬਲਵਿੰਦਰ ਕੌਰ ਪਰਿਵਾਰ ਸਮੇਤ ਇਟਲੀ ਹੈ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਮਾਤਾ ਨਛੱਤਰ ਕੌਰ ਜੀ ਜ਼ਿਲ੍ਹਾ ਕਪੂਰਥਲੇ ਦੇ ਚੇਅਰਪਰਸਨ ਰਹਿ ਚੁੱਕੇ ਨੇ। ਚੰਗੀ ਸੂਝ-ਬੂਝ, ਉੱਚ-ਸਿੱਖਿਆ ਅਤੇ ਜ਼ਿੰਦਗੀ ਦੇ ਹਰ ਪੱਖ ਨੂੰ ਮੱਦੇਨਜ਼ਰ ਰੱਖਦੇ ਸਰਕਾਰ ਵੱਲੋਂ ਇਹ ਅਹੁਦਾ ਸੌਂਪਿਆ ਗਿਆ। ਉਸ ਵੇਲੇ ਦੇ ਐਮ. ਐਲ. ਏ. ਸ. ਰਘਵੀਰ ਸਿੰਘ ਜੀ ਨਾਲ ਅੱਜ ਤੱਕ ਵਧੀਆ ਪਰਿਵਾਰਕ ਸੰਬੰਧ ਨੇ। ਇਸ ਵਕਤ ਸਾਰੇ ਆਪੋ ਆਪਣੀ ਥਾਂ ਖੁਸ਼ ਨੇ। ਬਰਤਾਨੀਆਂ ਰਹਿੰਦਾ ਮੋਹਣਾ ਵਧੀਆ ਜ਼ਿੰਦਗੀ ਜੀਅ ਰਿਹੈ। ਖੇਡਾਂ ਅਤੇ ਮਾਨਾਂ-ਸਨਮਾਨਾਂ ਨੂੰ ਯਾਦ ਕਰ ਹਮੇਸ਼ਾ ਖੁਸ਼ ਰਹਿੰਦੈ। ਪਰਮਾਤਮਾ ਦਾ ਲੱਖ ਲੱਖ ਸ਼ੁਕਰ ਮਨਾ ਰਿਹੈ। ਪਰ ਮੌੜ ਸਾਹਿਬ ਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਹੈ। ਸਲਾਮ ਹੈ ਮਹਿੰਦਰ ਮੌੜ ਵਰਗੇ ਇਨਸਾਨਾਂ ਨੂੰ, ਜਿਨ੍ਹਾਂ ਕਬੱਡੀ ਨੂੰ ਉੱਚਾ ਚੁੱਕਣ ਲਈ ਕਾਲੇ-ਸੰਘਿਆਂ ਦਾ ਨਾਂ ਸਾਰੀ ਦੁਨੀਆਂ ’ਚ ਰੌਸ਼ਨ ਕੀਤਾ।

“ਮੋਹਣੇ ਦੀਆਂ ਝੱਪਟਾਂ ਵੇਖਣ ਲਈ,
ਗਰਾਊਂਡ ਦੁਆਲੇ ਲੋਕੀਂ ਬਹਿਣ ਲੱਗਦੇ।
ਬੱਲੇ ਬੱਲੇ ਕਰਾ ਗਿਆ ਨੰਬਰ ਲੈ ਕੇ ,
ਉੱਚੀ ਉੱਚੀ ਲੋਕੀਂ ਕਹਿਣ ਲੱਗਦੇ।
ਮੋਹਣੇ ਦੀਆਂ ਜਾਦੂਗਰੀ ਰੇਡਾਂ ਤੋਂ ਖੁਸ਼ ਹੋ ਕੇ,
‘ਜੱਬੋਵਾਲੀਏ’ ਵੀ ਕਲਮਾਂ ਨਾਲ ਕੌਡੀਆਂ ਪਾਉਣ ਲੱਗਦੇ।”

# ਫੁੱਟਬਾਲ ਖਿਡਾਰੀ—ਸਰਦਾਰੀ ਲਾਲ ਸਰਹਾਲਾ ਖੁਰਦ

ਮਾਹਿਲਪੁਰ ਦੀ ਧਰਤੀ ਨੇ ਅਰਜਨ ਐਵਾਰਡੀ, ਏਸ਼ੀਅਨ ਸਟਾਰ ਤੇ ਮਹਾਨ ਫੁੱਟਬਾਲ ਖਿਡਾਰੀ ਪੈਦਾ ਕੀਤੇ ਹਨ। ਇਨ੍ਹਾਂ ਹੀ ਖਿਡਾਰੀਆਂ ਵਿਚੋਂ ਮਾਹਿਲਪੁਰ ਦੀ ਧਰਤੀ ਨੂੰ ਮਾਣ ਬਖਸ਼ਣ ਵਾਲਾ ਸਰਹਾਲਾ ਖੁਰਦ ਦਾ ਸਰਦਾਰੀ ਲਾਲ ਵੀ ਜ਼ਬਰਦਸਤ ਖਿਡਾਰੀ ਹੋਇਆ ਹੈ।

ਮਾਤਾ ਚੰਨਣ ਦੇਵੀ ਅਤੇ ਪਿਤਾ ਸ੍ਰੀ ਸ਼ਾਹਕੋਟੀ ਰਾਮ ਦੇ ਘਰ 5 ਅਪਰੈਲ 1961 ਨੂੰ ਜਨਮੇ ਸਰਦਾਰੀ ਲਾਲ ਨੇ ਮਿਡਲ ਤਕ ਦੀ ਪੜ੍ਹਾਈ ਪਿੰਡੋਂ ਤੇ ਦਸਵੀਂ ਪਿੰਡ ਭਾਮ ਤੋਂ ਕੀਤੀ। ਉਥੇ ਹੀ ਖੇਡਣ ਦਾ ਜਾਗ ਲੱਗਿਆ। ਸਕੂਲ ਦੇ ਹੈਡਮਾਸਟਰ ਹਰਬੰਸ ਸਿੰਘ ਮੰਝ ਨੇ ਹੌਸਲਾ-ਅਫਜ਼ਾਈ ਕੀਤੀ, ਮੈਚ ਖੇਡਣ ਜਾਣ ਲੱਗੇ ਦੀ ਮਾਇਕ ਸਹਾਇਤਾ ਕਰ ਦੇਣੀ, ਜਿਸ ਨੂੰ ਉਹ ਅੱਜ ਤੱਕ ਨਹੀਂ ਭੁੱਲਿਆ।

ਸਰਦਾਰੀ ਲਾਲ ਫੁੱਟਬਾਲ ਦਾ ਤਕੜਾ ਖਿਡਾਰੀ ਹੋਣ ਦੇ ਨਾਲ ਨਾਲ ਪੜ੍ਹਾਈ 'ਚ ਵੀ ਸਭ ਤੋਂ ਅੱਗੇ ਰਿਹਾ। ਫਸਟ ਡਵੀਜ਼ਨ ਵਿਚ ਦਸਵੀਂ ਕਰਨ ਉਪਰੰਤ ਗਿਆਰ੍ਹਵੀਂ 'ਚ ਸਪੋਰਟਸ ਵਿੰਗ ਮਾਹਿਲਪੁਰ ਫੁੱਟਬਾਲ ਦੇ ਪ੍ਰਸਿੱਧ ਕੋਚ ਅਲੀ ਹਸਨ ਕੋਲ ਜਾ ਦਾਖਲ ਹੋਇਆ। ਉਦੋਂ ਹੀ ਸਪੋਰਟਸ ਵਿੰਗ ਮਾਹਿਲਪੁਰ ਵੱਲੋਂ ਕਈ ਤਕੜੇ ਮੈਚ ਖੇਡੇ। ਪੰਜਾਬ ਸਟੇਟ ਸਕੂਲ ਟੂਰਨਾਮੈਂਟ ਜਿੱਤਿਆ। ਮਾਹਿਲਪੁਰ ਵਿੰਗ 'ਚ ਖੇਡਦਿਆਂ ਬੜੀ ਮਿਹਨਤ ਕੀਤੀ। ਸਵੇਰੇ 5 ਵਜੇ ਉਠ ਕੇ ਗਰਾਊਂਡ ਚਲੇ ਜਾਣਾ, 9 ਵਜੇ ਤੱਕ ਗੇਮ ਕਰਨੀ ਤੇ ਵਾਪਸ ਆ ਕੇ ਦੁੱਧ, ਅੰਡੇ ਤੇ ਫ਼ਰੂਟ ਵਗੈਰਾ ਦਾ ਨਾਸ਼ਤਾ ਕਰਨਾ ਤੇ ਫਿਰ ਗਿਆਰ੍ਹਵੀਂ ਕਲਾਸ ਦਾ ਪੀਰੀਅਡ ਲਾਉਣਾ। ਉਥੋਂ ਹੀ ਹਾਇਰ ਸੈਕੰਡਰੀ ਪਾਸ ਕੀਤੀ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਕੋਚ ਨੇ ਅੱਗੇ ਪੜ੍ਹਨ ਲਈ ਪ੍ਰੇਰਿਆ। ਇਹ ਵੀ ਕਿਹਾ ਕਿ ਖਰਚੇ ਦੀ ਪਰਵਾਹ ਨਾ ਕਰੇ, ਸਾਰਾ ਖਰਚਾ ਉਹ ਚੁੱਕੇਗਾ; ਪਰ ਘਰ ਦੀਆਂ ਮਜਬੂਰੀਆਂ ਕਰਕੇ ਉਹ ਅੱਗੇ ਨਾ ਪੜ੍ਹ ਸਕਿਆ।

ਸਕੂਲਾਂ ਦੀ ਨੈਸ਼ਨਲ ਅੰਮ੍ਰਿਤਸਰ ਖੇਡੀ। ਸੰਨ 1978 'ਚ ਆਲ ਇੰਡੀਆ ਰੂਰਲ ਫੁੱਟਬਾਲ ਟੂਰਨਾਮੈਂਟ ਪੱਛਮੀ ਬੰਗਾਲ ਦੇ ਨਾਦੀਆ ਸ਼ਹਿਰ ਖੇਡਿਆ ਅਤੇ ਉਨ੍ਹਾਂ ਪੱਛਮੀ ਬੰਗਾਲ ਨੂੰ ਹਰਾ ਕੇ ਆਲ ਇੰਡੀਆ ਟੂਰਨਾਮੈਂਟ ਦੀ ਟਰਾਫੀ ਜਿੱਤੀ। ਹਾਰ ਦੀ ਨਮੋਸ਼ੀ ਨਾ ਸਹਾਰਦਿਆਂ ਸਥਾਨਕ ਲੋਕਾਂ ਨੇ ਪੰਜਾਬ ਦੇ ਖਿਡਾਰੀਆਂ ਨਾਲ ਬਹੁਤ ਧੱਕਾ

ਕੀਤਾ, ਇੱਟਾਂ-ਪੱਥਰ ਮਾਰੇ। ਪੰਜਾਬ ਦੇ ਖਿਡਾਰੀ ਚੁੱਪ-ਚਾਪ ਵਾਪਸ ਆ ਗਏ ਤੇ ਜਿੱਤ ਦਾ ਸਿਹਰਾ ਪੰਜਾਬ ਸਿਰ ਬੰਨ੍ਹਿਆ।

ਗਿਆਰ੍ਹਵੀਂ ਕਰਨ ਤੋਂ ਬਾਅਦ ਸਰਦਾਰੀ ਲਾਲ ਸਿਵਲ ਇੰਜਨੀਅਰਿੰਗ ਲਈ ਰਾਮਗੜ੍ਹੀਆ ਪਾਲੀਟੈਕਨਿਕ ਕਾਲਜ ਫਗਵਾੜੇ ਜਾ ਦਾਖਲ ਹੋਇਆ। ਪੰਜਾਬ ਪੁਲਿਸ ਵਿਚ ਇੰਸਪੈਕਟਰ ਦੀ ਸੇਵਾ ਨਿਭਾਅ ਰਹੇ ਉਸ ਦੇ ਗਰਾਈਂ ਮਹਿੰਦਰ ਸਿੰਘ ਨੂੰ ਆਈ.ਪੀ.ਐਸ. ਸ. ਧਰਮ ਸਿੰਘ ਮੋਹੀ ਨੇ ਕਪੂਰਥਲਾ ਸਪੋਰਟਸ ਕੋਟੇ ਵਿਚ ਫੁੱਟਬਾਲ ਦੇ ਤਕੜੇ ਖਿਡਾਰੀ ਲਿਆਉਣ ਲਈ ਕਿਹਾ, ਤੇ ਉਹ ਸਰਦਾਰੀ ਲਾਲ, ਅਜੈਬ ਸਿੰਘ ਤੇ ਚੰਨਣ ਸਿੰਘ ਡੀ.ਪੀ.ਐਡ. ਨੂੰ ਲੈ ਗਿਆ। ਤਕੜੀ ਗੇਮ ਕਰ ਕੇ ਜ਼ਿਲ੍ਹਾ ਕਪੂਰਥਲਾ ਦੀਆਂ ਗੇਮਾਂ 'ਚ ਚਮਕਿਆ। ਅਜੈਬ ਸਿੰਘ ਚੀਮਾ, ਮਨਜੀਤ ਸਿੰਘ ਅਤੇ ਡੀ.ਐਸ.ਪੀ. ਗੋਪਾਲ ਦਾਸ ਜਿਹੇ ਕਪੂਰਥਲਾ ਕੋਟੇ ਦੇ ਖਿਡਾਰੀ ਹੁੰਦੇ ਸਨ। ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ ਦੇ ਛੋਟੇ ਭਾਈ ਭਜਨ ਸਿੰਘ ਦਾ ਸਾਥੀ ਖਿਡਾਰੀ ਬਣ ਕੇ ਵੀ ਕਈ ਮੈਚ ਲਾਏ। ਪੁਲਿਸ ਟ੍ਰੇਨਿੰਗ ਤੋਂ ਬਾਅਦ ਕਪੂਰਥਲਾ ਅਤੇ ਜਲੰਧਰ ਜ਼ਿਲ੍ਹਿਆਂ ਦੇ ਕੰਬਾਈਂਡ ਰੇਂਜ ਵੱਲੋਂ ਮੈਚ ਖੇਡੇ।

ਸਰਦਾਰੀ ਲਾਲ ਤੋਂ ਬਿਨਾਂ ਇਸੇ ਪਿੰਡ ਦੇ ਕਸ਼ਮੀਰ ਸਿੰਘ (ਐਨ.ਆਈ.ਐਸ. ਸਰਵਿਸ ਦਾ ਕਪਤਾਨ), ਸੁੱਚਾ ਸਿੰਘ ਸਿੱਖ ਸੈਂਟਰ, ਇਕਬਾਲ ਸਿੰਘ ਗੋਲਾ (ਪੰਜਾਬ ਪੁਲਿਸ), ਚੰਨਣ ਸਿੰਘ (ਡੀ.ਪੀ.ਐਡ.), ਕਰਮ ਸਿੰਘ (ਸਿੱਖ ਸੈਂਟਰ), ਅਜੈਬ ਸਿੰਘ, ਓਂਕਾਰ ਸਿੰਘ, ਗੁਰਦਿਆਲ ਸਿੰਘ (ਪੰਜਾਬ ਪੁਲਿਸ) ਅਤੇ ਕੁਲਵਰਨ ਸਿੰਘ ਪਿੰਡ ਦੇ ਜ਼ਬਰਦਸਤ ਖਿਡਾਰੀ ਹੋਏ ਹਨ। ਕੁਲਵਰਨ ਸਿੰਘ ਐਮ.ਐਸ.ਸੀ. ਜ਼ਿਲ੍ਹਾ ਹੁਸ਼ਿਆਰਪੁਰ ਦੇ ਖੇਤੀਬਾੜੀ ਵਿਭਾਗ ਦੇ ਅਫਸਰ ਰਹਿ ਚੁੱਕੇ ਹਨ। ਉਸ ਨੇ ਵੀ ਪਿੰਡ ਦੇ ਖਿਡਾਰੀਆਂ ਦੀ ਬੜੀ ਮਦਦ ਕੀਤੀ। ਅੱਜ ਕੱਲ੍ਹ ਉਹ ਆਸਟਰੇਲੀਆ ਹੈ।

ਇਸੇ ਪਿੰਡ ਦੇ ਹਰਜਿੰਦਰ ਸਿੰਘ ਏਅਰ ਵਾਈਸ-ਮਾਰਸ਼ਲ ਹੋਏ ਹਨ। ਉਸ ਵੇਲੇ ਭਾਰਤ ਵਿਚ ਇਕੋ ਏਅਰ-ਮਾਰਸ਼ਲ ਹੁੰਦਾ ਸੀ। ਜਦੋਂ ਉਹ ਪਿੰਡ ਆਉਂਦਾ ਤਾਂ ਆਪਣੇ ਹੈਲੀਕਾਪਟਰ ਰਾਹੀਂ ਆਉਂਦਾ। ਪਿੰਡ ਅਤੇ ਇਲਾਕਾ ਵੇਖਣ ਲਈ 'ਕੱਠਾ ਹੋ ਜਾਂਦਾ। ਇਹ ਗੱਲਾਂ ਸੰਨ 74 ਦੀਆਂ ਹਨ। ਉਹਦੀ ਪਤਨੀ ਨੇ ਪਿੰਡ ਦੀ ਕੋਠੀ, ਹਵੇਲੀ, ਬਾਗ-ਬਗੀਚਾ ਦਾਨ ਵਜੋਂ ਸਾਰਾ ਕੁਝ ਪਿੰਡ ਦੀ ਪੰਚਾਇਤ ਦੀ ਝੋਲੀ ਪਾ ਦਿੱਤਾ। ਹੁਣ ਮਰਹੂਮ ਸ. ਹਰਜਿੰਦਰ ਸਿੰਘ ਦੀ ਯਾਦ ਵਿਚ ਸਾਲ ਵਿਚ ਦੋ ਫੁੱਟਬਾਲ ਟੂਰਨਾਮੈਂਟ ਕਰਵਾਏ ਜਾਂਦੇ ਹਨ। ਇਕ ਪਿੰਡ ਦੇ ਸਾਬਕਾ ਸਰਪੰਚ ਦਵਿੰਦਰ ਸਿੰਘ ਵੱਲੋਂ ਅਤੇ ਦੂਜਾ ਪਿੰਡ ਦੇ ਸਾਬਕਾ ਫੁੱਟਬਾਲ ਖਿਡਾਰੀ ਸਰਦਾਰੀ ਲਾਲ ਦੇ ਗਰਾਈਂ ਤੇ ਦੋਸਤ ਕੈਨੇਡਾ ਵਾਸੀ ਅਜੈਬ ਸਿੰਘ ਵੱਲੋਂ। ਦੋਵੇਂ ਟੂਰਨਾਮੈਂਟ ਪਿੰਡ ਵਾਸੀਆਂ ਅਤੇ ਵਿਦੇਸ਼ੀ ਭਰਾਵਾਂ ਦੇ ਸਹਿਯੋਗ ਨਾਲ ਹੁੰਦੇ ਹਨ।

ਇਲਾਕਾ ਮਾਹਿਲਪੁਰ ਨੇ ਭਾਰਤ ਦੇ ਨਾਮਵਰ ਫੁੱਟਬਾਲ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ 'ਚ ਅਰਜਨ ਐਵਾਰਡੀ ਤੇ ਏਸ਼ੀਅਨ ਸਟਾਰ ਜਰਨੈਲ ਸਿੰਘ ਪਨਾਮ, ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ, ਗੁਰਕ੍ਰਿਪਾਲ ਪਾਲੀ, ਪਰਮਿੰਦਰ ਪਰਮਾਰ, ਸੂਬੇਦਾਰ ਗੁਰਚਰਨ ਸਿੰਘ ਪਰਮਾਰ, ਕੁਲਭੂਸ਼ਨ ਭੂਸ਼ੀ, ਮਨਜੀਤ ਸਿੰਘ, ਕੁਲਤਾਰ ਤਾਰੀ, ਪੱਪੂ ਧਮਾਈ, ਜਰਨੈਲ ਸਿੰਘ ਅਥਲੀਟ ਆਦਿ ਸ਼ਾਮਲ ਹਨ।

ਤਕੜੀ ਗੇਮ ਸਦਕਾ ਸਰਦਾਰੀ ਲਾਲ ਪੰਜਾਬ ਪੁਲਿਸ ਵਿਚ ਭਰਤੀ ਹੋਇਆ। ਇਸ ਵਕਤ ਉਹ ਐਸ.ਐਸ.ਪੀ. ਗੁਰਦਾਸਪੁਰ ਸ. ਗੁਰਪ੍ਰੀਤ ਸਿੰਘ ਤੂਰ (ਆਈ.ਪੀ.ਐਸ.) ਦੇ ਦਫ਼ਤਰ ਵਿਚ ਬਤੌਰ ਸਬ-ਇੰਸਪੈਕਟਰ ਅਕਾਊਂਟੈਂਟ ਸੇਵਾ ਨਿਭਾਈ। ਪਠਾਨਕੋਟ ਤੋਂ ਬਾਅਦ ਦੋ ਸਾਲ ਨਵਾਂ ਸ਼ਹਿਰ ਬਤੌਰ ਇੰਸਪੈਕਟਰ ਲਾਏ ਤੇ 5 ਦਸੰਬਰ 2020 ਨੂੰ ਸੇਵਾ ਮੁਕਤ ਹੋਇਆ।

ਸਰਦਾਰੀ ਲਾਲ ਦੇ ਦੋ ਭਰਾ—ਗਿਰਧਾਰੀ ਲਾਲ ਤੇ ਬਿਹਾਰੀ ਲਾਲ ਤੇ ਇਕ ਭੈਣ ਹੈ। ਗਿਰਧਾਰੀ ਲਾਲ ਬੈਂਕ ਮੈਨੇਜਰ ਦੀ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਬਿਹਾਰੀ ਲਾਲ ਦੀ ਮੌਤ ਹੋ ਚੁੱਕੀ ਹੈ। ਇਕਲੌਤੀ ਭੈਣ ਰਾਮ ਪਿਆਰੀ ਆਪਣੇ ਪਰਿਵਾਰ ਨਾਲ ਸੁਖੀ ਵਸਦੀ ਹੈ।

ਸਰਦਾਰੀ ਲਾਲ ਦੇ ਮਨ ਦੀ ਖਾਹਿਸ਼ ਕੌਮਾਂਤਰੀ ਖਿਡਾਰੀ ਬਣਨ ਦੀ ਸੀ, ਪਰ ਮਜਬੂਰੀਆਂ ਕਰਕੇ ਅਧਵਾਟੇ ਰਹਿ ਗਈ। ਉਹ ਪਤਨੀ ਸੁਸ਼ੀਲ ਕੁਮਾਰੀ ਸਮੇਤ ਨਿਊਯਾਰਕ ਘੁੰਮ ਫਿਰ ਆਇਐ। ਰਿਸ਼ਤੇਦਾਰਾਂ ਪਹਿਲਵਾਨ ਚੈਂਚਲ ਸਿੰਘ (ਚੈਂਚਲ ਅਖਾੜਾ ਫਿਲੌਰ) ਦੇ ਪਹਿਲਵਾਨ ਬੇਟੇ ਕੇਵਲ ਸਿੰਘ ਅਤੇ ਰੇਸ਼ਮ ਰੱਜੋਵਾਲ ਦੇ ਪਿਆਰ ਦਾ ਨਿੱਘ ਆਇਆ। ਸਥਾਨਕ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ ਦੇ ਚੌਥੇ ਖੇਡ ਮੇਲੇ 'ਤੇ ਉਸ ਦਾ ਮਾਣ-ਸਨਮਾਨ ਕੀਤਾ ਗਿਆ।

ਖੇਡ ਮੈਦਾਨਾਂ ਨਾਲ ਜਿਨ੍ਹਾਂ ਪਿਆਰ ਕੀਤਾ,
ਓਹੀਓ ਮੌਜਾਂ ਮਾਣਦੇ ਨੇ।
ਮੀਂਹਾਂ ਝੱਖੜਾਂ 'ਚ ਤਪੱਸਿਆ ਕੀਤੀ ਕਿਵੇਂ,
ਇਹ ਉਹੀ ਜਾਣਦੇ ਨੇ।
ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ,
ਜ਼ਿੰਦਗੀ ਦੇ ਨਜ਼ਾਰੇ ਮਾਣਦੇ ਨੇ।
ਖਿਡਾਰੀਆਂ, ਪਹਿਲਵਾਨਾਂ ਨੂੰ
'ਜੱਬੋਵਾਲੀਆ' ਉੱਚਾ ਚੁੱਕਦਾ ਕਿਵੇਂ,
ਖੇਡ ਲਿਖਤਾਂ ਪੜ੍ਹਨ ਵਾਲੇ ਹੀ ਜਾਣਦੇ ਨੇ।

# ਅਰਜਨ ਐਵਾਰਡੀ ਬਾਡੀ ਬਿਲਡਰ—ਪ੍ਰੇਮ ਚੰਦ ਡੇਗਰਾ

ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ ਨੇ ਭਾਰਤ ਵਿਚ ਹੀ ਨਹੀਂ, ਸਗੋਂ ਦੂਜੇ ਮੁਲਕਾਂ ਵਿਚ ਵੀ ਪਹਿਲੇ ਸਥਾਨ ਪ੍ਰਾਪਤ ਕਰ ਕੇ ਗੋਲਡ ਮੈਡਲ ਜਿੱਤ ਕੇ ਦੇਸ ਦਾ ਨਾਂ ਉੱਚਾ ਕੀਤਾ। ਨੌਂ ਵਾਰ ਨੈਸ਼ਨਲ ਚੈਂਪੀਅਨ ਤੇ ਅੱਠ ਸਾਲ ਏਸ਼ੀਅਨ ਚੈਂਪੀਅਨ ਬਣ ਦੁਨੀਆਂ 'ਚੋਂ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ। 1988 'ਚ ਰਾਸ਼ਟਰਪਤੀ ਵੱਲੋਂ ਅਰਜਨ ਐਵਾਰਡ ਦਿੱਤਾ ਗਿਆ। 1990 'ਚ ਪਦਮ ਸ਼੍ਰੀ ਅਤੇ 1994 'ਚ ਮਹਾਰਾਜਾ ਰਣਜੀਤ ਸਿੰਘ ਸਟੇਟ ਐਵਾਰਡ ਪ੍ਰਾਪਤ ਕੀਤਾ। ਕਈ ਮੁਲਕਾਂ ਵਿਚ ਉਸ ਨੇ —ਮੋਸਟ ਪਰੂਵਡ ਬਾਡੀ ਬਿਲਡਰ ਆਫ ਦਾ ਯੀਅਰ— ਖ਼ਿਤਾਬ ਜਿੱਤ ਕੇ ਭਾਰਤ ਦਾ ਮਾਣ ਵਧਾਇਆ।

ਗ਼ਰੀਬ ਪਰਿਵਾਰ ਵਿਚ ਮਾਤਾ ਰੱਖੋ ਦੇਵੀ ਤੇ ਪਿਤਾ ਬੂਆ ਦਿੱਤਾ ਰਾਮ ਦੇ ਘਰ ਪਿੰਡ ਬੱਬਰੀ ਨੰਗਲ (ਜ਼ਿਲ੍ਹਾ ਗੁਰਦਾਸਪੁਰ) 'ਚ ਪ੍ਰੇਮ ਚੰਦ ਦਾ ਜਨਮ ਹੋਇਆ। ਪ੍ਰੇਮ ਚੰਦ ਨੇ ਮੁੱਢਲੀ ਪੜ੍ਹਾਈ ਪਿੰਡੋਂ ਕੀਤੀ। ਉਹ ਮਸਾਂ ਦਸ-ਗਿਆਰ੍ਹਾਂ ਸਾਲ ਦਾ ਹੀ ਸੀ ਜਦੋਂ ਪਿਤਾ ਦੀ ਮੌਤ ਹੋ ਗਈ। ਬੜੇ ਦੁੱਖਾਂ ਨਾਲ ਮਾਂ ਨੇ ਪਾਲਣ-ਪੋਸ਼ਣ ਕੀਤਾ। ਹਾਇਰ ਸੈਕੰਡਰੀ ਲਈ ਇਲਾਕੇ ਦੇ ਤਿੱਬੜ ਸਕੂਲੇ ਜਾਣਾ ਪਿਆ। ਉਹ ਵੀ ਪਿੰਡਾਂ ਦੀਆਂ ਆਮ ਖੇਡਾਂ— ਕਬੱਡੀ, ਕੁਸ਼ਤੀ, ਫੁੱਟਬਾਲ, ਹਾਕੀ, ਦੌੜਾਂ, ਗੁੱਲੀ-ਡੰਡਾ ਹਾਣੀਆਂ ਨਾਲ ਸਵੇਰੇ-ਸ਼ਾਮ ਖੇਡਦਾ।

ਦਸਵੀਂ 'ਚ ਪੜ੍ਹਦੇ ਖੇਡਾਂ ਵੱਲ ਝੁਕਾਓ ਵੇਖ ਸਕੂਲ ਦੇ ਪੀ. ਟੀ. ਆਈ. ਪ੍ਰੀਤਮ ਸਿੰਘ ਅਤੇ ਲਾਲ ਚੰਦ ਨੇ ਹਾਕੀ ਅਤੇ ਅਥਲੈਟਿਕਸ ਵੱਲ ਪ੍ਰੇਰਿਤ ਕੀਤਾ। ਪ੍ਰੀਤਮ ਸਿੰਘ ਨੂੰ ਕੁਸ਼ਤੀ ਦਾ ਸ਼ੌਕ ਕਰਕੇ ਦੁਪਹਿਰ ਨੂੰ ਅੰਬ ਦੇ ਦਰੱਖਤ ਥੱਲ੍ਹੇ ਦੂਜੇ ਵਿਦਿਆਰਥੀਆਂ ਨਾਲ ਉਹਦੀ ਕੁਸ਼ਤੀ ਕਰਾ ਦੇਣੀ। ਬਹੁਤੀ ਜਾਨ ਕਰਕੇ ਪ੍ਰੇਮ ਨੇ ਵਾਰੋ-ਵਾਰੀ ਸਾਰੇ ਢਾਹੁਣੇ। ਰੋਜ਼ੀ-ਰੋਟੀ ਲਈ ਪ੍ਰੇਮ ਨੇ ਦੁੱਧ ਵੇਚ ਕੇ ਗੁਜ਼ਾਰਾ ਚਲਾਇਆ ਤੇ ਕਈ ਵਾਰ ਮਜ਼ਦੂਰੀ ਵੀ ਕੀਤੀ।

ਚੰਗੀ ਕਾਰਗੁਜ਼ਾਰੀ ਕਰਕੇ 1973 'ਚ ਨੌਸ਼ਹਿਰਾ ਮੱਝਾ ਵਿਖੇ ਜ਼ਿਲ੍ਹਾ ਕੁਸ਼ਤੀਆਂ ਦੀ ਸਿਲੈਕਸ਼ਨ ਵਿਚੋਂ ਚੈਂਪੀਅਨ ਬਣਿਆ। ਨੌਕਰੀ ਦੀ ਭਾਲ ਵਿਚ ਕਦੇ ਆਰਮੀ, ਕਦੇ ਪੰਜਾਬ ਪੁਲਿਸ ਤੇ ਕਦੇ ਕਿਸੇ ਮਹਿਕਮੇ ਵਿਚ ਨੱਠ-ਭੱਜ ਕੀਤੀ ਪਰ ਸਿਫ਼ਾਰਸ਼ ਜਾਂ

ਪੈਸਾ ਨਾ ਹੋਣ ਕਰਕੇ ਉਹਦਾ ਨਾਂ ਵੇਟਿੰਗ ਵਿਚ ਪੈ ਜਾਂਦਾ। ਕਾਫ਼ੀ ਜਦੋਜਹਿਦ ਪਿਛੋਂ 1975 ਵਿਚ ਪੰਜਾਬ ਪੁਲਿਸ ਕਾਂਸਟੇਬਲ ਭਰਤੀ ਹੋ ਗਿਆ। ਕੋਈ ਚਾਰ ਹਜ਼ਾਰ ਨੌਜਵਾਨਾਂ ਵਿਚੋਂ 35 ਮੁੰਡੇ ਚੁਣੇ ਗਏ, ਜਿਨ੍ਹਾਂ ਵਿਚ ਪ੍ਰੇਮ ਚੰਦ ਦਾ ਨਾਂ ਵੀ ਸੀ। 1976 ਵਿਚ ਜਹਾਨ ਖੇਲੀਂ ਇਕ ਸਾਲ ਟਰੇਨਿੰਗ ਕੀਤੀ। 1977 ਵਿਚ ਗੁਰਦਾਸਪੁਰ ਜਾ ਕੇ ਟਰੇਨਿੰਗ ਕੀਤੀ ਤੇ ਪੰਜਾਬ ਪੁਲਿਸ ਦੀਆਂ ਕੁਸ਼ਤੀਆਂ ਵਿਚ ਹਿੱਸਾ ਲਿਆ। ਉਸ ਵੇਲੇ ਜਲੰਧਰ, ਪਟਿਆਲਾ ਤੇ ਫ਼ਿਰੋਜ਼ਪੁਰ— ਬਾਰਡਰ ਰੇਂਜ਼ ਦੇ ਤਿੰਨ ਜ਼ਿਲ੍ਹਾ ਜ਼ੋਨ ਹੁੰਦੇ ਸਨ। ਪੰਜਾਬ ਪੁਲਿਸ ਵੱਲੋਂ ਖੇਡਦਿਆਂ ਵੱਖ ਵੱਖ ਮਹਿਕਮਿਆਂ ਨਾਲ 1980 ਤੱਕ ਕੁਸ਼ਤੀਆਂ ਕੀਤੀਆਂ।

ਕਿਸੇ ਅਖ਼ਬਾਰ ਵਿਚ ਬਾਡੀ ਬਿਲਡਿੰਗ ਮੁਕਾਬਲੇ ਦਾ ਇਸ਼ਤਿਹਾਰ ਪੜ੍ਹ ਉਹ ਜਲੰਧਰ ਦੇ ਦੇਸ ਭਗਤ ਹਾਲ ਵਿਚ ਚਲੇ ਗਿਆ। ਬਾਡੀ ਬਿਲਡਿੰਗ ਦਾ ਕਦੇ ਮੁਕਾਬਲਾ ਨਹੀਂ ਸੀ ਲੜਿਆ, ਪਰ ਮਿਹਨਤ ਕਰ ਕਰ ਸਰੀਰ ਦੇ ਮਸਲ ਬਣਾਏ ਹੋਏ ਸਨ। ਦੂਜੇ ਖਿਡਾਰੀਆਂ ਨੂੰ ਵਾਰਮ-ਅੱਪ ਹੁੰਦੇ ਵੇਖੀ ਗਿਆ। ਮੁਕਾਬਲੇ ’ਤੇ ਜਾਣ ਵੇਲੇ ਸਰੀਰ ’ਤੇ ਚੰਗੀ ਤਰ੍ਹਾਂ ਦੇਸੀ ਤੇਲ ਮਲ਼ ਲਿਆ। ਸਟੇਜ ’ਤੇ ਜਾ ਕੇ ਵੇਖੇ ਸਾਰੇ ਢੰਗ ਵਰਤੇ। ਰਾਮਾ ਪ੍ਰਸ਼ਾਦ ਮੁਕਰਜੀ ਉਸ ਮੁਕਾਬਲੇ ਦੇ ਜੱਜ ਸਨ। ਓਪਨ ਪੰਜਾਬ ਅਤੇ 74 ਕਿਲੋਗ੍ਰਾਮ- ਦੋਨਾਂ ਮੁਕਾਬਲਿਆਂ ਦਾ ਸ਼ਾਮ ਨੂੰ ਜਦੋਂ ਨਤੀਜਾ ਆਇਆ ਤਾਂ ਦੋਨਾਂ ਵਿਚੋਂ ਅੱਵਲ ਪ੍ਰੇਮ ਚੰਦ ਸੀ। ਮਹੀਨੇ ਬਾਅਦ ਦਾਰਜਲਿੰਗ ਸੀਨੀਅਰ ਨੈਸ਼ਨਲ ਮੁਕਾਬਲੇ ਵਿਚੋਂ ਤੀਜੀ ਪੁਜ਼ੀਸ਼ਨ ਲਈ। ਤੀਜੀ ਪੁਜ਼ੀਸ਼ਨ ਨਾਲ ਮਹਿਕਮੇ ਵਿਚ ਤਰੱਕੀ ਹੋਈ ਤੇ ਇਕ ਫੀਤੀ ਹੋਰ ਲੱਗ ਗਈ।

1981 ਵਿਚ ਮਦਰਾਸ ’ਚ ਸੀਨੀਅਰ ਨੈਸ਼ਨਲ ਹੋਈ। ਉਥੇ ਇੰਗਲੈਂਡ ਦਾ ਇੰਦਰ ਸਿੰਘ ਵੀ ਮੁਕਾਬਲੇ ਲਈ ਆਇਆ ਹੋਇਆ ਸੀ, ਜੋ ਬਾਡੀ ਬਿਲਡਿੰਗ ਦੇ ਨਾਲ ਨਾਲ ਭਾਰ ਵੀ ਚੁੱਕਦਾ ਸੀ। ਉਸ ਤੋਂ ਵੀ ਬਹੁਤ ਕੁਝ ਸਿੱਖਿਆ। ਉਸ ਨਾਲ ਹਿੰਦੋਸਤਾਨ ਵਿਚ ਸਾਰੇ ਪਾਸੇ ਗਿਆ।

ਉਸ ਮੁਕਾਬਲੇ ਤੋਂ ਇਕ ਦਿਨ ਪਹਿਲਾਂ ਬਾਡੀ ਬਿਲਡਿੰਗ ਬਾਰੇ ਬਹੁਤਾ ਨਾ ਕੁਝ ਜਾਣਦਾ ਕਰਕੇ ਉਹ ਫਿਕਰਮੰਦ ਹੋ ਗਿਆ ਪਰ ਹੌਸਲਾ ਨਾ ਛੱਡਿਆ। ਸ਼ਾਮ ਨੂੰ ਪ੍ਰੈਕਟਿਸ ਕਰ ਕੇ ਆਇਆ। ਰਾਤ ਨੂੰ ਸੌਣ ਤੋਂ ਪਹਿਲਾਂ ਭਲਕੇ ਵਾਲਾ ਮੁਕਾਬਲਾ ਜਿੱਤਣ ਦੀ ਅਰਦਾਸ ਕੀਤੀ। ਦੂਜੇ ਦਿਨ ਸਟੇਜ ’ਤੇ ਚੜ੍ਹਨ ਤੋਂ ਪਹਿਲਾਂ ਦੱਬ ਕੇ ਬੈਠਕਾਂ ਤੇ ਬੈਂਚ-ਪ੍ਰੈਸਾਂ ਮਾਰੀਆਂ। ਸ਼ਾਮ ਨੂੰ ਨਤੀਜਾ ਆਇਆ ਤਾਂ ਪਹਿਲੇ ਸਥਾਨ ’ਤੇ ਰਹਿ ਕੇ ਗੋਲਡ ਮੈਡਲ ਜਿੱਤਿਆ।

ਮੁਕਾਬਲੇ ਅੱਗੇ ਤੋਂ ਅੱਗੇ ਚਲਦੇ ਗਏ। ਅਗਰਤਲਾ (ਕਲਕੱਤੇ ਕੋਲ) ਤ੍ਰਿਪੁਰਾ ਦੀ ਫਰਵਰੀ 1981 ਦੇ ਜੂਨੀਅਰ ਨੈਸ਼ਨਲ ਵਿਚੋਂ ਚੈਂਪੀਅਨ ਬਣਿਆ ਅਤੇ ਅਗਸਤ

1981 ਦੀ ਮਦਰਾਸ ਸੀਨੀਅਰ ਚੈਂਪੀਅਨਸ਼ਿਪ ਜਿੱਤੀ। ਉਸੇ ਸਾਲ ਹੀ ਗੁਰਦਾਸਪੁਰ ਵਿਚੋਂ —ਮਿਸਟਰ ਪੰਜਾਬ— ਦਾ ਖ਼ਿਤਾਬ ਜਿੱਤਿਆ। 1982 ’ਚ ਇੱਛਾਪੁਰ (ਵੈਸਟ ਬੰਗਾਲ) ਅਤੇ 1983 ’ਚ ਤਾਮਿਲਨਾਡੂ (ਕੁਆਮੇਤੂਰ) ਦਾ ਚੈਂਪੀਅਨ ਬਣਿਆ। ਉਥੋਂ ਹੀ ਏਸ਼ੀਆ ਵਾਸਤੇ ਚੁਣਿਆ ਗਿਆ। 1983 ’ਚ ਕਰਾਚੀ (ਪਾਕਿਸਤਾਨ) ਵਿਚ ਏਸ਼ੀਅਨ ਚੈਂਪੀਅਨ ਬਣਿਆ ਤੇ ਬੈਸਟ-ਪੋਜ਼ਰ ਦਾ ਖ਼ਿਤਾਬ ਵੀ ਉਥੋਂ ਹੀ ਪ੍ਰਾਪਤ ਕੀਤਾ। 1984 ਦਾ ਮਹਾਰਾਸ਼ਟਰ (ਅਕੋਲਾ) ਤੇ ਕੋਰੀਆ ਦਾ ਨੈਸ਼ਨਲ ਚੈਂਪੀਅਨ ਬਣਿਆ।

1983 ’ਚ ਕਰਾਚੀ ਸ਼ਹਿਰ ਏਸ਼ੀਅਨ ਚੈਂਪੀਅਨਸ਼ਿਪ ਲੜਨ ਜਾਣਾ ਸੀ। ਕਾਫ਼ੀ ਨੱਠ-ਭੱਜ ਕਰ ਕੇ ਪਾਕਿਸਤਾਨ ਦਾ ਵੀਜ਼ਾ ਲੁਆਇਆ ਤੇ ਬਹੁਤ ਜਦੋਜਹਿਦ ਨਾਲ ਆਰ. ਬੀ. ਆਈ. ਬੈਂਕ ਤੋਂ ਮੁਸ਼ਕਲ ਨਾਲ 45 ਅਮਰੀਕਨ ਡਾਲਰ ਮਿਲੇ। ਦੌੜ-ਭੱਜ ਕੇ ਲਾਹੌਰ ਨੂੰ ਟਰੇਨ ਫੜਨ ਲੱਗਾ ਤਾਂ ਭਾਰਤੀ ਕਸਟਮ ਵਾਲਿਆਂ ਦੋ-ਢਾਈ ਹਜ਼ਾਰ ਰੁਪਿਆ ਰੱਖ ਲਿਆ। ਮਨ ਬਹੁਤ ਖਰਾਬ ਹੋਇਆ ਕਿਉਂਕਿ ਉਹਦਾ ਜੇਬ ਖਰਚਾ ਸੀ। ਜਦੋਂ ਉਧਰ ਪਹੁੰਚਿਆ ਤਾਂ ਕਸਟਮ ਅਫ਼ਸਰ ਨੇ ਪ੍ਰੇਮ ਨੂੰ ਪਹਿਚਾਣ ਲਿਆ। ਉਹਨੇ ਚਾਹ-ਪਾਣੀ ਦੀ ਸੇਵਾ ਪੁੱਛੀ ਤੇ ਹੋਰ ਅਫ਼ਸਰਾਂ ਨੂੰ ਕਹਿ ਦਿੱਤਾ ਕਿ ਇਹ ਮੇਰਾ ਖਾਸ ਮਹਿਮਾਨ ਹੈ, ਇਹਦਾ ਖਾਸ ਖ਼ਿਆਲ ਰੱਖਣਾ ਹੈ। ਪ੍ਰੇਮ ਨੇ ਉਨ੍ਹਾਂ ਨੂੰ ਪੈਸਿਆਂ ਬਾਰੇ ਦੱਸਿਆ ਕਿ ਉਹਦੇ ਪੈਸੇ ਭਾਰਤੀ ਕਸਟਮ ਵਾਲਿਆਂ ਰੱਖ ਲਏ ਹਨ। ਉਹਦੇ ਕੋਲ ਸਿਰਫ਼ ਇਹ 45 ਡਾਲਰ ਹਨ। ਉਥੇ ਜਦ 45 ਡਾਲਰ ਤੁੜਾਏ ਤਾਂ 500 ਰੁਪਿਆ ਮਿਲਿਆ। ਉਥੋਂ ਜਾਣ ਲਈ ਚਾਰ ਪਹੀਆਂ ਵਾਲੀ ਬੱਘੀ ਨੂੰ ਪੁੱਛਿਆ ਤਾਂ ਉਹ 30 ਰੁਪਏ ਇਕ ਜਣੇ ਦੇ ਮੰਗ ਰਹੇ ਸਨ। ਉਹ ਦੋ ਜਣੇ ਸਨ। 60 ਰੁਪਏ ਤਾਂ ਇਸ ਤਰ੍ਹਾਂ ਹੀ ਲੱਗ ਜਾਣੇ ਸਨ। ਕਿਸੇ ਕੋਲੋਂ ਪੁੱਛ ਪੁਛਾ ਕੇ ਇਕ-ਇਕ ਰੁਪਿਆ ਦੇ ਕੇ ਬੱਸ ਰਾਹੀਂ ਚੈਂਪੀਅਨਸ਼ਿਪ ਵਾਲੀ ਜਗ੍ਹਾ ’ਤੇ ਪਹੁੰਚ ਗਏ। ਜਦੋਂ ਉਹ ਸਟੇਜ ’ਤੇ ਸਰੀਰ ਦੇ ਅੰਗਾਂ ਦੇ ਕਰਤੱਬ ਦਿਖਾਣ ਲੱਗਾ ਤਾਂ ਪਾਕਿਸਤਾਨੀਆਂ ਨੇ ਹਿੰਦੋਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਹਨੂੰ ਬੜਾ ਮਾਣ ਮਹਿਸੂਸ ਹੋਇਆ। ਉਸ ਚੈਂਪੀਅਨਸ਼ਿਪ ਵਿਚ ਜਪਾਨ, ਕੋਰੀਆ, ਮਲੇਸ਼ੀਆ, ਈਰਾਨ, ਇਰਾਕ ਆਦਿ ਮੁਲਕਾਂ ਦੇ ਖਿਡਾਰੀ ਪਹੁੰਚੇ ਹੋਏ ਸਨ। ਬੜੇ ਦਮ ਨਾਲ ਉਹਨੇ ਏਸ਼ੀਅਨ ਚੈਂਪੀਅਨਸ਼ਿਪ ਜਿੱਤ ਕੇ ਭਾਰਤ ਦੇ ਮਾਣ ਨੂੰ ਚਾਰ ਚੰਨ ਲਾਏ।

ਪ੍ਰੇਮ ਚੰਦ ਦੇ ਦੱਸਣ ਅਨੁਸਾਰ ਬਾਡੀ ਬਿਲਡਿੰਗ ਵਾਸਤੇ ਕੇਂਦਰ ਸਰਕਾਰ ਦੀ ਤਰਫੋਂ ਕੋਈ ਸਹੂਲਤ ਨਹੀਂ ਸੀ। ਇਸ ਵਾਸਤੇ ਉਹਨੇ ਸਰਕਾਰ ਨੂੰ ਇਕ ਵਾਰ ਚਿੱਠੀ ਵੀ ਲਿਖੀ ਸੀ। ਜਦੋਂ ਮੁਕਾਬਲਿਆਂ ਲਈ ਜਾਣਾ ਹੁੰਦਾ ਤਾਂ ਸਾਰਾ ਖਰਚਾ ਖ਼ੁਦ ਕਰਨਾ ਪੈਂਦਾ। ਆਈ. ਐਨ. ਐਸ. ਪਟਿਆਲੇ ਜਾ ਕੇ ਸਾਰਾ ਖਰਚਾ ਆਪ ਕੀਤਾ। ਹੋਰ ਖੇਡਾਂ

ਲਈ ਸਾਰੀਆਂ ਸਹੂਲਤਾਂ ਪ੍ਰਦਾਨ ਸਨ। ਖਿਡਾਰੀਆਂ ਲਈ ਰਿਹਾਇਸ਼ ਤੇ ਖਾਣਾ ਫ਼ਰੀ ਸੀ, ਪਰ ਬਾਡੀ ਬਿਲਡਿੰਗ ਵਾਸਤੇ ਕੋਈ ਸਹੂਲਤ ਨਹੀਂ ਸੀ। ਉਹਨੂੰ 75 ਰੁਪਏ ਖਾਣੇ ਦੇ ਅਤੇ ਰਹਿਣ ਦੇ 15 ਰੁਪਏ ਰੋਜ਼ਾਨਾ ਆਪਣੀ ਜੇਬ ਵਿਚੋਂ ਦੇਣੇ ਪੈਂਦੇ ਸਨ। ਪਿਛੋਂ ਜਦੋਂ ਉਸ ਦਾ ਚੰਗਾ ਨਾਂ ਹੋ ਗਿਆ ਤਾਂ ਥੋੜ੍ਹੀ-ਬਹੁਤੀ ਸਹਾਇਤਾ ਮਿਲਣ ਲੱਗੀ।

1984 ਵਿਚ ਲਾਸ ਵੇਗਸ (ਅਮਰੀਕਾ) ਵਰਲਡ ਚੈਂਪੀਅਨਸ਼ਿਪ ਵਿਚੋਂ 14ਵੀਂ ਪੁਜ਼ੀਸ਼ਨ ਆਈ। ਉਸ ਮੁਕਾਬਲੇ ਵਿਚ ਕੋਈ 65 ਮੁਲਕਾਂ ਦੇ ਖਿਡਾਰੀ ਹਿੱਸਾ ਲੈ ਰਹੇ ਸਨ। 1985 ਵਿਚ ਰਾਜਾ ਮੁੰਦਰੀ (ਆਂਧਰਾ ਪ੍ਰਦੇਸ਼) ਦਾ ਚੈਂਪੀਅਨ ਬਣਿਆ। ਇਸੇ ਸਾਲ ਸਵੀਡਨ ਵਰਲਡ ਚੈਂਪੀਅਨਸ਼ਿਪ ਵਿਚੋਂ ਚੌਥੀ ਪੁਜ਼ੀਸ਼ਨ ਆਈ ਅਤੇ ਇਸੇ ਸਾਲ ਹੀ ਸ੍ਰੀਲੰਕਾ (ਕੋਲੰਬੋ) ਵਿਚ ਏਸ਼ੀਅਨ ਚੈਂਪੀਅਨ ਬਣਿਆ। ਉਸੇ ਸਾਲ ਉਹ ਬੇਹਤਰੀਨ ਬਾਡੀ ਬਿਲਡਰ ਦੇ ਖ਼ਿਤਾਬ ਨਾਲ ਨਿਵਾਜ਼ਿਆ ਗਿਆ। 1985 ਸਵੀਡਨ (ਗੌਤਨਵਰਗ) ਚੌਥੀ ਪੁਜ਼ੀਸ਼ਨ, 1986 ’ਚ ਟੋਕੀਓ ’ਚੋਂ ਸਿਲਵਰ ਅਤੇ 1987 ’ਚ ਮੈਡਰਿਕ (ਸਪੇਨ) ਵਿਚ ਵਰਲਡ ਚੈਂਪੀਅਨ ਵਿਚੋਂ ਚੌਥੀ ਪੁਜ਼ੀਸ਼ਨ ਮਾਰੀ।

1986 ਵਿਚ ਮਦਰਾਸ ਨੈਸ਼ਨਲ ਚੈਂਪੀਅਨ ਬਣਿਆ। ਏਸ਼ੀਆ ਮੁਕਾਬਲੇ ਵਿਚ ਤਾਇਵਾਨ ਚੈਂਪੀਅਨ ਬਣਿਆ। ਉਸ ਦੱਸਿਆ ਕਿ ਵਰਲਡ ਟੋਕੀਓ-ਜਪਾਨ ਵਿਚੋਂ ਈਰਖਾ ਨਾਲ ਉਹਨੂੰ ਦੂਜੀ ਪੁਜ਼ੀਸ਼ਨ ਦਿੱਤੀ ਗਈ। ਕਾਰਨ ਇਹ ਸੀ ਕਿ ਉਥੇ ਹੋਰ ਮੁਲਕਾਂ ਦੇ ਕੋਚ ਅਤੇ ਕਮੇਟੀ ਮੈਂਬਰ ਪਹੁੰਚੇ ਹੋਏ ਸਨ। ਸਾਰੇ ਉਸ (ਪ੍ਰੇਮ ਚੰਦ) ਨੂੰ ਆਪਣੇ ਆਪਣੇ ਮੁਲਕ ਵੱਲ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਉਹਨੇ ਕਿਸੇ ਦੀ ਪਰਵਾਹ ਨਾ ਕੀਤੀ ਤੇ ਕਿਹਾ— ਮੈਂ ਇਕ ਹਿੰਦੋਸਤਾਨੀ ਹਾਂ ਤੇ ਹਮੇਸ਼ਾ ਹਿੰਦੋਸਤਾਨ ਲਈ ਮੁਕਾਬਲੇ ਲੜਾਂਗਾ।

ਪ੍ਰੇਮ ਚੰਦ 1986 ਵਿਚ ਨਿਰਮਲ ਡੋਗਰਾ ਨਾਲ ਵਿਆਹ ਬੰਧਨ ਵਿਚ ਬੰਨ੍ਹਿਆ ਗਿਆ। 1987 ਵਿਚ ਇੰਦੌਰ ਦੇ ਨੈਸ਼ਨਲ ਚੈਂਪੀਅਨ ਵਿਚੋਂ ਪਹਿਲੀ ਪੁਜ਼ੀਸ਼ਨ ਤੇ ਮਲੇਸ਼ੀਆ (ਮੁਲਾਕਾ) ਦਾ ਏਸ਼ੀਅਨ ਚੈਂਪੀਅਨ ਬਣਿਆ। ਉਸੇ ਸਾਲ ਹੀ ਮੈਡਰਿਡ (ਸਪੇਨ) ਦੇ ਵਰਲਡ ਮੁਕਾਬਲੇ ’ਚੋਂ ਚੌਥੀ ਪੁਜ਼ੀਸ਼ਨ ਮਾਰੀ। 1988 ’ਚ ਅਹਿਮਦਾਬਾਦ ਨੈਸ਼ਨਲ ਚੈਂਪੀਅਨ ਵਿਚ ਹਿੱਸਾ ਲਿਆ। ਉਸੇ ਸਾਲ ਹੀ ਸਿੰਘਾਪੁਰ ਏਸ਼ੀਅਨ ਚੈਂਪੀਅਨਸ਼ਿਪ ਵਿਚ ਗੈਸਟ ਦੇ ਤੌਰ ’ਤੇ ਹਿੱਸਾ ਲਿਆ। 1988 ਵਿਚ ਹੀ ਆਸਟ੍ਰੇਲੀਆ ਦੇ ਕੁਈਨਜ਼ਲੈਂਡ ਸ਼ਹਿਰ ਦੇ ਵਰਲਡ ਚੈਂਪੀਅਨ ਮੁਕਾਬਲੇ ’ਚੋਂ ਪਹਿਲਾ ਸਥਾਨ ਲਿਆ ਤੇ ਭਾਰਤ ਵਾਸਤੇ ਸੋਨੇ ਦਾ ਤਮਗ਼ਾ ਜਿੱਤਿਆ। 1988 ’ਚ ਵਰਲਡ ਚੈਂਪੀਅਨਸ਼ਿਪ ਜਿੱਤਣ ’ਤੇ ਟਾਟਾ ਗਰੁੱਪ ਨੇ ਇਕ ਲੱਖ ਰੁਪਏ ਦਾ ਇਨਾਮ ਦਿੱਤਾ। 1986 ਵਿਚ ਵੀ ਟਾਟਾ ਨੇ ਪ੍ਰੇਮ ਚੰਦ ਨੂੰ —ਬੈਸਟ ਸਪੋਰਟਸਮੈਨ— ਐਲਾਨਿਆ ਸੀ।

1989 ਮਦਰਾਸ ਨੈਸ਼ਨਲ ਚੈਂਪੀਅਨਸ਼ਿਪ ਦੀ ਪ੍ਰੋਫ਼ੈਸ਼ਨਲ ਡਵੀਜ਼ਨ ਵਿਚ ਹਿੱਸਾ ਲਿਆ ਅਤੇ ਉਸੇ ਸਾਲ ਦਾ ਇਟਲੀ ਮੁਕਾਬਲੇ ਦਾ ਰਨਰ-ਅੱਪ ਆਇਆ।

1990 'ਚ ਪ੍ਰੋ-ਏਸ਼ੀਆ ਮੁਕਾਬਲੇ ਵਿਚ ਪ੍ਰੋਫੈਸ਼ਨਲ ਅਤੇ ਪ੍ਰੋ-ਐਮ ਦੀਆਂ ਪਹਿਲੀਆਂ ਪੁਜ਼ੀਸ਼ਨਾਂ ਲੈ ਏਸ਼ੀਆ ਦਾ ਟਾਈਟਲ ਜਿੱਤਿਆ ਅਤੇ ਦੋ ਹਜ਼ਾਰ ਅਮਰੀਕਨ ਡਾਲਰ ਝੋਲੀ ਪੁਆਇਆ। 1990 'ਚ ਸਿੰਘਾਪੁਰ ਪ੍ਰੋ-ਐਮ ਕੰਪੀਟੀਸ਼ਨ ਲੜਿਆ ਤੇ ਚੈਂਪੀਅਨ ਬਣਿਆ। ਉਸੇ ਸਾਲ ਕੇਂਦਰ ਸਰਕਾਰ ਨੇ 5 ਲੱਖ ਰੁਪਿਆ ਇਨਾਮ ਵਜੋਂ ਦਿੱਤਾ ਜੋ 1986 'ਚ ਉਲੰਪਿਕ ਗੋਲਡ ਮੈਡਲ ਜਿੱਤਣ ਵਾਲਿਆਂ ਲਈ ਸਰਕਾਰ ਵੱਲੋਂ ਐਲਾਨਿਆ ਗਿਆ ਸੀ। ਉਸ ਨੂੰ ਝੋਰਾ ਹੈ ਕਿ ਸਰਕਾਰ ਨੇ ਕਈ ਮਾਣ-ਸਨਮਾਨ ਤਾਂ ਐਲਾਨ ਕੇ ਵੀ ਨਾ ਦਿੱਤੇ।

ਪ੍ਰੇਮ ਚੰਦ ਨੇ ਇਹ ਵਾਰਤਾ ਸਾਂਝੀ ਕੀਤੀ ਕਿ 1993 'ਚ ਜਲੰਧਰ ਦੂਰਦਰਸ਼ਨ ਨੇ ਨਵੇਂ ਸਾਲ 'ਤੇ ਸਕਿਟ ਪੇਸ਼ ਕਰਨੀ ਸੀ। ਬਲਵਿੰਦਰ ਵਿੱਕੀ (ਚਾਚਾ ਰੌਣਕੀ ਰਾਮ) ਉਚੇਚੇ ਤੌਰ 'ਤੇ ਉਹਨੂੰ ਲੈ ਕੇ ਗਿਆ। ਚੁੱਕਣ ਵਾਸਤੇ ਸਟੇਜ 'ਤੇ ਭਾਰ ਲਿਆ ਰੱਖਿਆ। ਪ੍ਰੇਮ ਤੋਂ ਨਹੀਂ ਚੁੱਕ ਹੋਇਆ, ਜਿਸ ਤਰ੍ਹਾਂ ਉਨ੍ਹਾਂ ਪਹਿਲਾਂ ਹੀ ਉਹਨੂੰ ਸਮਝਾਇਆ ਹੋਇਆ ਸੀ। ਤੇ ਜੋਕਰ ਆ ਕੇ ਕੱਛ 'ਚ ਲੈ ਕੇ ਤੁਰ ਪਿਆ ਕਿਉਂਕਿ ਉਹ ਭਾਰ ਪਲਾਸਟਿਕ ਦਾ ਸੀ। ਲੋਕਾਂ ਦੇ ਮਨੋਰੰਜਨ ਕਰਨ ਲਈ ਇਹ ਕੀਤਾ ਸੀ। ਪਰ ਬਾਅਦ ਵਿਚ ਦੂਰਦਰਸ਼ਨ ਵਾਲਿਆਂ ਇਸ ਨੂੰ ਪ੍ਰੇਮ ਦੀ ਬੇਇਜ਼ਤੀ ਮਹਿਸੂਸ ਕਰਦੇ ਉਸ (ਪ੍ਰੇਮ ਚੰਦ) ਤੋਂ ਮੁਆਫ਼ੀ ਮੰਗੀ।

1992 ਤੋਂ 1995 ਚਾਰ ਸਾਲ ਉਹਨੇ ਮਿਹਨਤ ਨਾ ਕੀਤੀ ਤੇ ਮੁਕਾਬਲਿਆਂ 'ਚ ਭਾਗ ਲੈਣਾ ਛੱਡ ਦਿੱਤਾ। ਸਰਕਾਰ ਵੱਲੋਂ ਹੋਸਟ ਕੀਤੇ ਜਾਣ 'ਤੇ ਫ਼ੈਡਰੇਸ਼ਨ ਦੇ ਪ੍ਰਬੰਧਕੀ ਢਾਂਚੇ ਵਿਚ ਬਿਰਾਜਮਾਨ ਹੋ ਗਿਆ। 1996 'ਚ ਭਾਰਤੀ ਬਾਡੀ ਬਿਲਡਿੰਗ ਦੀ ਚੈਂਪੀਅਨਸ਼ਿਪ ਦਿੱਲੀ ਹੋਣੀ ਸੀ। ਮੁਕਾਬਲਾ ਲੜਨ ਲਈ ਕੋਈ ਬਾਡੀ ਬਿਲਡਰ ਦਿਸ ਨਹੀਂ ਸੀ ਰਿਹਾ। ਅਫਸਰਾਂ ਨੇ ਧੱਕੇ ਨਾਲ ਫਿਰ ਉਹਨੂੰ ਤਿਆਰ ਕੀਤਾ। ਪ੍ਰੇਮ ਨੇ ਤਿੰਨ ਮਹੀਨੇ ਫਿਰ ਤੋਂ ਤਿਆਰੀ ਕੀਤੀ ਤੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਪ੍ਰੇਮ ਚੰਦ ਨੇ ਸਿਹਤ ਦਾ ਖਿਆਲ ਰੱਖਦਿਆਂ ਕੁਦਰਤੀ ਖ਼ੁਰਾਕ ਖਾਧੀ। ਕਾਲੇ ਛੋਲੇ, ਮੂੰਗੀ, ਕਣਕ, ਮੱਕੀ, ਰਾਜਮਾਂਹ ਵਗੈਰਾ ਭਿਓਂ ਕੇ ਰੱਖ ਦੇਣੇ। ਜਦੋਂ ਉਹ ਪੁੰਗਰਨ ਲੱਗਣੇ ਤਾਂ ਖਾਣੇ। ਕਾਲੇ ਛੋਲਿਆਂ ਦੀ ਤਰੀ ਜਾਂ ਦੇਸੀ ਘਿਓ ਦਾ ਤੁੜਕਾ ਲਾ ਕੇ ਖਾਣੇ। ਜ਼ਿਆਦਾਤਰ ਉਹਨੇ ਬਦਾਮਾਂ ਦੀ ਸ਼ਰਦਾਈ ਵਿਚ ਮਿਸ਼ਰੀ ਜਾਂ ਖਸਖਸ ਰਗੜ ਕੇ ਪੀਤੀ। ਮੀਟ ਤਾਂ ਉਹ 1983 'ਚ ਖਾਣ ਲੱਗਾ, ਕਿਤੇ-ਕਿਤੇ। ਬਾਜ਼ਾਰੂ ਖ਼ੁਰਾਕ ਜਾਂ ਮਿਕਸ ਪਾਊਡਰ (ਪ੍ਰੋਟੀਨ ਵਗੈਰਾ) ਤੋਂ ਹਮੇਸ਼ਾ ਦੂਰ ਰਿਹਾ। ਉਹਦੇ ਦੱਸਣ ਅਨੁਸਾਰ

ਬਦਾਮਾਂ ਦੀ ਸ਼ਰਦਾਈ ਬਹੁਤ ਤਾਕਤਵਰ ਹੁੰਦੀ ਹੈ। ਕਈ ਖਿਡਾਰੀ ਸੁੱਕੇ ਬਦਾਮਾਂ ਦੇ ਐਵੇਂ ਫੱਕੇ ਮਾਰਦੇ ਰਹਿੰਦੇ ਹਨ। ਉਨ੍ਹਾਂ ਦਾ ਕੋਈ ਫਾਇਦਾ ਨਹੀਂ। ਸ਼ਿਕੰਜਵੀ ਗਰਮੀਆਂ ਵਿਚ ਬਹੁਤ ਲਾਹੇਵੰਦ ਹੈ। ਵਿਆਹ ਤੋਂ ਪਹਿਲਾਂ ਸਾਰੀ ਖ਼ੁਰਾਕ ਉਹ ਆਪ ਤਿਆਰ ਕਰਦਾ ਸੀ। ਵਿਆਹ ਤੋਂ ਬਾਅਦ ਉਹਦੇ ਘਰਵਾਲੀ ਤਿਆਰ ਕਰ ਕੇ ਦੇਣ ਲੱਗੀ।

ਮਹਾਰਾਸ਼ਟਰ ਦੇ ਸ਼ਿਆਦਰੀ ਸ਼੍ਰੀ ਵਿਚ ਓਵਰ-ਆਲ ਚੈਂਪੀਅਨ ਬਣਨ ’ਤੇ 50 ਹਜ਼ਾਰ ਨਕਦ, ਟੀ. ਵੀ., ਫ਼ਰਿਜ ਅਤੇ ਘਰ ਦੇ ਹੋਰ ਸਮਾਨ ਦਾ ਟਰੱਕ ਇਨਾਮ ਵਜੋਂ ਮਿਲਿਆ। ਬੰਬਈ ਹਿੱਸਾ ਲਿਆ ਤੇ ਇੰਡੀਆ ਦਾ ਨੈਸ਼ਨਲ ਜਿੱਤਿਆ। ਦਿੱਲੀ ਏਸ਼ੀਅਨ ਚੈਂਪੀਅਨ ਮੁਕਾਬਲੇ ਵਿਚੋਂ ਏਸ਼ੀਆ ਦਾ ਅੱਠਵਾਂ ਗੋਲਡ ਮੈਡਲ ਜਿੱਤਿਆ।

1975 ਤੋਂ 1984 ਤੱਕ ਪੰਜਾਬ ਪੁਲਿਸ ਦੀ ਨੌਕਰੀ ਕੀਤੀ। 1984 ’ਚ ਅਸਤੀਫਾ ਦੇ ਦਿੱਤਾ। ਸਿਰਫ਼ 1100 ਰੁਪਏ ਤਨਖਾਹ ਮਿਲਦੀ ਸੀ। 1984 ’ਚ ਹੀ ਟਾਟਾ ਕੰਪਨੀ—ਜਮਸ਼ੇਦਪੁਰ ਜਾ ਕੇ ਨੌਕਰੀ ਲੈ ਲਈ ਤੇ ਉਨ੍ਹਾਂ 5 ਹਜ਼ਾਰ ਰੁਪਏ ਮਹੀਨਾ ਤਨਖਾਹ ਲਾ ਦਿੱਤੀ। 100 ਰੁਪਏ ਰੋਜ਼ਾਨਾ ਖ਼ੁਰਾਕ। ਹਫ਼ਤੇ ਬਾਅਦ ਬੰਬੇ ਚਲਾ ਗਿਆ। ਟੈਕਸੀ ਦਾ ਕਿਰਾਇਆ, ਖਾਣ-ਪੀਣ ਤੇ ਰਿਹਾਇਸ਼ ਮੁਫ਼ਤ। 1984 ਤੋਂ 1990 ਤੱਕ ਉਹ ਉਥੇ ਰਿਹਾ। ਫਿਰ ਸਮੀਰ ਥਾਪਰ ਜੇ. ਸੀ. ਟੀ. ਫਗਵਾੜੇ ਲੈ ਗਿਆ। ਜੇ. ਸੀ. ਟੀ. ਵੱਲੋਂ ਏਸ਼ੀਆ, ਪੀ. ਆਰ. ਓ., ਪੰਜਾਬ ਪੁਲਿਸ ਦੇ ਤਿੰਨ ਮੁਕਾਬਲੇ ਲੜੇ। 1990 ਤੋਂ 2001 ਤੱਕ ਉਥੇ ਰਿਹਾ। 1996 ਵਿਚ ਹੁਸ਼ਿਆਰਪੁਰ ਜਗ੍ਹਾ ਮੁੱਲ ਲੈ ਲਈ ਤੇ ਉਥੇ ਜਿਮ ਬਣਾ ਕੇ ਉਠਦੇ ਨੌਜਵਾਨਾਂ ਨੂੰ ਟਰੇਨਿੰਗ ਦੇਣ ਲੱਗਾ। ਦੋ ਬੇਟੇ— ਹਰਨੇਲ ਡੇਗਰਾ ਤੇ ਸੁਰਨੀਲ ਡੇਗਰਾ। ਜਿਮ ਵੱਡਾ ਕਰਕੇ ਦੋਵੇਂ ਬੇਟੇ ਜਿਮ ਵਿਚ ਉਹਦੀ ਸਹਾਇਤਾ ਕਰਦੇ ਹਨ। ਜ਼ਿੰਦਗੀ ਦੀਆਂ ਪ੍ਰਾਪਤੀਆਂ ਤੋਂ ਖ਼ੁਸ਼ ਪ੍ਰੇਮ ਚੰਦ ਆਪਣੇ ਪਰਿਵਾਰ ਨਾਲ ਵਧੀਆ ਜ਼ਿੰਦਗੀ ਬਸਰ ਕਰ ਰਿਹਾ ਹੈ। ਉਹ ਦੱਸਦਾ ਹੈ ਕਿ ਉਹਨੂੰ ਜੀਵਨ ਸਾਥਣ ਦਾ ਬੜਾ ਸਾਥ ਰਿਹਾ ਹੈ। ਉਹ ਹਮੇਸ਼ਾ ਜਿਮ ਅਤੇ ਘਰੇਲੂ ਕੰਮਾਂ-ਕਾਰਾਂ ਵਿਚ ਰੁੱਝਿਆ ਰਹਿੰਦਾ ਹੈ। ਜ਼ਿੰਦਗੀ ਵਿਚ ਯਾਰ-ਦੋਸਤ ਵੀ ਬਹੁਤ ਘੱਟ ਬਣਾਏ ਹਨ। ਖਾਸ ਦੋਸਤਾਂ ਵਿਚੋਂ ਪੰਜਾਬੀ ਲੇਖਕ ਬਲਬੀਰ ਮਾਧੋਪੁਰੀ ਨਾਲ ਕਾਫ਼ੀ ਸਾਂਝ ਤੇ ਪਿਆਰ-ਮੁਹੱਬਤ ਹੈ।

ਪ੍ਰੇਮ ਚੰਦ ਨੂੰ ਥੋੜ੍ਹਾ ਗ਼ਿਲਾ ਵੀ ਹੈ ਕਿ ਪੰਜਾਬ ਸਰਕਾਰ ਖਿਡਾਰੀਆਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੰਦੀ, ਜਿਵੇਂ ਬਾਹਰਲੇ ਮੁਲਕਾਂ ਵਿਚ ਹੈ। ਨੌਜਵਾਨਾਂ ਨੂੰ ਉਸ ਦਾ ਸੁਨੇਹਾ ਹੈ ਕਿ ਉਹ ਖੇਡਾਂ ਨਾਲ ਜੁੜਨ, ਨਸ਼ਿਆਂ ਤੋਂ ਬਚਣ ਅਤੇ ਪੌਸ਼ਟਿਕ ਖ਼ੁਰਾਕ ਖਾਣ।

## ''ਖੇਡ ਮੈਦਾਨਾਂ 'ਚ ਕਦੇ ਜੋਤਾ-ਜੋਤਾ ਹੁੰਦੀ ਸੀ''
## ਕਬੱਡੀ ਖਿਡਾਰੀ—ਜੋਤਾ ਸਭਰਾਵਾਂ

ਜੁਆਨ ਜੋਤੇ ਨੇ ਸੰਨ 1960-61 'ਚ ਕਬੱਡੀ ਖੇਡਣੀ ਸ਼ੁਰੂ ਕੀਤੀ। ਮੱਝਾਂ ਚਾਰਦੇ ਮਗਰ ਭੱਜਦਿਆਂ, ਪਾਣੀ 'ਚ ਤਰਦਿਆਂ ਹਰ ਵਕਤ ਕਬੱਡੀ ਦਾ ਭੂਤ ਸਵਾਰ ਰਹਿੰਦਾ। ਗੁਆਂਢੀ ਪਿੰਡਾਂ ਦੇ ਮਹਿੰਦਰ ਮੰਮਣਕੇ ਦੇ ਬਾਬਾ ਸਾਧ ਦੀ ਕਬੱਡੀ ਦਾ ਜੋਤਾ ਕਾਇਲ ਸੀ। ਸ਼ੁਰੂ ਵਿਚ ਜੋਤੇ ਨੇ ਢੇਰੀ, ਝਾਕਾ, ਪੰਜਾਬ ਸਟਾਇਲ, 'ਕੱਲੇ ਨੂੰ 'ਕੱਲਾ ਪੈਣਾ। ਢੇਰੀ (ਚਪੇੜਾਂ ਮਾਰਨ ਵਾਲੀ) ਦੀ ਕਬੱਡੀ ਸਿਰਫ ਪੱਟੀ ਇਲਾਕੇ ਵਿਚ ਚਲਦੀ ਸੀ। ਪੰਜਾਬ ਸਟਾਇਲ ਵਿਚ ਵੀ ਜ਼ਬਰਦਸਤ ਖੇਡਦਾ, ਦੋਵੇਂ ਪਾਸੇ ਚਲਦਾ। ਜੇ ਰੇਡਰ ਤਕੜਾ ਹੋਵੇ ਤਾਂ ਜਾਫੀ ਖੜ੍ਹ ਜਾਂਦਾ, ਅਗਰ ਜਾਫੀ ਤਕੜਾ ਹੋਵੇ ਤਾਂ ਸਾਹ ਪਾਉਣ ਲੱਗਦਾ।

ਬਾਈ ਸਾਲ ਲਗਾਤਾਰ ਕਬੱਡੀ ਖੇਡੀ ਤੇ ਇਲਾਕੇ 'ਚ ਜੋਤੇ ਨਾਂ ਦੀ ਧੁੰਮ ਮਚਾਈ। ਸੰਨ 65 'ਚ ਉਹਦੇ ਸੱਟ ਲੱਗ ਗਈ ਸੀ। ਉਦੋਂ ਕਪੂਰਥਲਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਕਬੱਡੀ ਦੇ ਮੰਨੇ-ਪ੍ਰਮੰਨੇ ਜ਼ਿਲ੍ਹੇ ਸਨ। ਲਗਾਤਾਰ 16-17 ਸਾਲ ਬਲਾਕਾਂ ਦੇ ਮੈਚ ਜਿੱਤੇ। ਰਈਏ, ਬਾਬਾ ਬਕਾਲਾ ਬੜੇ ਮੈਚ ਖੇਡੇ। ਉਨ੍ਹਾਂ ਸਮਿਆਂ 'ਚ ਟਰਾਫੀ ਦੇ ਦਿੱਤੀ ਜਾਂਦੀ, ਨਕਦ ਇਨਾਮ ਦੇਣ ਦਾ ਰਿਵਾਜ਼ ਨਹੀਂ ਸੀ ਹੁੰਦਾ। ਕਦੇ ਕਦਾਈਂ ਦਰਸ਼ਕ ਇਕ-ਇਕ, ਦੋ-ਦੋ ਰੁਪਏ ਮਾਣ ਨਾਲ ਦੇ ਦਿੰਦੇ। ਪੰਚਾਇਤਾਂ ਥੋੜ੍ਹਾ ਬਹੁਤ ਖਰਚਾ-ਪਾਣੀ ਦੇ ਦਿੰਦੀਆਂ, ਜਿਸ ਨਾਲ ਕਿਰਾਇਆ-ਭਾੜਾ ਪੂਰਾ ਹੋ ਜਾਂਦਾ। ਖਿਡਾਰੀਆਂ ਦੇ ਹਿੱਸੇ ਦੋ-ਦੋ ਰੁਪਏ ਆ ਜਾਂਦੇ।

ਪੰਜ ਸਾਲ ਮਾਝੇ ਇਲਾਕੇ 'ਚ ਖੇਡਿਆ। ਉਹਦੇ ਮੈਚ ਵੇਖਣ ਲਈ ਦੂਰੋਂ-ਦੂਰੋਂ ਲੋਕ ਆਉਂਦੇ। ਤਲਵੰਡੀ ਸਾਬੋ ਵਾਲੇ ਇਕ ਵਾਰ ਖੇਡਣ ਲਈ ਰਾਤੋ-ਰਾਤ ਲੈ ਗਏ। ਸਵੇਰੇ ਉਠਦਿਆਂ ਲੋਕਾਂ ਨੂੰ ਪਤਾ ਲੱਗਾ ਤਾਂ ਸਾਰੇ ਪਾਸੇ 'ਜੋਤਾ ਆ ਗਿਆ, ਜੋਤਾ ਆ ਗਿਆ' ਹੋ ਗਈ। ਮੈਚ ਵੇਖਣ ਲਈ ਲੋਕ ਉਤਾਵਲੇ ਹੁੰਦੇ। ਇਕ ਵਾਰ ਫਿਰੋਜ਼ਪੁਰ ਨੂੰ ਜਿੱਤ ਕੇ ਸਿੱਧਾ ਫਾਈਨਲ ਵਿਚ ਜਾ ਪਹੁੰਚੇ। ਪੰਚਾਇਤਾਂ ਖੁਸ਼ ਹੋ ਕੇ ਸੌ-ਪੰਜਾਹ ਦੇ

ਦਿੰਦੀਆਂ ਤਾਂ ਮੁੱਕਦੇ ਨਹੀਂ ਸਨ। ਪੰਜ ਰੁਪਏ ਕਿੱਲੋ ਘਿਉ ਹੁੰਦਾ ਸੀ। ਲਵੇਰਾ ਘਰੇ ਵਾਧੂ ਸੀ। ਮੁੱਲ ਦਾ ਘਿਉ ਬੜਾ ਘੱਟ ਲਿਆ।

ਫਿਰੋਜ਼ਪੁਰ, ਅੰਮ੍ਰਿਤਸਰ, ਬਠਿੰਡਾ ਸਭ ਤੋਂ ਵੱਧ ਖੇਡਿਆ। ਰੋਹਤਕ, ਜੀਂਦ, ਹਰਿਆਣੇ ਮੈਚ ਖੇਡੇ। ਲਾਹੌਰੀਏ ਵੀ ਖੇਡਣ ਲੈ ਜਾਂਦੇ। ਤਿੰਨ-ਤਿੰਨ, ਚਾਰ-ਚਾਰ ਦਿਨ ਉਧਰ ਖੇਡਣ ਗਿਆਂ ਦੇ ਲੱਗ ਜਾਂਦੇ। ਰੋਟੀ-ਪਾਣੀ ਦੀ ਬੜੀ ਸੇਵਾ ਕਰਦੇ। ਪਹਿਲਾਂ ਉਹ ਜਾਫੀ ਖੇਡਦਾ ਸੀ, ਫਿਰ ਰੇਡਰ ਬਣ ਗਿਆ। ਉਹਦਾ ਭਾਰ 75-76 ਕਿਲੋਗ੍ਰਾਮ ਦੇ ਲਗਪਗ ਰਿਹੈ। ਸਰੀਰ ਵਿਚ ਵਾਹਵਾ ਜਾਨ ਤੇ ਫੁਰਤੀ ਸੀ। ਬਾਹਾਂ 'ਚ ਜਾਨ ਪਾਉਣ ਲਈ ਟੋਕੇ ਵਾਲੀ ਮਸ਼ੀਨ ਨਾਲ ਹੱਥੀਂ ਪੱਠੇ ਕੁਤਰਦਾ। ਬਾਹਾਂ ਦਾ ਜ਼ੋਰ ਲੱਗ ਜਾਂਦਾ, ਡੰਡ ਮਾਰਨ ਦੀ ਲੋੜ ਨਾ ਰਹਿੰਦੀ। ਥੋੜ੍ਹੇ ਬਹੁਤ ਸ਼ੌਂਕੀਆ ਕੱਢ ਵੀ ਲੈਂਦਾ। ਦਮ ਪਕਾਉਣ ਲਈ ਵਾਹੇ ਖੇਤਾਂ 'ਚ ਭੱਜਦਾ ਰਹਿੰਦਾ।

ਚੰਗੀ ਗੇਮ ਕਰਕੇ ਹਰ ਮਹਿਕਮਾ ਨੌਕਰੀ ਲਈ ਬੁਲਾਵਾ ਭੇਜਦਾ, ਪਰ ਉਹ ਘਰ ਦੀ ਖੇਤੀ ਹੱਥੀਂ ਕਰਨੀ ਪਸੰਦ ਕਰਦਾ। ਜੇ ਉਹ ਨੌਕਰੀ ਕਰਦਾ ਤਾਂ ਇਕੋ ਟੱਕ ਘਰ ਦੀ 14-15 ਕਿੱਲਿਆਂ ਦੀ ਖੇਤੀ ਨਹੀਂ ਸੀ ਕਰ ਸਕਦਾ। ਕਬੱਡੀ ਤੋਂ ਬੜਾ ਕੁਝ ਖੱਟਿਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਤਾਪ ਸਿੰਘ ਕੈਰੋਂ ਨੇ ਨਵੀਂ ਪਨੀਰੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕਈ ਨਵੇਂ ਕਾਨੂੰਨ ਲਾਗੂ ਕੀਤੇ ਤੇ ਹਰ ਹਾਲਤ ਉਹ ਕਬੱਡੀ ਦੀ ਪ੍ਰਫੁੱਲਤਾ ਚਾਹੁੰਦਾ ਸੀ। ਉਦੋਂ ਪੈਸੇ ਘੱਟ ਦਿੱਤੇ ਜਾਂਦੇ ਸਨ, ਪਰ ਸ਼ੀਲਡਾਂ ਜ਼ਰੂਰ ਦਿੱਤੀਆਂ ਜਾਂਦੀਆਂ ਸਨ, ਜੋ ਘਰਾਂ ਦਾ ਸ਼ਿੰਗਾਰ ਬਣਦੀਆਂ।

ਪੁਰਾਣੇ ਖਿਡਾਰੀਆਂ 'ਚ ਸਰਬਣ ਸਿੰਘ ਬੱਲ, ਪ੍ਰੀਤਾ, ਰਤਨ ਟਿੱਬਾ, ਮਹਿੰਦਰ ਮੰਮਣਕੇ, ਸੂਬਾ ਖਾਰੇ ਦਾ, ਸੱਤਾ ਰਈਆ, ਜੀਤਾ ਸਿਪਾਹੀ, ਸਵਰਨਾ ਫੱਤਿਆਂ ਦਾ, ਗੱਜਣ ਦੁੱਗਰੀ, ਚੂਸੜੇ ਵਾਲਾ ਬੰਸਾ, ਜਰਨੈਲ, ਦਿਆਲ ਨਾੜੀ, ਨੇਜਾ ਮਨਾਵਾਂ ਤੇ 'ਗੁੱਟ ਦਾ ਪੀਰ' ਵਜੋਂ ਜਾਣੇ ਜਾਂਦੇ ਬਾਬਾ ਰਾਹਲ-ਚਾਹਲ ਨਾਲ ਖੇਡਿਆ, ਜਿਸ ਨੇ ਕਹਿੰਦੇ-ਕਹਾਉਂਦੇ ਪਾਕਿਸਤਾਨੀ ਰੇਡਰ ਡੱਕੇ। ਹੋਰ ਵੀ ਅਨੇਕਾਂ ਖਿਡਾਰੀਆਂ ਨਾਲ ਖੇਡਿਆ। ਉਦੋਂ ਸਾਰੇ ਨਾਮਵਰ ਖਿਡਾਰੀ ਹੁੰਦੇ ਸਨ। ਕਈ ਕਈ ਸਾਲ ਨਵਾਂ ਖਿਡਾਰੀ ਉਨ੍ਹਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਕਾਰਨ, ਪੁਰਾਣੇ ਖਿਡਾਰੀ ਮਿਹਨਤ ਬੜੀ ਕਰਦੇ ਸਨ। ਵਿਰੋਧੀ ਖਿਡਾਰੀਆਂ 'ਚ ਮੁਖਤਿਆਰ ਸਿੰਘ ਗਾਂਧੀ ਤੇ ਦਿਆਲਾ ਨਾੜੀ ਹੁੰਦੇ। ਛੇ-ਸੱਤ ਸਾਲ ਦੇਵੀ ਦਿਆਲ ਨਾਲ ਖੇਡਿਆ ਤੇ ਮਾਣਕ ਢੇਰੀ ਵਾਲੇ ਰਾਵਲ ਨਾਲ ਗੁਰੂ ਕੇ ਜੰਡਿਆਲੇ ਮੈਚ ਲਾਇਆ।

ਪ੍ਰੀਤੇ ਦੇ ਦੱਸਣ ਅਨੁਸਾਰ ਜੋਤਾ ਤਕੜਾ ਖਿਡਾਰੀ ਸੀ। ਜੱਟ ਸਾਇਕਲ 'ਤੇ ਸਾਰਾ ਆਲਾ-ਦੁਆਲਾ ਘੁੰਮ ਜਾਂਦਾ। ਕਪੂਰਥਲੇ ਵੀ ਸਾਇਕਲ 'ਤੇ ਮੈਚ ਖੇਡਣ ਆ ਜਾਂਦਾ। ਸਾਇਕਲ ਚਲਾਉਣ ਤੇ ਹੱਥੀਂ ਪੱਠੇ ਕੁਤਰਨ ਨੂੰ ਸਭ ਤੋਂ ਵਧੀਆ ਐਕਸਰਸਾਈਜ਼

ਮੰਨਦਾ ਸੀ। ਮੈਚ ਖੇਡਣ ਆਉਂਦੇ ਨੇ ਆਪ ਸਾਇਕਲ ਚਲਾਉਣਾ ਤੇ ਜਾਂਦੀ ਵਾਰ ਦੂਜੇ ਸਾਥੀ ਖਿਡਾਰੀ ਨੂੰ ਚਲਾਉਣ ਲਾ ਦੇਣਾ, ਆਪ ਪਿੱਛੇ ਬਹਿ ਜਾਣਾ।

ਜੋਤਾ ਕਪੂਰਥਲਾ, ਬਠਿੰਡਾ, ਅੰਮ੍ਰਿਤਸਰ, ਹੁਸ਼ਿਆਰਪੁਰ, ਗੁਰਦਾਸਪੁਰ ਜ਼ਿਲ੍ਹਿਆਂ 'ਚ ਅਕਸਰ ਖੇਡਣ ਜਾਂਦਾ ਰਿਹੈ। ਉਹਦਾ ਮੈਚ ਵੇਖਣ ਲਈ ਲੋਕ ਵਹੀਰਾਂ ਘੱਤ ਲੈਂਦੇ। ਉਹ ਕਿਸੇ ਨੂੰ ਤੰਗ ਨਹੀਂ ਸੀ ਕਰਨਾ ਚਾਹੁੰਦਾ—ਖੇਡਣ ਲੈ ਕੇ ਜਾਣ, ਛੱਡ ਕੇ ਜਾਣ। ਉਹ ਖੁਦ ਦੂਰ ਦੂਰ ਸਾਇਕਲ 'ਤੇ ਚਲੇ ਜਾਂਦਾ। ਹਾਂ, ਜ਼ਿਆਦਾ ਦੂਰ ਹੁੰਦਾ ਤਾਂ ਬੱਸ ਫੜ ਕੇ ਚਲਾ ਜਾਂਦਾ। ਅੱਜ ਕੱਲ੍ਹ ਦੇ ਖਿਡਾਰੀਆਂ ਬਾਰੇ ਸੁਣ ਕੇ ਬੜਾ ਸ਼ਰਮਸਾਰ ਹੁੰਦੈ, ਜਿਹੜੇ ਟੀਕਿਆਂ ਤੇ ਜੜ੍ਹੀ-ਬੂਟੀਆਂ ਦਾ ਸਹਾਰਾ ਲੈ ਕੇ ਖੇਡਦੇ ਨੇ; ਜਦਕਿ ਉਨ੍ਹਾਂ ਦੇ ਵੇਲਿਆਂ 'ਚ ਘਰ ਦੀਆਂ ਖੁਰਾਕਾਂ ਸਨ। ਉਹ ਚਾਲੀ-ਚਾਲੀ ਰੇਡਾਂ 'ਕੱਠੀਆਂ ਪਾ ਜਾਂਦਾ। ਖੇਮਕਰਨ ਇਕ ਵਾਰ ਜ਼ਰੂਰ ਡੱਕਿਆ ਗਿਆ ਸੀ, ਸਿਹਤ ਢਿੱਲ੍ਹੀ ਹੋਣ ਕਰਕੇ। ਖੇਡਦੇ ਦੇ ਸਿਰ 'ਚ ਇਕ ਵਾਰ ਸੱਟ ਵੀ ਲੱਗ ਗਈ ਸੀ। ਸਿਰ ਦੀਆਂ ਨਾੜਾਂ ਘੁੱਟੀਆਂ ਗਈਆਂ। ਦੇਸੀ ਇਲਾਜ ਕੀਤਾ, ਫਿਰ ਚੜ੍ਹਦੀ ਕਲਾ 'ਚ ਹੋ ਗਿਆ। ਕਬੱਡੀ ਖੇਡਣ ਤੋਂ ਇਲਾਵਾ ਘੁਲ ਵੀ ਲੈਂਦਾ ਸੀ। ਘਰਿਆਲੇ ਮੈਚਾਂ 'ਚ ਤਕੜਾ ਖੇਡਿਆ। ਉਹਦੇ ਖੇਡਣ ਦਾ ਵੱਖਰਾ ਅੰਦਾਜ਼ ਸੀ। 1974 'ਚ ਇੰਗਲੈਂਡ ਖੇਡਣ ਗਿਆ। ਇੰਗਲੈਂਡ ਕਬੱਡੀ ਨੂੰ ਹੁਲਾਰਾ ਦੇਣ ਵਾਲੇ ਮਹਿੰਦਰ ਮੌੜ ਦੇ ਸਾਥੀ ਪਿਆਰਾ ਸਿੰਘ ਗੁੰਮਟਾਲਾ ਨੇ ਜੋਤਾ ਵਧੀਆ ਖਿਡਾਰੀ ਦੱਸਿਆ।

1982-83 'ਚ ਜੋਤਾ ਖੇਡਣਾ ਛੱਡ ਗਿਆ। ਇਸ ਵੇਲੇ 85-86 ਸਾਲਾਂ ਦਾ ਸਿਆਣਾ ਹੋ ਗਿਆ। ਖੇਡਦੇ ਦੇ ਸੱਟਾਂ ਵੀ ਬਹੁਤ ਲੱਗੀਆਂ। ਜੁਆਨੀ ਦੀਆਂ ਸੱਟਾਂ ਬੁਢਾਪੇ 'ਚ ਰੜਕਦੀਆਂ ਨੇ, ਤੰਗ ਕਰ ਰਹੀਆਂ ਨੇ। ਸ਼ੌਕ ਪੂਰਾ ਕਰਨ ਲਈ ਮੈਚ ਵੇਖਣ ਚਲਾ ਜਾਂਦੈ। ਕਈ ਵਾਰ ਸਾਰਾ ਸਾਰਾ ਦਿਨ ਮੈਚ ਵੇਖਦਾ ਰਹਿੰਦਾ ਤੇ ਕਈ ਵਾਰ ਘੰਟੇ ਕੁ ਬਾਅਦ ਘਰ ਜਾਣ ਲਈ ਕਹਿ ਦਿੰਦੈ। ਉਹ ਜਿਥੇ ਵੀ ਜਾਣਾ ਚਾਹੇ, ਉਹਦੇ ਪੁੱਤ-ਪੋਤੇ ਲੈ ਕੇ ਜਾਂਦੇ ਹਨ। ਸਾਰਾ ਪਰਿਵਾਰ ਉਹਦਾ ਹਰ ਤਰ੍ਹਾਂ ਨਾਲ ਖਿਆਲ ਰੱਖਦੈ।

ਨਵੇਂ ਖਿਡਾਰੀਆਂ ਨੂੰ ਚੰਗਾ ਖਾਣ-ਪੀਣ, ਮਿਹਨਤ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਕਹਿ ਰਿਹੈ। ਵੱਡਾ ਭਰਾ ਮੋਹਣ ਸਿੰਘ ਵੀ ਜਾਨ ਪੱਖੋਂ ਤਕੜਾ ਸੀ। ਮਾਂ ਨੇ ਦੋਹਾਂ ਪੁੱਤਾਂ ਨੂੰ ਰੂਹ ਨਾਲ ਪਾਲਿਆ। ਪਿੰਡ 'ਚੋਂ ਦੋਵੇਂ ਤਕੜੇ ਕਰਕੇ ਕਬੱਡੀ ਖੇਡਣ ਲੱਗੇ। ਪਿੰਡ ਦੇ ਹੋਰ ਖਿਡਾਰੀ ਤਿਆਰ ਕਰ ਪਿੰਡ ਦੀ ਟੀਮ ਬਣਾਈ। ਫਿਰ ਮੋਹਣ ਸਿੰਘ ਘਰ ਦੀ ਖੇਤੀ ਦੁਆਲੇ ਹੋ ਗਿਆ ਤੇ ਜੋਤਾ ਕਬੱਡੀ 'ਚ ਅੱਗੇ ਤੋਂ ਅੱਗੇ ਵਧਦਾ ਗਿਆ। ਜ਼ਿੰਦਗੀ 'ਚ ਇਕ ਵਾਰ ਮੁੱਲ ਘਿਉ ਲਿਆ, ਫਿਰ ਤਾਂ ਲੋਕਾਂ ਵੱਲੋਂ ਮਿਲਦਾ ਰਿਹੈ। ਬੇਟਾ ਭੁਪਿੰਦਰ ਸਿੰਘ ਆਰਮੀ 'ਚ ਰਹਿ ਚੁੱਕੈ। ਬਲਿਊ ਸਟਾਰ ਵੇਲੇ ਉਹ ਫੌਜ ਦੀ ਸੇਵਾਵਾਂ ਨਿਭਾਅ ਰਿਹਾ ਸੀ, ਉਹਨੇ ਵੀ ਕਬੱਡੀ ਖੇਡੀ। ਆਰਮੀ 'ਚ ਫੌਜ ਦੇ ਖਿਡਾਰੀਆਂ ਨੂੰ

ਕਬੱਡੀ ਦੀ ਟਰੇਨਿੰਗ ਦਿੰਦਾ ਰਿਹਾ। ਪੰਦਰਾਂ ਸਾਲਾਂ ਬਾਅਦ ਫੌਜ ਵਿਚੋਂ ਰਿਟਾਇਰ ਹੋਇਆ। ਪਿੰਡ ਆ ਕੇ ਵੀ ਕਬੱਡੀ ਖੇਡੀ। ਦੂਜਾ ਬੇਟਾ ਗੁਰਪ੍ਰੀਤ ਸਿੰਘ ਗੋਪੀ ਕਬੱਡੀ ਦਾ ਨਾਮਵਰ ਜਾਫੀ ਰਹਿ ਚੁੱਕੈ।

2008-09 'ਚ ਅਮਰੀਕਾ ਦੀ ਧਰਤੀ 'ਤੇ ਗੋਪੀ ਨੇ ਆਪਣੇ ਨਾਂ ਦਾ ਡੰਕਾ ਵਜਾਇਆ। ਪੋਤਾ ਗਗਨ ਬਾਬੇ ਦੇ ਰਾਹਾਂ 'ਤੇ ਚੱਲ ਕੇ ਕਬੱਡੀ ਦਾ ਨਾਮਵਰ ਖਿਡਾਰੀ ਬਣਿਆ। ਚਾਚਾ-ਭਤੀਜਾ 'ਕੱਠੇ ਮੈਚ ਖੇਡਦੇ ਰਹੇ। ਗਗਨ ਇਸ ਵਕਤ ਪੰਜਾਬ ਪੁਲਿਸ ਵਿਚ ਸੇਵਾ ਨਿਭਾਅ ਰਿਹੈ। ਉਹ ਇੰਗਲੈਂਡ, ਕੈਨੇਡਾ ਅਤੇ ਹੋਰ ਮੁਲਕਾਂ 'ਚ ਆਪਣੀ ਖੇਡ ਦੇ ਜੌਹਰ ਵਿਖਾ ਰਿਹੈ ਤੇ ਬਾਬੇ ਜੋਤੇ ਵਾਂਗ ਪਿੰਡ ਦਾ ਨਾਂ ਰੁਸ਼ਨਾ ਰਿਹੈ। ਦੁੱਖ ਇਸ ਗੱਲ ਦਾ ਹੈ ਕਿ ਇਸ ਪਿੰਡ ਦੇ ਖਿਡਾਰੀਆਂ ਨੇ ਵੱਖ ਵੱਖ ਖੇਡਾਂ 'ਚੋਂ ਏਸ਼ੀਆ ਦੇ ਸੱਤ ਮੈਡਲ ਜਿੱਤੇ ਹਨ, ਪਰ ਖੇਡ ਸਹੂਲਤਾਂ ਤੋਂ ਇਹ ਪਿੰਡ ਬਿਲਕੁਲ ਸੱਖਣੈ। ਸਰਕਾਰ ਕੋਈ ਬਹੁਤਾ ਧਿਆਨ ਨਹੀਂ ਦੇ ਰਹੀ।

ਨਵੇਂ ਖਿਡਾਰੀਓ ਹੋਸ਼ ਤੋਂ ਕੰਮ ਲਓ
ਨਸ਼ਾ ਕਰ ਕਿਸੇ ਕੁਝ ਖੱਟਿਆ ਨਾ।
ਪੁਰਾਣੇ ਖਿਡਾਰੀਆਂ ਬੜੀ ਮਿਹਨਤ ਕੀਤੀ
ਖੇਡ ਮੈਦਾਨਾਂ ਤੋਂ ਕਦੇ ਪਿੱਛੇ ਹਟਿਆ ਨਾ।
'ਇਕਬਾਲ ਸਿੰਹਾਂ' ਘਰ-ਬਾਰ ਤੇ
ਜ਼ਿੰਦਗੀ ਉਹਦੀ ਬਰਬਾਦ ਹੋਈ,
ਨਸ਼ਿਆਂ ਤੋਂ ਪਾਸਾ ਜੀਹਨੇ ਵੱਟਿਆ ਨਾ।

# ਕਾਹਮੇ ਦਾ ਇਤਿਹਾਸਕ ਫੁੱਟਬਾਲ ਖਿਡਾਰੀ—ਗੁਰਸ਼ਰਨ 'ਛੰਨਾ'

1957 'ਚ ਜਨਮੇ ਕਾਹਮੇ ਗੱਭਰੂ ਛੰਨੇ ਨੇ ਗਿਆਰ੍ਹਾਂ ਸਾਲ ਦੀ ਉਮਰੇ ਪ੍ਰਾਇਮਰੀ ਪੜ੍ਹਦੇ ਹੀ ਫੁੱਟਬਾਲ ਖੇਡਣਾ ਸ਼ੁਰੂ ਕਰ ਦਿੱਤਾ। ਪ੍ਰਾਇਮਰੀ ਤੇ ਹਾਈ ਸਕੂਲ ਦੀ ਪੜ੍ਹਾਈ ਪਿੰਡੋਂ ਕਰਨ ਉਪਰੰਤ ਨਵਾਂਸ਼ਹਿਰ ਦੇ ਖਾਲਸਾ ਹਾਈ ਸਕੂਲ ਵਿਖੇ ਦਾਖਲ ਹੋਇਆ। ਦਿਨੋ ਦਿਨ ਗੇਮ ਨਿਖਰਦੀ ਗਈ। ਕਿਉਂਕਿ ਪਿੰਡ 'ਚ ਬਿਹਾਰੀ ਤੇ ਸ਼ੀਰੀ ਵਰਗੇ ਧੱਕੜ ਖਿਡਾਰੀਆਂ ਵੱਲ ਵੇਖ ਵੇਖ ਸਖਤ ਮਿਹਨਤ ਕਰਦਾ ਰਿਹੈ। ਦੂਜੀ ਗੱਲ, ਜਰਨੈਲ ਸਿੰਘ ਪਨਾਮ ਦੀ ਖੇਡ ਤੋਂ ਪ੍ਰਭਾਵਿਤ ਕਰਕੇ ਉਹਦੀਆਂ ਪੈੜਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ।

ਨਵਾਂਸ਼ਹਿਰ ਦੇ ਖਾਲਸਾ ਹਾਈ ਸਕੂਲ ਇਕ ਸਾਲ ਲਾਇਆ ਤੇ ਐਸ. ਐਨ. ਕਾਲਜ ਬੰਗਾ ਚਲਾ ਗਿਆ। ਬੰਗਾ ਕਾਲਜ ਇਕ ਸਾਲ ਪੜ੍ਹਾਈ ਕੀਤੀ ਤੇ ਖੇਡਿਆ। ਇਕ ਸਾਲ ਬਾਅਦ ਛੰਨਾ ਤੇ ਮੰਗੂਵਾਲ ਵਾਲਾ ਸਰਬਜੀਤ ਸਰਬਾ ਰਾਮਗੜ੍ਹੀਆ ਕਾਲਜ, ਫਗਵਾੜਾ ਚਲੇ ਗਏ।

ਸੰਨ 1977 'ਚ ਰਾਮਗੜ੍ਹੀਆ ਕਾਲਜ ਫਗਵਾੜਾ ਖੇਡਦਾ ਰਿਹਾ ਤੇ ਨਾਲ ਦੀ ਨਾਲ ਪੜ੍ਹਾਈ ਵੀ ਕਰਦਾ ਰਿਹਾ। ਰਾਮਗੜ੍ਹੀਆ ਕਾਲਜ ਵੱਲੋਂ ਖੇਡਦਿਆਂ 1979-80 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਬੜੇ ਸਾਲਾਂ ਬਾਅਦ ਜਿੱਤ ਕੇ ਇਤਿਹਾਸ ਰਚਿਆ। ਸਰਬੇ ਤੇ ਛੰਨੇ ਦਾ ਜੁੱਟ ਤਕੜਾ ਸੀ। ਬਾਲ ਨੂੰ ਮੂਹਰੇ ਮੂਹਰੇ ਭਜਾਈ ਫਿਰਦੇ। ਤਿੰਨ ਸਾਲ ਉਹ ਉਥੇ 'ਕੱਠੇ ਖੇਡੇ।

ਤਿੰਨਾਂ ਸਾਲਾਂ ਬਾਅਦ ਛੰਨਾ 'ਕੱਲਾ ਬਿਜਲੀ ਬੋਰਡ ਹੁਸ਼ਿਆਰਪੁਰ ਚਲੇ ਗਿਆ। 1979 'ਚ ਉਹਦੀ ਵਾਈਸ ਕਪਤਾਨੀ ਹੇਠ ਟੀਮ ਨੇ ਆਲ ਇੰਡੀਆ ਇੰਟਰ-ਵਰਸਿਟੀ ਉਜੈਨ ਜਿੱਤੀ। 1980 'ਚ ਡੀ. ਸੀ. ਐਮ. ਟੂਰਨਾਮੈਂਟਾਂ ਵਿਚ ਬਿਜਲੀ ਬੋਰਡ ਨੇ ਪਹਿਲੀ ਵਾਰ ਈਸਟ-ਬੰਗਾਲ ਨੂੰ ਇਕ ਗੋਲ ਨਾਲ ਹਰਾਇਆ। ਉਹ ਪਹਿਲਾ ਤੇ ਆਖਰੀ ਸੁਨਹਿਰੀ ਗੋਲ ਛੰਨੇ ਨੇ ਕੀਤਾ ਸੀ। 1980 ਤੋਂ 1985 ਤੱਕ ਮੋਹਣ-ਬਗਾਨ, ਈਸਟ-ਬੰਗਾਲ ਤੇ ਮੁਹੰਮਦਨ ਸਪੋਰਟਸ ਵਰਗੀਆਂ ਕਹਿੰਦੀਆਂ ਕਹਾਉਂਦੀਆਂ ਭਾਰਤੀ ਕਲੱਬਾਂ ਹਰਾਈਆਂ।

ਸਰਬਜੀਤ ਸਰਬੇ ਦੇ ਦੱਸਣ ਅਨੁਸਾਰ ਕਿ ਛੰਨਾ ਤਕੜਾ ਖਿਡਾਰੀ ਸੀ। ਪੰਜਾਬ ਦੇ ਖਿਡਾਰੀਆਂ 'ਚ ਛੰਨੇ ਤੇ ਸਰਬੇ ਦਾ ਪੂਰਾ ਬੋਲ-ਬਾਲਾ ਸੀ। ਮਾਹਿਲਪੁਰ

ਇਲਾਕੇ ਦੋਹਾਂ ਦੇ ਨਾਂ ਨੂੰ ਅੱਜ ਵੀ ਯਾਦ ਕੀਤੇ ਜਾਂਦੈ। ਫਗਵਾੜਾ ਦੇ ਰਾਮਗੜ੍ਹੀਆ ਸਪੋਰਟਸ ਵਿੰਗ 1977 ਤੋਂ 1980 ਤੱਕ 'ਕੱਠੇ ਖੇਡੇ। ਫਗਵਾੜੇ ਵਾਲਾ ਜੂਨੀਅਰ ਪਰਮਿੰਦਰ ਬਿੱਲਾ ਵੀ ਨਾਲ ਹੁੰਦਾ। ਸਰਬਾ, ਛੰਨਾ ਤੇ ਪਰਮਿੰਦਰ ਬਿੱਲਾ ਤਿੰਨਾਂ ਦਾ ਆਪਸੀ ਬੜਾ ਤਾਲਮੇਲ ਸੀ। ਅੱਖ ਮਿਲਦੇ ਹੀ ਬਾਲ ਕੋਲ ਪਹੁੰਚਿਆ ਹੁੰਦਾ। ਖਿਡਾਰੀਆਂ 'ਚ ਉਨ੍ਹਾਂ ਦਾ ਕਾਫੀ ਦਬਦਬਾ ਸੀ। ਰਾਮਗੜ੍ਹੀਆ ਕਾਲਜ ਫਗਵਾੜਾ ਦੇ ਉਹ ਤਿੰਨੋਂ 'ਵਧੀਆ ਖਿਡਾਰੀ' ਐਲਾਨੇ ਗਏ।

ਛੰਨਾ ਸੈਂਕੜੇ ਖਿਡਾਰੀਆਂ ਨਾਲ ਖੇਡ ਚੁੱਕੈ। ਕੁਝ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜਿਵੇਂ ਪੱਪੂ ਧਮਾਈ, ਮਨਜੀਤ ਸਿੰਘ ਖਰੜ-ਅੱਛਰਵਾਲ, ਸਰਬਜੀਤ ਸਰਬਾ ਮੰਗੂਵਾਲ, ਗੁਰਪਾਲ ਫੌਜੀ ਮੰਗੂਵਾਲ, ਗੁਰਦਿਆਲ ਸਿੰਘ ਜਗਤਪੁਰ, ਬਲਿਹਾਰ ਖਾਨਖਾਨਾ, ਰਾਣਾ ਖਾਨਖਾਨਾ, ਇਕਬਾਲ ਖਾਨਖਾਨਾ, ਰਾਜ ਨਿਊਯਾਰਕ, ਛੋਟੂ ਨਿਊਯਾਰਕ, ਦਵਿੰਦਰ ਕੁਮਾਰ ਫਿਲਿਪ ਖਾਨਖਾਨਾ, ਬਘੌਰਾਂ ਵਾਲਾ ਸਤੀਸ਼ ਪੰਡਿਤ, ਮਿਲਖੀ ਬਰਨਾਲਾ, ਕੁਲਵਰਨ ਭੱਜਲਾਂ, ਛੋਟੂ ਭੱਜਲਾਂ, ਪੱਲੀਆਂ ਵਾਲਾ ਪਿੰਦਾ, ਅਮਰੀਕ ਸਿੰਘ ਨਰੂੜ-ਪਾਂਸ਼ਟਾ (ਨਿਊਜਰਸੀ), ਸਤਵਿੰਦਰ ਸਿੰਘ ਮੰਗੂਵਾਲ, ਰਘਵੀਰ ਸਿੰਘ, ਬਿੱਲਾ ਕੈਪਟਨ ਫਗਵਾੜਾ, ਫਗਵਾੜੇ ਵਾਲਾ ਜੱਗਾ (ਇੰਦਰ ਸਿੰਘ ਦਾ ਬੇਟਾ), ਭਜਨ ਸਿੰਘ (ਗੁਰਦੇਵ ਗਿੱਲ ਦਾ ਭਰਾ), ਪਹਿਲਵਾਨ ਤੇ ਫੁੱਟਬਾਲ ਖਿਡਾਰੀ ਖੋਤੜਾਂ ਵਾਲਾ ਵੱਡਾ ਭਾਈ, ਪਾਲੀ ਭੌਰਾ, ਸੱਤਾ ਨੌਰਾ ਤੇ ਅਨੇਕਾਂ ਹੋਰ ਖਿਡਾਰੀਆਂ ਨਾਲ ਖੇਡਿਆ।

ਕਾਹਮਾ ਦੇ ਹਾਈ ਸਕੂਲ ਅਤੇ ਐਸ. ਐਨ. ਕਾਲਜ ਬੰਗਾ ਦਾ ਫੁੱਟਬਾਲ ਖਿਡਾਰੀ ਅਤੇ ਛੰਨੇ ਦੇ ਗੁਆਂਢੀ ਦਿਲਾਵਰ ਸਿੰਘ ਦਾਵਰੀ (ਨਿਊਯਾਰਕ) ਦੇ ਦੱਸਣ ਅਨੁਸਾਰ ਕਿ ਛੰਨਾ ਬੜਾ ਮਿਹਨਤੀ ਸੀ। ਮੀਂਹ, 'ਨ੍ਹੇਰੀ, ਧੁੱਪ, ਛਾਂ ਕਦੇ ਨਾ ਵੇਖਦਾ, ਹਰ ਪਲ ਫੁੱਟਬਾਲ ਦੁਆਲੇ ਲੱਗਾ ਰਹਿੰਦਾ।

ਛੰਨਾ ਨਿਰੰਜਨ ਦਾਸ (ਭਗਤ) ਮੰਗੂਵਾਲ ਤੇ ਮਹਾਲੋਂ ਵਾਲੇ ਵੀਰ੍ਹੀ ਦੀ ਖੇਡ ਨੂੰ ਬੜਾ ਪਸੰਦ ਕਰਦਾ ਸੀ। ਲੋਧੀਪੁਰ ਵਾਲੇ ਅਜੈਬ ਜੈਬੀ ਅਤੇ ਸਾਹਲੋਂ ਵਾਲੇ ਗਿਆਨ ਨੂੰ ਫੁੱਟਬਾਲ ਦੇ ਜ਼ਬਰਦਸਤ ਖਿਡਾਰੀ ਮੰਨਦਾ ਸੀ।

ਛੰਨੇ ਦੇ ਕਜ਼ਨ ਲਖਵਿੰਦਰ ਕਾਕਾ ਤੇ ਸੁਰਜੀਤ (ਨੈਸ਼ਨਲ ਖਿਡਾਰੀ), ਸੋਹਣ ਸਿੰਘ ਤੇ ਸੁਖਦੇਵ ਸਿੰਘ ਪਿੰਡ ਦੀ ਫੁੱਟਬਾਲ ਟੀਮ ਦੇ ਖਿਡਾਰੀ ਸਨ। ਕਿਸੇ ਵਕਤ ਪਿੰਡ ਦੀ ਟੀਮ 'ਚ ਉਨ੍ਹਾਂ ਪਰਿਵਾਰ ਦੇ ਛੇ-ਸੱਤ ਚਾਚਿਆਂ-ਤਾਇਆਂ ਦੇ ਪੁੱਤਰ ਖਿਡਾਰੀ ਹੁੰਦੇ ਸਨ। ਇਸ ਪਰਿਵਾਰ ਦੀ ਕਾਹਮਾ ਫੁੱਟਬਾਲ ਨੂੰ ਬੜੀ ਦੇਣ ਰਹੀ ਐ।

ਛੰਨੇ ਦੇ ਪਿਤਾ ਸ. ਗਿਆਨ ਸਿੰਘ ਨੂੰ ਆਪਣੇ ਪੁੱਤਰਾਂ 'ਤੇ ਹਮੇਸ਼ਾ ਮਾਣ ਰਿਹੈ। ਜਿਨ੍ਹਾਂ ਖੇਡ ਮੇਲਿਆਂ, ਕਲੱਬਾਂ ਅਤੇ ਇਲਾਕੇ 'ਚ ਨਾਂ ਉੱਚਾ ਕੀਤਾ। ਉਹਦੇ ਪਰਿਵਾਰ ਵਿਚ ਫੁੱਟਬਾਲ ਦਾ ਬੜਾ ਜਨੂੰਨ ਸੀ। ਉਹ ਪੰਜਾਂ ਭਰਾਵਾਂ 'ਚੋਂ ਚਾਰ ਫੁੱਟਬਾਲ ਖਿਡਾਰੀ ਸਨ। ਗੋਗੀ, ਨਿੰਮਾ, ਛੰਨਾ ਤੇ ਬਿੱਟੂ। (ਅਫਸੋਸ ਗੋਗੀ ਤੇ ਨਿੰਮਾ ਸਾਡੇ

ਵਿਚਕਾਰ ਨਹੀਂ ਰਹੇ)। ਛੋਟਾ ਭਰਾ ਜਗਤਜੋਤ ਸਿੰਘ ਬਿੱਟੂ ਜਰਨੈਲ ਸਿੰਘ ਪਨਾਮ ਦੇ ਬੇਟਿਆਂ ਜਗਮੋਹਣ ਤੇ ਹਰਸ਼ਮੋਹਣ ਨਾਲ ਮਾਹਿਲਪੁਰ ਵਿੰਗ 'ਚ ਖੇਡਦਾ ਰਿਹੈ।

1968 ਤੋਂ 1985 ਤੱਕ ਪੰਜਾਬ ਦੇ ਖੇਡ ਮੇਲਿਆਂ ਤੋਂ ਲੈ ਭਾਰਤ ਦੇ ਨਾਮਵਰ ਕਲੱਬਾਂ ਤੱਕ ਬੜੇ ਮੈਚ ਖੇਡੇ ਤੇ ਪੈਰਾਂ ਨੇ ਬਿਹਤਰੀਨ ਗੋਲ ਕੀਤੇ। 1985 ਤੱਕ ਕੈਨੇਡਾ ਜਾਣ ਤੱਕ ਖੇਡਦਾ ਰਿਹੈ। ਕੈਨੇਡਾ ਜਾਣ ਤੋਂ ਪਹਿਲਾਂ ਉਹ ਇੰਗਲੈਂਡ ਗਿਆ। ਫਿਰ ਛੇਤੀ ਹੀ ਪੱਕੇ ਤੌਰ 'ਤੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚ ਗਿਆ।

ਬੇਗਾਨੀ ਧਰਤੀ 'ਤੇ ਵੀ ਖੇਡ ਸ਼ੌਕ ਬਰਕਰਾਰ ਰੱਖਿਆ ਤੇ 1985 ਤੋਂ 1988 ਤੱਕ 'ਖਾਲਸਾ ਕਲੱਬ' ਵੱਲੋਂ ਖੇਡੇ। ਫਿਰ ਉਸੇ ਸਾਲ ਹੀ 1988 'ਚ ਫੁੱਟਬਾਲ ਦੇ ਸ਼ੌਕੀਨ ਸਾਥੀ ਖਿਡਾਰੀਆਂ 'ਯੂਨਾਈਟਿਡ ਵੈਨਕੂਵਰ ਕਲੱਬ' ਦੀ ਸਥਾਪਨਾ ਕੀਤੀ। ਕਲੱਬ ਦੇ ਮੈਂਬਰਾਂ 'ਚ ਹਰਜਿੰਦਰ ਝੁੱਟੀ, ਤੇਲੂ ਝੁੱਟੀ ਤੇ ਬਲਵੀਰ ਝੁੱਟੀ (ਤਿੰਨੇ ਭਰਾ), ਗੁਰਸ਼ਰਨ ਛੰਨਾ ਤੇ ਬਿੱਟੂ (ਦੋਵੇਂ ਭਰਾ), ਹਰਜਿੰਦਰ ਸਾਂਘਰਾ, ਬਲਵਿੰਦਰ ਨਿੱਝਰ ਤੇ ਸਰਬਜੀਤ ਪੰਨੂੰ ਵਰਗੇ ਖੇਡਾਂ ਦੇ ਸ਼ੌਕੀਨ ਸਾਥੀ ਸਨ। ਜ਼ਿਆਦਾਤਰ ਕਲੱਬ ਵਿਚ ਇਲਾਕਾ ਮਾਹਿਲਪੁਰ ਦੇ ਖਿਡਾਰੀ ਖੇਡਦੇ ਸਨ।

ਨਿਊਯਾਰਕ ਦੇ ਕਪੂਰਥਲਾ ਸਪੋਰਟਸ ਕਲੱਬ ਵਾਲਿਆਂ ਉਹਨੂੰ (ਛੰਨਾ) ਤੇ ਪੱਪੂ ਧਮਾਈ ਨੂੰ ਕੈਨੇਡਾ ਤੋਂ ਉਚੇਚੇ ਤੌਰ ਸੱਦ ਕੇ ਮਾਣ ਬਖਸ਼ਿਆ। ਹੋਰ ਪੁਰਾਣੇ ਸਾਥੀ ਖਿਡਾਰੀਆਂ ਨੂੰ ਉਥੇ ਬੜੇ ਸਾਲਾਂ ਬਾਅਦ ਮਿਲੇ।

ਕੈਨੇਡਾ ਰਹਿੰਦਾ ਹੋਇਆ ਵੀ ਛੰਨਾ ਪਿੰਡ ਪ੍ਰਤੀ ਪੂਰਾ ਮੋਹ ਰੱਖਦੈ। ਨੇਕ-ਦਿਲ ਤੇ ਬਹੁਪੱਖੀ-ਸ਼ਖਸੀਅਤ ਸ. ਹਰਦੇਵ ਸਿੰਘ ਦੀ ਪਿੰਡ ਪ੍ਰਤੀ ਵਿਕਾਸ, ਖੇਡਾਂ, ਗਰਾਊਂਡ ਅਤੇ ਸਕੂਲ ਦੀ ਬਿਲਡਿੰਗ ਲਈ ਵੱਡਮੁੱਲਾ ਯੋਗਦਾਨ ਪਾਉਣ ਲਈ ਕਦਰ ਕਰਦੈ। ਪਿੰਡ ਦੇ ਮੌਜੂਦਾ ਸਰਪੰਚ ਮੈਡਮ ਪਰਮਿੰਦਰਜੀਤ ਕੌਰ ਦੀ ਪਿੰਡ ਦੇ ਵਿਕਾਸ ਕਾਰਜਾਂ ਅਤੇ ਖੇਡਾਂ ਦੀ ਪ੍ਰਫੁਲਤਾ ਲਈ ਬੜੀ ਇੱਜ਼ਤ ਕਰਦਾ ਹੈ। ਏ. ਐਸ. ਆਈ. ਸ. ਸਤਨਾਮ ਸਿੰਘ ਦਾ ਵੀ ਧੰਨਵਾਦੀ ਹੈ, ਜੋ ਘਰਵਾਲੀ ਦਾ ਹਮੇਸ਼ਾ ਸਾਥ ਦੇ ਰਿਹੈ।

ਗੁਰਸ਼ਰਨ ਛੰਨਾ ਪਤਨੀ, ਦੋ ਬੇਟੀਆਂ ਤੇ ਇਕਲੌਤੇ ਬੇਟੇ ਅੰਮ੍ਰਿਤ ਸਿੰਘ ਨਾਲ ਵੈਨਕੂਵਰ ਵਿਖੇ ਜ਼ਿੰਦਗੀ ਦੇ ਨਜ਼ਾਰੇ ਮਾਣ ਰਿਹੈ। ਬੇਟਾ ਅਮਰੀਕਨ ਫੁੱਟਬਾਲ ਖੇਡਦਾ ਰਿਹੈ। ਛੰਨਾ ਪੂਰਾ ਫਿੱਟ ਐ। ਸਰੀਰ ਦਾ ਹਮੇਸ਼ਾ ਖਿਆਲ ਰੱਖਦੈ। ਸੱਤ-ਅੱਠ ਮੀਲ ਰੋਜ਼ਾਨਾ ਦੌੜਦੈ। ਨਸ਼ਿਆਂ ਬਗੈਰਾ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੀ। ਨਸ਼ਾ ਹਮੇਸ਼ਾ ਫੁੱਟਬਾਲ ਦਾ ਰਿਹੈ। ਬਨਾਵਟੀ ਖੁਰਾਕਾਂ ਦੇ ਲਾਗੇ ਨਹੀਂ ਗਿਆ। ਘਰ ਦਾ ਦੇਸੀ ਸ਼ੁੱਧ ਖਾਣਾ ਦੁੱਧ, ਘਿਓ, ਮੱਖਣ ਖਾ ਕੇ ਫੁੱਟਬਾਲ ਦਾ ਨਾਮਵਰ ਖਿਡਾਰੀ ਬਣਿਐ।

ਗੱਲ ਬੜੀ ਹੈ ਸੱਚੀ ਕੋਈ ਮੰਨੇ ਜਾਂ ਨਾ ਮੰਨੇ।
ਪੁਰਾਣੇ ਖਿਡਾਰੀ ਖੇਡਦੇ ਰਹੇ ਚੂਪ ਕੇ ਗੰਨੇ।
ਖਾ ਖੁਰਾਕਾਂ ਦੇਸੀ ਧੱਕੜ ਖੇਡੇ ਕਾਹਮੇ ਵਾਲੇ ਛੰਨੇ।

# ਕਬੱਡੀ ਖਿਡਾਰੀ—ਕਪੂਰਥਲੀਆ ਕਾਰੀ

ਕਬੱਡੀ ਪੰਜਾਬੀਆਂ ਦੇ ਰੋਮ-ਰੋਮ ਵਿਚ ਵਸੀ ਹੋਈ ਏ। ਕਬੱਡੀ ਨੂੰ ਪਿਆਰ ਕਰਨ ਵਾਲੇ ਦੁਨੀਆਂ ਦੇ ਕਿਸੇ ਖਿੱਤੇ ਚਲੇ ਜਾਣ, ਕਦੇ ਨਹੀ ਭੁੱਲਦੇ। ਆਪਣੇ ਸਮੇਂ ਦਾ ਬੇਹਤਰੀਨ ਕਬੱਡੀ ਖਿਡਾਰੀ ਕਪੂਰਥਲੀਆ ਕਾਰੀ ਅੱਜ ਕੱਲ੍ਹ ਨਿਊਯਾਰਕ ਰਹਿੰਦਾ ਹੈ। ਕਪੂਰਥਲੇ ਦੇ ਪਿੰਡ ਖਾਨੋਆਲ ਦੇ ਇਸ ਗੱਭਰੂ ਨੇ ਸਕੂਲਾਂ ਤੋਂ ਸ਼ੁਰੂ ਕਰ ਕਾਲਜ ਅਤੇ ਯੂਨੀਵਰਸਿਟੀ ਦੀ ਕਬੱਡੀ ਟੀਮ ਦੀ ਕਪਤਾਨੀ ਕੀਤੀ। ਪੰਜਾਬ ਅਤੇ ਦਿੱਲੀ ਕਬੱਡੀ ਮੁਕਾਬਲਿਆਂ ’ਚ ਹਿੱਸਾ ਲੈ ਮਾਤਾ-ਪਿਤਾ ਅਤੇ ਇਲਾਕੇ ਦੀ ਬੱਲੇ ਬੱਲੇ ਕਰਾਈ। ਪ੍ਰਸਿੱਧ ਕਬੱਡੀ ਖਿਡਾਰੀ ਜਿੰਦਰ ਖਾਨੋਆਲ ਵੀ ਇਸੇ ਪਿੰਡ ਤੋਂ ਹੈ। ਪ੍ਰੀਤਾ, ਫਿੱਡੂ, ਕਿੰਦੂ, ਸੁਰਖਪੁਰ ਦੇ ਮੰਗੀ ਤੇ ਦੁੱਲਾ, ਗੁਰਮੇਲ ਗੇਲਾ ਵੀ ਕਪੂਰਥਲੇ ਦੇ ਹੀ ਨਾਮਵਰ ਖਿਡਾਰੀ ਹਨ।

1958 ’ਚ ਖਾਨੋਆਲ ਦੇ ਸ. ਸਰੂਪ ਸਿੰਘ ਦੇ ਘਰ ਅਤੇ ਮਾਤਾ ਰਤਨ ਕੌਰ ਦੀ ਕੁੱਖੋਂ ਜਨਮੇ ਕਾਰੀ ਨੇ ਪ੍ਰਾਇਮਰੀ ਪਿੰਡੋਂ ਅਤੇ ਅੱਠਵੀਂ ਸਿੱਧਵਾਂ ਤੋਂ ਕੀਤੀ। ਹਾਇਰ ਸੈਕੰਡਰੀ ਰਣਧੀਰ ਸਕੂਲ ਕਪੂਰਥਲਾ ਤੋਂ ਕਰ ਕੇ ਗਰੈਜੂਏਸ਼ਨ ‘ਨਵਾਬ ਜੱਸਾ ਸਿੰਘ ਆਹਲੂਵਾਲੀਆ’ ਤੋਂ ਕੀਤੀ। ਰਣਧੀਰ ਸਕੂਲ ਦੇ ਡੀ. ਪੀ. ਈ. ਕਰਨੈਲ ਸਿੰਘ ਸਿੱਧਵਾਂ ਦੀ ਛਤਰਛਾਇਆ ਹੇਠ ਕਬੱਡੀ ਖੇਡਣੀ ਸ਼ੁਰੂ ਕੀਤੀ। ਕਰਨੈਲ ਸਿੰਘ ਦੀ ਬਦਲੀ ਕਿਤੇ ਹੋਰ ਜਗ੍ਹਾ ਹੋ ਜਾਣ ’ਤੇ ਉਸ ਨੇ ਸਲਾਹ ਦਿਤੀ ਕਿ ਅਗਰ ਗੇਮ ਚਾਲੂ ਰੱਖਣੀ ਹੈ ਤਾਂ ਸਰਬਣ ਸਿੰਘ ਬੱਲ ਕੋਲ ਜਾਓ। ਸ. ਬੱਲ ਉਸ ਵੇਲੇ ਜ਼ਿਲ੍ਹਾ ਕਪੂਰਥਲਾ ਖੇਡ ਵਿਭਾਗ ਦੇ ਕੋਚ ਹੁੰਦੇ ਸਨ। ਇਹ ਗੱਲ 1976 ਦੀ ਹੈ।

1976 ’ਚ ਸਕੂਲਾਂ ਦੀ ਨੈਸ਼ਨਲ ਖੇਡੀ ਅਤੇ ਸੋਨ ਤਮਗ਼ਾ ਜਿੱਤਿਆ। ਲੁਧਿਆਣੇ ਵਾਲਾ ਨਰਿੰਦਰ ਰੰਗੀ ਅਤੇ ਕੁਲਵੰਤ ਸਿੰਘ ਸਾਥੀ ਖਿਡਾਰੀ ਸਨ। ਰੰਗੀ ਕਬੱਡੀ ਦੇ ਨਾਲ ਨਾਲ ਭਲਵਾਨੀ ਵੀ ਕਰਦਾ ਸੀ ਅਤੇ ਕੁਲਵੰਤ ਸਿੰਘ ਬਾਅਦ ਵਿਚ ਪੁਲਿਸ ਭਰਤੀ ਹੋ ਗਿਆ। ਕਪੂਰਥਲੇ ਵੱਲੋਂ ਕਾਰੀ ਅਤੇ ਸੁਰਿੰਦਰਪਾਲ 5-6 ਖਿਡਾਰੀ ਸਨ। ਸਪੋਰਟਸ ਸਕੂਲ ਜਲੰਧਰ ਵੱਲੋਂ ਗੁਰਚਰਨ, ਬਲਕਾਰ ਸਿੰਘ, ਬਠਿੰਡੇ ਤੋਂ ਖੜਕ ਸਿੰਘ, ਰੋਪੜ ਤੋਂ ਤੁਲਸੀ ਸਿੰਘ, ਸ਼ੇਰਪੁਰ ਤੋਂ ਨਿੰਮਾ, ਕੁਲਵੰਤ ਟੂਟੀ, ਮਨਜੀਤ ਅਤੇ

ਚਮਿਆਰੇ ਵਾਲਾ ਗੁਰਪਾਲ ਪਾਲੀ ਸਨ। ਪੱਤੜੀਏ ਬੋਲੇ ਅਤੇ ਚੱਕਾਂ ਵਾਲੇ ਪੰਡਿਤ ਨਾਲ ਵੀ ਕਈ ਮੈਚ ਖੇਡੇ। ਇਕ ਵਾਰ ਸਟੇਡੀਅਮ ਵਿਚ ਉਹ ਪ੍ਰੈਕਟਿਸ ਕਰ ਰਹੇ ਸਨ ਤਾਂ ਕੁਝ ਅੰਗਰੇਜ਼ੀ ਅਖ਼ਬਾਰਾਂ ਦੇ ਪ੍ਰੈਸ ਰਿਪੋਰਟਰ ਆ ਕੇ ਗੱਲਬਾਤ ਕਰਨ ਲੱਗੇ। ਕਾਰੀ ਨੂੰ ਪਤਾ ਨਹੀਂ ਸੀ ਕਿ ਉਹ ਕਿਉਂ ਪੁੱਛ ਰਹੇ ਹਨ। ਉਦੋਂ ਪਤਾ ਲੱਗਾ ਜਦੋਂ ਦੂਜੇ ਦਿਨ ਦੀ ਅਖ਼ਬਾਰ ਵਿਚ ਉਹਦੇ ਬਾਰੇ ਵੱਡਾ ਲੇਖ ਛਪਿਆ।

ਕਾਰੀ ਨੇ ਅਨੰਦਪੁਰ ਸਾਹਿਬ, ਢੁੱਡੀਕੇ, ਪਟਿਆਲੇ, ਬਰਿਆਲ (ਬਠਿੰਡਾ), ਬੁੱਢੀ ਪਿੰਡ (ਹੁਸ਼ਿਆਰਪੁਰ), ਪਾਂਛਟਾ ਅਤੇ ਦਿੱਲੀ ਚੈਂਪੀਅਨਸ਼ਿਪ ਖੇਡੀ। ਨੈਸ਼ਨਲ ਸਟਾਈਲ ਦੀ ਓਪਨ ਚੈਪੀਅਨਸ਼ਿਪ ਸੋਲਨ, ਗੰਗਾਨਗਰ, ਜੈਪੁਰ, ਖਾਮਗਾਓਂ (ਲਾਗੇ ਨਾਗਪੁਰ) ਅਤੇ ਇੰਟਰਵਰਸਿਟੀ ਦੀ ਨਾਰਥ-ਪੋਲ, ਸਾਊਥ-ਪੋਲ ਖੇਡਿਆ। ਦੂਰ ਦੂਰ ਤੱਕ ਮੈਚ ਖੇਡਣ ਜਾਣਾ ਤਾਂ ਕਈ ਕਈ ਦਿਨ ਬਾਹਰ ਰਹਿਣਾ ਪੈਂਦਾ। ਆਮ ਕਰਕੇ ਸਰਬਣ ਬੱਲ ਹੀ ਦੂਰ ਦੂਰ ਟੀਮ ਲੈ ਕੇ ਜਾਇਆ ਕਰਦਾ ਸੀ। ਕਈ ਵਾਰ ਖਾਲਸਾ ਕਾਲਜ ਦੇ ਡੀ. ਪੀ. ਈ. ਮੋਹਣ ਸਿੰਘ ਵੀ ਨਾਲ ਜਾਂਦੇ।

ਸੰਜੇ ਗਾਂਧੀ ਦੀ ਮੌਤ ਤੋਂ ਬਾਅਦ ਸੰਜੇ ਮੈਮੋਰੀਅਲ ਆਲ ਇੰਡੀਆ ਕਬੱਡੀ ਚੈਂਪੀਅਨਸ਼ਿਪ ਦਿੱਲੀ ਸਟੇਡੀਅਮ ਕਰਵਾਈ ਗਈ। ਵਿਰੋਧੀ ਟੀਮ ਦਿੱਲੀ ਦੀ ਸੀ ਜਿਸ ਵਿਚ ਜ਼ਿਆਦਾ ਖਿਡਾਰੀ ਹਰਿਆਣੇ ਤੋਂ ਸਨ। ਕਾਰੀ ਦੀ ਕਪਤਾਨੀ ਹੇਠ ਖੇਡੀ ਟੀਮ ਨੇ ਸਖਤ ਮੁਕਾਬਲੇ ਇਕ ਨੰਬਰ ’ਤੇ ਜਿੱਤ ਪ੍ਰਾਪਤ ਕੀਤੀ। ਜਿੱਤ ਦੀ ਖ਼ੁਸ਼ੀ ਵਿਚ ਖੀਵੇ ਹੋਏ ਜਲੰਧਰ ਦੇ ਕੋਚ ਸਰਦੂਲ ਸਿੰਘ ਨੇ ਆਪਣੇ ਪਿਸਤੌਲ ਵਿਚੋਂ ਪਰਾਂਹ ਨੂੰ ਗੋਲੀਆਂ ਕੱਢ ਦਿੱਤੀਆਂ। ਵਿਰੋਧੀ ਟੀਮ ਵਾਲੇ ਰੌਲਾ ਪਾ ਕੇ ਬਹਿ ਗਏ ਕਿ ਉਨ੍ਹਾਂ ਨੂੰ ਡਰਾ ਕੇ ਜਿੱਤੇ ਹਨ। ਮੈਚ ਦੁਬਾਰਾ ਹੋਣਾ ਚਾਹੀਦੈ। ਇਸ ਰੌਲੇ-ਰੱਪੇ ਅਤੇ ਕਸ਼ਮਕਸ਼ ਵਿਚ ਦੂਜੇ ਦਿਨ ਫਿਰ ਮੈਚ ਕਰਾਉਣ ਦਾ ਫੈਸਲਾ ਹੋਇਆ। ਜ਼ਬਰਦਸਤ ਮੁਕਾਬਲੇ ਵਿਚ ਉਨ੍ਹਾਂ ਫਿਰ ਦੋ ਨੰਬਰਾਂ ’ਤੇ ਚੈਂਪੀਅਨਸ਼ਿਪ ਜਿੱਤੀ ਤੇ ਗੋਲਡ ਮੈਡਲ ਦੇ ਹੱਕਦਾਰ ਬਣੇ। ਕਾਰੀ ਨਾਲ ਪੱਤੜੀਆ ਬੋਲਾ, ਬੇਵੀ, ਮਦਨ ਗੋਗੀ, ਬਲਕਾਰ ਸਿੰਘ ਸੈਦੋਵਾਲ, ਗਿਆਨੀ ਜਰਨੈਲ ਸਿੰਘ ਅਤੇ ਪੀ. ਏ. ਪੀ. ਦਾ ਪਲੇਅਰ ਸੁੱਖਾ (ਛੀਨਾ), ਜੋ ਅੱਜ ਕੱਲ੍ਹ ਡੀ. ਐਸ. ਪੀ. ਹੈ, ਸਾਥੀ ਖਿਡਾਰੀ ਸਨ।

1982-83 ਯੂਨੀਵਰਸਿਟੀ ਦੀ ਕਪਤਾਨੀ ਵੀ ਕਾਰੀ ਨੇ ਕੀਤੀ। ਕਪੂਰਥਲੇ ਦੀ ਚੈਂਪੀਅਨਸ਼ਿਪ ਵਿਚ ਪੰਜਾਬ ਪੁਲਿਸ ਵਿਚ ਖੇਡਦੇ ਫਿੱਡੂ ਹੋਰਾਂ ਨਾਲ ਡੱਟ ਕੇ ਮੁਕਾਬਲਾ ਕੀਤਾ। ਰਾਜਿੰਦਰ ਕੁਮਾਰ ਬੇਵੀ, ਜਰਨੈਲ, ਗਿਆਨੀ ਮੋਠਾਂ ਆਲੀਆ, ਮਦਨ ਲਾਲ ਗੋਗੀ, ਦਲਜੀਤ ਸਿੰਘ ਅਤੇ ਬਲਕਾਰ ਸਿੰਘ (ਕਬੱਡੀ ਖਿਡਾਰੀ ਗਾਸ਼ੇ ਦਾ ਭਰਾ) ਖਿਡਾਰੀ ਸਨ। ਰਮੀਦੀ ਚੈਂਪੀਅਨਸ਼ਿਪ ਅਤੇ ਆਲ ਇੰਡੀਆ ਚੈਂਪੀਅਨਸ਼ਿਪ ਵਿਚ ਵਧੀਆ ਗੇਮ ਦਿਖਾਈ।

ਮੱਖਣ ਸਿੰਘ ਡੀ. ਪੀ. ਈ., ਸ਼ਿਵਦੇਵ, ਬਲਵਿੰਦਰ ਫਿੱਡੂ, ਮਨਜੀਤ, ਮੂਰਤੀ ਅਤੇ ਬੇਗੋਵਾਲ ਦੇ ਦਿਲਬਾਗ ਬਾਘਾ ਡੀ. ਪੀ. ਈ. ਸੀਨੀਅਰ ਖਿਡਾਰੀਆਂ ਨੇ 'ਕੱਠੇ ਹੋ ਕੇ ਬੇਗੋਵਾਲ ਦੋਸਤਾਨਾ ਮੈਚ ਕਰਵਾਇਆ। ਸੀਨੀਅਰ ਖਿਡਾਰੀਆਂ 'ਚ 'ਕੱਲਾ ਕਾਰੀ ਹੀ ਛੋਟੀ ਉਮਰ ਦਾ ਖਿਡਾਰੀ ਸੀ। ਕਾਰੀ ਨੇ ਛੋਟੀ ਉਮਰੇ 35 ਕਿੱਲੋ ਭਾਰ ਤੋਂ ਸ਼ੁਰੂ ਹੋ ਕੇ ਵੱਡੇ ਵੱਡੇ ਮੈਚ ਖੇਡੇ। ਪ੍ਰੀਤੇ ਦੀ ਟੀਮ ਦਾ ਖਿਡਾਰੀ ਬਣ ਪਟਿਆਲੇ ਚੈਂਪੀਅਨਸ਼ਿਪ ਖੇਡੀ।

1983-84 'ਚ ਸਾਹਨੇਵਾਲ ਆਖਰੀ ਚੈਂਪੀਅਨਸ਼ਿਪ ਖੇਡੀ। ਜ਼ਿਆਦਾਤਰ ਖਿਡਾਰੀ ਪੁਲਿਸ ਮਹਿਕਮੇ ਦੇ ਸਨ। ਉਥੋਂ ਗੋਲਡ ਮੈਡਲ ਜਿੱਤਿਆ। ਇਸ ਚੈਂਪੀਅਨਸ਼ਿਪ ਤੋਂ ਬਾਅਦ ਕਾਰੀ 1985 'ਚ ਨਿਊਯਾਰਕ ਆ ਪਹੁੰਚਿਆ ਅਤੇ ਨਿਊਯਾਰਕ ਦੇ ਖੇਡ ਮੈਦਾਨਾਂ ਵਿਚ ਗੱਜਣ ਲੱਗਾ। ਕਾਲਜ ਦੇ ਪੁਰਾਣੇ ਸਾਥੀ ਰਾਜਿੰਦਰ ਕੁਮਾਰ ਬੇਵੀ ਤੇ ਕਾਰੀ ਫਿਰ 'ਕੱਠੇ ਹੋ ਗਏ। ਆਪਣਾ ਸ਼ੌਕ ਬਰਕਰਾਰ ਰੱਖਣ ਲਈ 'ਕਪੂਰਥਲਾ ਸਪੋਰਟਸ ਕਲੱਬ' ਬਣਾਇਆ ਅਤੇ ਨਿਊਯਾਰਕ, ਨਿਊਜਰਸੀ, ਫਿਲਾਡੈਲਫੀਆ ਅਤੇ ਓਹਾਇਓ ਦੇ ਟੂਰਨਾਮੈਂਟਾਂ ਵਿਚ ਵਾਲੀਬਾਲ ਮੈਚ ਖੇਡੇ ਅਤੇ ਜਿੱਤੇ। ਕਈ ਵਾਰ ਫੁੱਟਬਾਲ ਮੈਚਾਂ ਵਿਚ ਵੀ ਆਪਣੇ ਕਲੱਬ ਵੱਲੋਂ ਖੇਡਿਆ। ਆਲੇ-ਦੁਆਲੇ ਖੇਡ-ਮੇਲਿਆਂ ਵਿਚ ਕਾਰੀ, ਮੰਗੀ, ਬੇਵੀ—ਤਿੰਨੇ ਸਰਗਰਮ ਹੋ ਕੇ ਹਿੱਸਾ ਲੈਂਦੇ। ਕਾਰੀ ਹੁਣ ਬੇਟੀ, ਬੇਟੇ ਅਤੇ ਪਤਨੀ ਨਾਲ ਖੁਸ਼ੀ ਭਰਿਆ ਜੀਵਨ ਬਿਤਾ ਰਿਹਾ ਹੈ। ਬੇਟਾ ਮਨਦੀਪ ਸਿੰਘ ਭੰਗੜੇ ਦਾ ਸ਼ੌਕੀਨ ਹੈ। ਕਾਰੀ ਹੋਰੀਂ ਪੰਜ ਭਰਾ ਅਤੇ ਦੋ ਭੈਣਾਂ ਹਨ। ਮਾਤਾ ਪਿਤਾ ਅਤੇ ਇਕ ਭਰਾ ਇਸ ਦੁਨੀਆਂ ਤੋਂ ਤੁਰ ਗਏ। ਤਿੰਨ ਭਰਾ ਅਮਰੀਕਾ ਰਹਿੰਦੇ ਹਨ।

ਕਾਰੀ, ਮੰਗੀ, ਬੇਵੀ ਦੀ ਤਿੱਕੜੀ ਨਿਊਯਾਰਕ ਦੇ ਖੇਡ ਮੇਲਿਆਂ ਵਿਚ ਬੜੀ ਸਰਗਰਮ ਰਹਿੰਦੀ ਹੈ। ਵਾਲੀਬਾਲ ਆਪ ਵੀ ਖੇਡਦੇ ਹਨ ਤੇ ਨਵੇਂ ਖਿਡਾਰੀਆਂ ਨੂੰ ਵੀ ਖਿਡਾਉਂਦੇ ਹਨ। 'ਕਪੂਰਥਲਾ ਸਪੋਰਟਸ ਕਲੱਬ' ਵੱਲੋਂ ਫੁੱਟਬਾਲ, ਵਾਲੀਬਾਲ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਕਬੱਡੀ ਦੇ ਮਹਾਂਬਲੀ ਉਸਤਾਦ ਸਰਬਣ ਬੱਲ ਦੀ ਉਸਤਾਦੀ ਨੂੰ ਹਮੇਸ਼ਾ ਯਾਦ ਰੱਖਦੇ ਹਨ ਅਤੇ ਸਤਿਕਾਰਦੇ ਹਨ।

# ਭਾਰਤੀ ਹਾਕੀ ਟੀਮ ਦੀ ਖਿਡਾਰਨ ਅਤੇ ਕੋਚ—ਸਰੋਜ ਬਾਲਾ

ਸਰੋਜ ਬਾਲਾ ਜੀ ਪਹਿਲੀ ਭਾਰਤੀ ਮਹਿਲਾ ਹਨ, ਜਿਹਨਾਂ ਨੂੰ ਐਫ. ਆਈ. ਐਚ. (ਇੰਟਰਨੈਸ਼ਨਲ ਹਾਕੀ ਫ਼ੈਡਰੇਸ਼ਨ) ਦੇ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ। 1980 ਤੋਂ 1988 ਤੱਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਕੀ ਟੀਮ ਦੇ ਪਲੇਇੰਗ ਮੈਂਬਰ, ਜੋ ਹਮੇਸ਼ਾ ਹੀ ਟੀਮ ਦੀ ਸੱਜੀ ਵਿੰਗ ਪੁਜ਼ੀਸ਼ਨ ’ਤੇ ਅੱਠ ਸਾਲ ਖੇਡੇ। ਚਾਰ ਸਾਲ ਭਾਰਤੀ ਹਾਕੀ ਕੋਚ ਦੀ ਸੇਵਾ ਨਿਭਾਉਣ ਵਾਲੇ ਸਰੋਜ ਬਾਲਾ ਜੀ ਦਾ ਜਨਮ ਮਹਾਰਾਜਾ ਪਟਿਆਲਾ ਦੇ ਸ਼ਹਿਰ ਮਾਤਾ ਅੰਮ੍ਰਿਤ ਕੌਰ ਅਤੇ ਪਿਤਾ ਮਰਹੂਮ ਬੇਅੰਤ ਰਾਏ ਜੀ ਦੇ ਵੱਡੇ ਪਰਿਵਾਰ ’ਚ ਹੋਇਆ।

ਮੁੱਢਲੀ ਪੜ੍ਹਾਈ ਆਪ ਨੇ ਗੌ: ਸੀਨੀਅਰ ਸੈਕੰਡਰੀ ਸਕੂਲ, ਰਾਜਪੁਰਾ ਕਾਲੋਨੀ, ਪਟਿਆਲਾ ਤੋਂ ਕਰਨ ਉਪਰੰਤ ਗ੍ਰੈਜੂਏਸ਼ਨ ਵੀ ਪਟਿਆਲੇ ਤੋਂ ਕੀਤੀ।

ਆਪ ਨੇ ਹਾਕੀ ਦੀ ਸ਼ੁਰੂਆਤ ਸੱਤਵੀਂ ਕਲਾਸ ਤੋਂ ਤੇਰ੍ਹਾਂ ਸਾਲ ਦੀ ਉਮਰੇ ਰਾਜਿੰਦਰ ਕੌਰ ਗਿੱਲ ਡੀ. ਪੀ. ਈ. ਦੀ ਹੱਲਾਸ਼ੇਰੀ ਨਾਲ ਕੀਤੀ। ਨਾਲ ਨਾਲ ਪੰਜਾਬ ਸਰਕਾਰ ਵੱਲੋਂ ਦਿੱਤੇ ਹਾਕੀ ਕੋਚ ਮਾਸਟਰ ਪ੍ਰੀਤਮ ਸਿੰਘ ਵੀ ਸਿਖਲਾਈ ਦਿੰਦੇ ਰਹੇ। ਨਾਲ ਹੀ ਸ. ਅਵਤਾਰ ਸਿੰਘ ਵੀ ਕਾਫੀ ਮਿਹਨਤ ਕਰਾਉਂਦੇ ਰਹੇ ਅਤੇ ਕੋਚ ਬਾਲ ਕਿਸ਼ਨ ਸਿੰਘ ਨੇ ਹਾਕੀ ਦੀਆਂ ਛੋਟੀਆਂ ਛੋਟੀਆਂ ਤਕਨੀਕਾਂ ਦੱਸ ਕੇ ਆਪ ਦੀ ਖੇਡ ਵਿੱਚ ਹੋਰ ਨਿਖਾਰ ਲਿਆਂਦਾ।

ਆਪ ਨੇ ਪਬਲਿਕ ਐਡਮਨਸਟਰੇਸ਼ਨ ਐਮ. ਏ. ਦੀ ਪੜ੍ਹਾਈ ਕਰਨ ਤੋਂ ਬਾਅਦ ਹਾਕੀ ਡਿਪਲੋਮਾ ਕੀਤਾ। 1980 ਵਿੱਚ ਹਾਕੀ ਦੀ ਸ਼ੁਰੂਆਤ ਕਰ ਅੰਤਰਰਾਸ਼ਟਰੀ ਏਸ਼ੀਆਈ ਗੇਮਜ਼, ਵਰਲਡ ਕੱਪ, ਜੂਨੀਅਰ ਏਸ਼ੀਆ ਕੱਪ ਵਿੱਚ ਆਪ ਟੱਪ ਦੇ ਪਲੇਅਰ ਰਹੇ।

ਚੀਨ, ਜਪਾਨ, ਕੋਰੀਆ, ਆਸਟਰੇਲੀਆ, ਜਰਮਨੀ, ਯੂ.ਐਸ.ਏ., ਮਲੇਸ਼ੀਆ, ਅਰਜਨਟੀਨਾ ਤੋਂ ਇਲਾਵਾ ਕਈ ਹੋਰ ਮੁਲਕਾਂ ’ਚ ਵੀ ਆਪ ਖੇਡੇ। 1990 ਤੋਂ 1998 ਤੱਕ 8 ਸਾਲ ਇੰਦਰਾ ਗਾਂਧੀ ਅੰਤਰਰਾਸ਼ਟਰੀ ਟੂਰਨਾਮੈਂਟ ਗੋਲਡ ਕੱਪ ਖੇਡੇ।

1990 ਤੋਂ 1998 ਤੱਕ ਏਸ਼ੀਅਨ ਗੇਮਜ਼, ਜੂਨੀਅਰ ਵਰਲਡ ਕੱਪ, ਕਾਮਨਵੈਲਥ ਗੇਮਜ਼, 1994 ਦੀ ਹੀਰੋਸ਼ੀਮਾ ਏਸ਼ੀਆ ਗੇਮਜ਼, 2008 ਦਾ ਮਲੇਸ਼ੀਆ ਕਾਮਨਵੈਲਥ, ਜਪਾਨ, ਇੰਡੋ-ਜਰਮਨ ਅਤੇ ਇੰਡੋ-ਯੂ. ਕੇ. ਅੰਪਾਇਰ ਦੀ ਸੇਵਾ ਨਿਭਾਈ।

1988 'ਚ ਆਪ ਦੀ ਸ਼ਾਦੀ ਨੈਸ਼ਨਲ ਅਥਲੈਟਿਕਸ ਦੇ ਸਹਾਇਕ ਕੋਚ ਨਰਿੰਦਰ ਸਿੰਘ ਨਾਲ ਹੋ ਗਈ, ਜੋ ਉਸ ਵਕਤ ਪਟਿਆਲਾ ਬਿਜਲੀ ਬੋਰਡ ਦੇ ਸੀਨੀਅਰ ਸਪੋਰਟਸ ਅਫਸਰ ਸਨ। ਪਤੀ ਨਰਿੰਦਰ ਸਿੰਘ ਦੇ ਚਾਚਾ ਪ੍ਰਿਥੀ ਰਾਜ ਨੇ ਵਿਆਹ ਤੋਂ ਬਾਅਦ ਸਰੋਜ ਨੂੰ ਬਹੁਤ ਉਤਸ਼ਾਹਤ ਕੀਤਾ। ਸੱਸ ਮਹਿੰਦਰ ਕੌਰ ਨੇ ਬਹੁਤ ਸਾਥ ਦਿੱਤਾ, ਜਿਹਨਾਂ ਕੋਲ ਦੋ ਮਹੀਨੇ ਦੀ ਬੇਟੀ ਛੱਡ ਆਪ ਵੱਖ ਵੱਖ ਏਸ਼ੀਅਨ ਖੇਡਾਂ ਵਿੱਚ ਭਾਗ ਲਿਆ। ਜਾਣਕਾਰੀ ਲਈ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਨਰਿੰਦਰ ਸਿੰਘ ਦਾ ਪਿਛਲਾ ਪਿੰਡ ਸਰਹਾਲ ਕਾਜੀਆਂ ਜ਼ਿਲ੍ਹਾ ਨਵਾਂਸ਼ਹਿਰ ਦਾ ਪ੍ਰਸਿੱਧ ਪਿੰਡ ਹੈ। ਨਰਿੰਦਰ 1978-79 ਸਿੱਖ ਨੈਸ਼ਨਲ ਕਾਲਜ ਬੰਗਾ ਦਾ ਬੈੱਸਟ ਅਥਲੀਟ ਰਹਿ ਚੁੱਕਾ ਹੈ।

1980-81 ਦਰਮਿਆਨ ਨਰਿੰਦਰ ਨੇ ਪੰਜਾਬ ਪੁਲਿਸ ਦੀ ਨੌਕਰੀ ਸ਼ੁਰੂ ਕੀਤੀ। ਪੰਜਾਬ ਪੁਲਿਸ ਦੀਆਂ ਖੇਡਾਂ ਡਕਿਥਲਨ ਵਿੱਚ 10 ਈਵੈਂਟ ਜਿਵੇਂ- 100 ਮੀਟਰ ਦੌੜ, 400 ਮੀਟਰ ਦੌੜ, 110 ਮੀਟਰ ਹਰਡਲ, 1500 ਮੀਟਰ ਦੌੜ, ਲੌਂਗ ਜੰਪ, ਹਾਈਜੰਪ, ਪੋਲ ਵਾਲਟ, ਸ਼ਾੱਟਪੁੱਟ, ਡਿਸਕਸ ਥਰੋ ਅਤੇ ਜੈਵਲਿਨ ਥਰੋ ਵਗੈਰਾ। 1981 ਦਾ ਸੀਨੀਅਰ ਬੁਆਏ ਪੰਜਾਬ ਡਕਿਥਲਨ ਦਾ ਇਹ ਰਿਕਾਰਡ ਹਾਲੇ ਤੱਕ ਕਿਸੇ ਤੋਂ ਨਹੀਂ ਟੁੱਟਾ। ਜਦੋਂ ਨਰਿੰਦਰ ਨੂੰ ਵਧੀਆ ਮੌਕਾ ਮਿਲਿਆ ਤਾਂ ਆਪ ਨੇ ਡੀ. ਸੀ. ਐਮ. ਜੁਆਇਨ ਕਰ ਲਈ। 1982 ਦੀਆਂ ਏਸ਼ੀਅਨ ਗੇਮਾਂ ਵਾਸਤੇ ਆਪ ਚੁਣੇ ਗਏ ਪਰ ਬਦਕਿਸਮਤੀ ਨਾਲ ਗਿੱਟੇ 'ਤੇ ਸੱਟ ਲੱਗਣ ਕਰਕੇ ਖੇਡਾਂ 'ਚ ਭਾਗ ਨਹੀਂ ਲੈ ਹੋਇਆ।

ਨੈਸ਼ਨਲ ਪੱਧਰ ਦਾ ਅਥਲੀਟ ਹੁੰਦਾ ਹੋਇਆ, ਕਈ ਹੋਰ ਅਦਾਰਿਆਂ 'ਚ ਖੇਡਦਾ, ਪੂਨੇ ਖੇਡਾਂ ਦਾ ਨੈਸ਼ਨਲ ਚੈਂਪੀਅਨ ਅਤੇ ਆਲ ਇੰਡੀਆ ਡਕਿਥਲਨ ਦਾ ਰਿਕਾਰਡ ਬਣਾਉਂਦੇ ਨਰਿੰਦਰ ਸਿੰਘ ਨੇ 1983 ਵਿੱਚ ਪੰਜਾਬ ਬਿਜਲੀ ਬੋਰਡ ਪਟਿਆਲਾ ਦੇ ਸੀਨੀਅਰ ਸਪੋਰਟਸ ਅਫਸਰ ਦੀ ਨੌਕਰੀ ਦਾ ਅਹੁਦਾ ਸੰਭਾਲ ਲਿਆ। ਆਪ ਦੀ ਦੇਖ ਰੇਖ ਹੇਠ ਨੈਸ਼ਨਲ ਅਤੇ ਇੰਟਰਨੈਸ਼ਨਲ ਖਿਡਾਰੀ ਪੈਦਾ ਹੋਏ। ਕੁਸ਼ਤੀ, ਕਬੱਡੀ, ਫੁੱਟਬਾਲ ਅਤੇ ਹੋਰ ਮਹਿਕਮੇ ਦੇ ਖਿਡਾਰੀਆਂ ਨੂੰ ਆਪ ਵੱਲੋਂ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ। 1990 ਵਿੱਚ ਅੰਡਰ-20 (20 ਸਾਲ ਤੋਂ ਹੇਠਾਂ) ਐਥਲੈਟਿਕ ਨੈਸ਼ਨਲ ਕੋਚ ਬਣੇ ਨਰਿੰਦਰ ਸਿੰਘ ਜ਼ਿੰਦਗੀ ਤੋਂ ਪੂਰਾ ਖੁਸ਼ ਹੈ। ਆਪ ਦੇ ਇੱਕ ਬੇਟੀ ਅਤੇ ਇੱਕ ਬੇਟਾ ਹੈ, ਜਿਹਨਾਂ ਨੂੰ ਚੰਗੇ ਸ਼ਹਿਰੀ ਅਤੇ ਵਧੀਆ ਸਪੋਰਟਸ ਪਰਸਨ ਬਣਾਉਣ ਦੀ ਦਿੱਲੀ ਤਮੰਨਾ ਹੈ। ਬੇਟਾ ਕਰਨ ਸਿੰਘ ਚੰਗਾ ਸਵਿੰਮਰ (ਤੈਰਾਕ) ਹੈ।

ਸਰੋਜ ਬਾਲਾ ਜੀ ਨਰਿੰਦਰ ਸਿੰਘ ਵਰਗੇ ਨੇਕ ਇਨਸਾਨ ਨੂੰ ਜੀਵਨ ਸਾਥੀ ਚੁਣ ਕੇ ਬਹੁਤ ਖੁਸ਼ ਹੈ। ਹੱਸਮੁੱਖ ਨੇਕ ਇਨਸਾਨ ਨਰਿੰਦਰ ਸਿੰਘ ਖੇਡਾਂ ਦੇ ਨਾਲ ਨਾਲ ਗਾਉਣ ਦਾ ਸ਼ੌਕ ਵੀ ਰੱਖਦਾ ਹੈ। ਅਗਰ ਨਰਿੰਦਰ ਸਿੰਘ ਖਿਡਾਰੀ ਨਾ ਬਣਦਾ ਤਾਂ ਅੱਜ ਦਾ ਤਕੜਾ ਗਾਇਕ ਹੁੰਦਾ। ਪ੍ਰਸਿੱਧ ਗਾਇਕਾ ਸਤਵਿੰਦਰ ਬਿੱਟੀ ਜੀ ਸਰੋਜ ਬਾਲਾ ਕੋਲ ਹਾਕੀ ਖੇਡਦੇ ਰਹੇ ਹਨ। ਸਰੋਜ ਬਾਲਾ ਜੀ ਕੋਚ ਰਹਿਣ ਕਰਕੇ ਬਿੱਟੀ ਆਪ ਦੀ ਬਹੁਤ ਇੱਜ਼ਤ ਕਰਦੀ ਹੈ।

ਅਨੇਕਾਂ ਮੁਲਕਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਵਿੱਚ ਹਿੱਸਾ ਲੈ ਚੁੱਕੇ ਸਰੋਜ ਬਾਲਾ ਜੀ ਸੰਨ 2000 ਵਿੱਚ ਖੇਡਣਾ ਬੰਦ ਕਰ ਕੇ ਪੰਜਾਬ ਦੇ ਪਿੰਡਾਂ ਵਿੱਚ ਬੱਚਿਆਂ ਨੂੰ ਖੇਡਣ ਵੱਲ, ਖਾਸ ਕਰਕੇ ਹਾਕੀ ਨੂੰ ਉਤਸ਼ਾਹਤ ਕਰ ਰਹੇ ਹਨ।

ਆਪ ਦੀਆਂ ਚੰਗੀਆਂ ਪ੍ਰਾਪਤੀਆਂ ਦੇਖਦੇ ਹਿੰਦੋਸਤਾਨ ਪੈਟਰੋਲੀਅਮ ਕੰਪਨੀ ਨੇ ਭਾਰਤੀ ਸਿਤਾਰੇ ਵਜੋਂ ਚਮਕਣ ਵਾਲੀ ਸਰੋਜ ਨੂੰ ਹੁਸ਼ਿਆਰਪੁਰ ਵਿਖੇ ਪੈਟਰੋਲ ਸਟੇਸ਼ਨ ਲਗਾ ਕੇ ਦਿੱਤਾ ਹੋਇਆ ਹੈ, ਜਿੱਥੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਖੇਡਾਂ ਦੇ ਨਾਲ ਨਾਲ ਆਪਣੇ ਕਾਰੋਬਾਰ ਦੀ ਦੇਖ-ਭਾਲ ਵੀ ਕਰ ਰਹੇ ਹਨ। ਭਾਰਤੀ ਹਾਕੀ ਨੂੰ ਬੁਲੰਦੀਆਂ 'ਤੇ ਪਹੁੰਚਾਣ ਵਾਲੀ, ਹਾਕੀ ਨੂੰ ਨਵੀਂ ਰੂਹ ਬਖਸ਼ਣ ਵਾਲੀ ਪੰਜਾਬਣ ਮੁਟਿਆਰ ਸਰੋਜ ਬਾਲਾ ਨੂੰ ਫਰਵਰੀ 2008 ਦੋਆਬੇ ਦੇ ਮਿੰਨੀ ਓਲੰਪਿਕ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ਉੱਤੇ ਸਨਮਾਨਤ ਕੀਤਾ ਗਿਆ।

# ਰਿਆਸਤੀ ਰਾਜਾਂ ਦਾ ਪਹਿਲਵਾਨ—
# ਰੁਸਤਮ-ਏ-ਹਿੰਦ ਪੂਰਨ ਸਿੰਘ ਸਿੱਧੂ

ਪਹਿਲਵਾਨ ਪੂਰਨ ਸਿੰਘ ਸਿੱਧੂ ਪੰਜਾਬ ਦੇ ਪਹਿਲਵਾਨਾਂ ਨੂੰ ਪਛਾੜਦਾ ਦਿੱਲੀ ਜਾ ਪੁੱਜਾ ਤੇ ਉਥੋਂ ਦੇ ਸਾਰੇ ਤਕੜੇ ਪਹਿਲਵਾਨ ਢਾਹੇ। ਫਿਰ ਮਥਰਾ ਤੇ ਆਗਰੇ ਦੇ ਨਾਮੀ ਪਹਿਲਵਾਨ ਚਿੱਤ ਕੀਤੇ। ਸਾਰੇ ਹਲਚਲ ਮੱਚ ਗਈ, ਕੌਣ ਹੈ ਇਹ, ਜੋ ਮਿੰਟਾਂ-ਸਕਿੰਟਾਂ ਵਿਚ ਤਕੜੇ ਪਹਿਲਵਾਨਾਂ ਨੂੰ ਪਛਾੜਦਾ ਜਾ ਰਿਹੈ ? ਦਰਮਿਆਨੇ ਕੱਦ ਤੇ ਪੱਕੇ ਰੰਗ ਕਰਕੇ ਸਾਰੇ ਉਸ ਨੂੰ ਕੰਸ ਆਖਦੇ।

ਪਹਿਲਵਾਨੀ 'ਚ ਤਿੰਨ ਪੂਰਨ ਹੋਏ ਨੇ—ਪਹਿਲਾ ਪੂਰਨ ਕਾਲੇ ਚੜ੍ਹਾਨੇ ਦਾ, ਦੂਜਾ ਸੇਰੋਂ ਵਾਲਾ (ਫੱਤਾ, ਕੇਹਰ ਤੇ ਸੁਮੇਰ ਪਹਿਲਵਾਨ ਭਰਾਵਾਂ ਦਾ ਪਿਤਾ) ਅਤੇ ਤੀਜਾ ਇਹ ਜਖੇਪਲ (ਨਜ਼ਦੀਕ ਸੰਗਰੂਰ) ਵਾਲਾ ਪੂਰਨ।

ਇਕ ਵਾਰ ਖੱਦੀਪੁਰ ਰਿਆਸਤ ਦੇ ਰਾਜੇ ਨੇ ਕੁਸ਼ਤੀਆਂ ਕਰਵਾਈਆਂ, ਜਿਥੇ ਜਖੇਪਲ ਵਾਲੇ ਪੂਰਨ ਦੀ ਸੇਰੋਂ ਵਾਲੇ ਪੂਰਨ ਨਾਲ ਗਹਿਗੱਚ ਕੁਸ਼ਤੀ ਹੋਈ ਤੇ ਬੜੀ ਮੁਸ਼ਕਿਲ ਨਾਲ ਉਸ ਨੂੰ ਪਛਾੜਿਆ। ਇੰਦੌਰ, ਮਹਾਂਰਾਸ਼ਟਰ ਤੇ ਹੋਰ ਰਾਜਾਂ ਵਿੱਚੀਂ ਹੁੰਦਾ ਹੋਇਆ ਬਿਹਾਰ ਦੀ ਦਰਭੰਗਾ ਰਿਆਸਤ ਦੇ ਰਾਜੇ ਕੋਲ ਪਹੁੰਚ ਗਿਆ। ਇਕ ਇਕ ਕਰ ਕੇ ਉਥੋਂ ਸਾਰੇ ਪਹਿਲਵਾਨ ਚਿੱਤ ਕੀਤੇ। ਤਕੜੇ ਮੱਲ ਚਾਂਦ ਖਾਂ ਨਾਲ ਦੋ-ਢਾਈ ਘੰਟੇ ਕੁਸ਼ਤੀ ਚੱਲੀ ਤੇ ਉਸ ਨੂੰ ਢਾਹਿਆ। ਰਾਜੇ ਦੇ ਬਾਗ ਵਿਚ ਅਖਾੜਾ ਪੁੱਟਿਆ ਹੋਇਆ ਸੀ। ਰਾਜਾ ਖੁਦ ਕੋਲ ਬਹਿ ਕੇ ਕੁਸ਼ਤੀਆਂ ਵੇਖਦਾ। ਪੂਰਨ ਤੇ ਚਾਂਦ ਝੋਟਿਆਂ ਵਾਂਗ ਘੁਲਦੇ ਕਾਫੀ ਦੂਰ ਨਿਕਲ ਗਏ। ਪਿੱਛੇ ਪਿੱਛੇ ਲੋਕ ਤਾੜੀਆਂ ਮਾਰਦੇ ਜਾ ਰਹੇ ਸਨ। ਅਖੀਰ ਪੂਰਨ ਨੇ ਚਾਂਦ ਢਾਹ ਲਿਆ। ਦੋਵਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ। ਚਾਂਦ ਖਾਂ ਤਾਂ ਉਥੇ ਹੀ ਡਿੱਗ ਪਿਆ। ਡਿੱਗਦਾ ਢਹਿੰਦਾ ਪੂਰਨ ਰਾਜੇ ਕੋਲ ਪੁੱਜਾ ਤੇ ਗੋਡੀਂ ਹੱਥ ਲਾਉਂਦਿਆਂ ਹੀ ਬੇਹੋਸ਼ ਹੋ ਕੇ ਉਹਦੇ ਪੈਰਾਂ ਵਿਚ ਡਿੱਗ ਪਿਆ। ਸਰੀਰ ਫੁੱਲ ਗਿਆ ਤੇ ਮਾਸ ਚੜ੍ਹ ਗਿਆ। ਕੈਂਚੀ ਨਾਲ ਕੱਟ ਕੇ ਲੰਗੋਟਾ ਲਾਹਿਆ।

ਉਸੇ ਅਖਾੜੇ ਵਿਚ ਹੀ ਪੂਰਨ ਨੇ ਜਰਮਨੀ ਦੇ ਵੱਡੇ ਪਹਿਲਵਾਨ ਕਰੈਮਰ ਨੂੰ ਹਰਾਇਆ। ਕਰੈਮਰ ਦੀ ਕੁਸ਼ਤੀ ਪਹਿਲਾਂ ਗੂੰਗੇ ਪਹਿਲਵਾਨ ਨਾਲ ਹੋ ਚੁੱਕੀ ਸੀ। ਕੁਝ ਹੀ ਮਿੰਟਾਂ ਵਿਚ ਕਰੈਮਰ ਨੇ ਗੂੰਗੇ ਨੂੰ ਹਰਾ ਦਿੱਤਾ। ਕਰੈਮਰ ਦਾ ਆਪਣਾ ਦਾਅ ਸੀ,

ਉਹ ਬਾਹਾਂ ਉਤਾਂਹ ਚੁੱਕ ਲੈਂਦਾ ਤਾਂ ਕਿ ਵਿਰੋਧੀ ਪਹਿਲਵਾਨ ਉਹਨੂੰ ਜੱਫਾ ਮਾਰੇ। ਜੱਫਾ ਵੱਜਦੇ ਸਾਰ ਉਹ ਬੜੀ ਫੁਰਤੀ ਨਾਲ ਘੁੰਮ ਕੇ ਢਾਕ ਮਾਰ ਕੇ ਸੁੱਟ ਲੈਂਦਾ।

ਜਦੋਂ ਪੂਰਨ ਨਾਲ ਕੁਸ਼ਤੀ ਹੋਣ ਲੱਗੀ ਤਾਂ ਕਰੈਮਰ ਨੇ ਉਹੀ ਦਾਅ ਮਾਰਨ ਲਈ ਬਾਹਾਂ ਉਤਾਂਹ ਚੁੱਕ ਲਈਆਂ। ਪੂਰਨ ਨੇ ਸਮਝ ਤੋਂ ਕੰਮ ਲਿਆ ਤੇ ਜੱਫਾ ਨਾ ਮਾਰਿਆ ਸਗੋਂ ਹੌਲੀ ਹੌਲੀ ਬਾਹਾਂ ਖਿੱਚ ਕੇ ਇਕ ਹੱਥ ਉਹਦੇ ਲੰਗੋਟ ਤੇ ਦੂਜਾ ਉਹਦੀ ਗਰਦਨ ਨੂੰ ਪਾ ਕੇ ਜ਼ਮੀਨ ’ਤੇ ਲਿਟਾ ਲਿਆ। 29 ਮਿੰਟ ਕੁਸ਼ਤੀ ਚੱਲੀ ਤੇ ਕਰੈਮਰ ਪਾਣੀ ਮੰਗਣ ਲੱਗ ਪਿਆ। ਉਥੇ ਪਾਣੀ ਪੀਣ ਦੀ ਇਜਾਜ਼ਤ ਨਹੀਂ ਸੀ। ਅਖੀਰ ਕਰੈਮਰ ਨੇ ਹਾਰ ਮੰਨ ਲਈ।

ਇਤਿਹਾਸਕ ਤੇ ਤਕੜੀਆਂ ਕੁਸ਼ਤੀਆਂ ਵੇਖ ਰਾਜੇ ਨੇ ਪੂਰਨ ਨੂੰ ਇਨਾਮਾਂ ਨਾਲ ਮਾਲੋ-ਮਾਲ ਕਰ ਦਿੱਤਾ। ਕੈਂਠਾ, ਕੜਿਆਂ ਦੀ ਜੋੜੀ ਤੇ 5 ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ। ਜਿੱਤ ਦੀ ਖ਼ੁਸ਼ੀ ਵਿਚ ਰਾਜੇ ਨੇ ਸ਼ਾਮ ਨੂੰ ਪਾਰਟੀ ਕੀਤੀ। ਰਾਜੇ ਨੇ ਕਿਹਾ ਕਿ ਉਹਨੇ ਉਹਦੀ ਰਿਆਸਤ ਦਾ ਨਾਂ ਰੌਸ਼ਨ ਕੀਤਾ ਹੈ, ਜੋ ਵੀ ਮੰਗਣਾ, ਮੰਗੇ। ਪੂਰਨ ਨੇ ਕਿਹਾ, “ਜੋ ਵੀ ਭੇਟ ਕਰੋਗੇ, ਮਨਜ਼ੂਰ ਹੈ।” ਰਾਜੇ ਨੇ ਵਜ਼ੀਰ ਨੂੰ ਸੱਦ ਕੇ ਦੋ ਪੱਗਾਂ ਮੰਗਵਾਈਆਂ, ਇਕ ਆਪਣੇ ਸਿਰ ਅਤੇ ਦੂਜੀ ਪੂਰਨ ਦੇ ਸਿਰ ’ਤੇ ਰੱਖਦਿਆਂ ਕਿਹਾ, ਅੱਜ ਤੋਂ ਆਪਾਂ ਪੱਗ-ਵੱਟ ਭਰਾ ਹੋਏ।

ਪੂਰਨ ਨੇ ਗਾਮੇ ਦੇ ਅਖਾੜੇ ਦੇ ਤਕੜੇ ਮੱਲ ਗੋਸਾ ਪਹਿਲਵਾਨ ਨੂੰ ਢਾਹਿਆ। ਬਦਲਾ ਲੈਣ ਲਈ ਗਾਮੇ ਹੁਰੀਂ ਪੂਰਨ ਨੂੰ ਢਾਹੁਣ ਲਈ ਕੋਈ ਤਕੜਾ ਮੱਲ ਲੱਭਣ ਲੱਗੇ। ਪਹਿਲਵਾਨ ਰਣਜੀਤ ਢਿੱਲਵਾਂ ਨੂੰ ਤਿਆਰ ਕੀਤਾ ਗਿਆ ਜੋ ਵਿਦੇਸ਼ਾਂ ਵਿਚ ਘੁਲ ਕੇ ਆਇਆ ਸੀ। ਗਾਮੇ ਹੋਰਾਂ ਸਾਜ਼ਿਸ਼ ਰਚ ਕੇ ਰਣਜੀਤ ਦੀ ਇਕ ਕੁਸ਼ਤੀ ਪੂਰਨ ਨਾਲ ਰਖਾ ਦਿੱਤੀ। ਮੇਜਰ ਮਹਿੰਦਰ ਸਿੰਘ ਵੀ ਉਥੇ ਮੌਜੂਦ ਸੀ। ਪੂਰਨ ਨੇ ਦਾਅ ਮਾਰ ਰਣਜੀਤ ਥੱਲ੍ਹੇ ਸੁੱਟ ਲਿਆ ਤੇ ਉਹਦੀ ਧੌਣ ’ਤੇ ਗੋਡਾ ਰੱਖ ਲਿਆ। ਰੈਫਰੀ ਉਨ੍ਹਾਂ ਦੀ ਮਦਦ ਕਰਨ ਲੱਗ ਪਿਆ ਤੇ ਧੌਣ ’ਤੇ ਗੋਡਾ ਰੱਖਣ ਨੂੰ ਫਾਊਲ ਦੱਸਣ ਲੱਗ ਪਿਆ। ਪਹਿਲਵਾਨ ਗਾਮਾ ਵੀ ਇਹ ਕੁਸ਼ਤੀ ਵੇਖ ਰਿਹਾ ਸੀ। ਮੇਜਰ ਮਹਿੰਦਰ ਸਿੰਘ ਪੂਰਨ ਦੀ ਹਮਾਇਤ ’ਚ ਉਠ ਖੜ੍ਹਾ ਹੋਇਆ ਤੇ ਗਾਮੇ ਨੂੰ ਪੁੱਛਿਆ ਕਿ ਕੀ ਕੁਸ਼ਤੀ ਵਿਚ ਧੌਣ ’ਤੇ ਗੋਡਾ ਰੱਖਣਾ ਫਾਊਲ ਹੈ ? ਗਾਮੇ ਨੂੰ ਮਜਬੂਰਨ ‘ਨਹੀਂ—’ ਕਹਿਣਾ ਪਿਆ ਤੇ ਕੁਸ਼ਤੀ ਦੁਬਾਰਾ ਸ਼ੁਰੂ ਹੋਈ। ਪੂਰਨ ਨੇ ਫਿਰ ਉਹੀ ਦਾਅ ਮਾਰ ਕੇ ਧੌਣ ’ਤੇ ਗੋਡਾ ਰੱਖ ਲਿਆ ਤੇ ਰਣਜੀਤ ਨੂੰ ਬੁਰੀ ਤਰ੍ਹਾਂ ਹਰਾਇਆ। ਪੂਰਨ ਗਾਮੇ ਦੇ ਭਾਣਜੇ ਹਮੀਦੇ ਪਹਿਲਵਾਨ ਨੂੰ ਘੁਲਣ ਲਈ ਲਲਕਾਰਦਾ ਰਿਹਾ ਪਰ ਉਹ ਟਾਲ਼ਾ ਵੱਟਦੇ ਰਹੇ ਤਾਂ ਕਿ ਮਹਾਰਾਜਾ ਪਟਿਆਲੇ ਦੀ ਰਿਆਸਤ ਵਿਚ ਉਨ੍ਹਾਂ ਦੀ ਝੰਡੀ ਬਣੀ ਰਹੇ।

ਫਰੀਦਕੋਟ ਦੇ ਰਾਜੇ ਨੇ ਕੁਸ਼ਤੀਆਂ ਕਰਵਾਈਆਂ। ਉਥੇ ਪੂਰਨ ਨੇ ਤਰਗਾ ਦੇ ਸੱਤ ਫੁੱਟ ਉੱਚੇ ਤਕੜੇ ਪਹਿਲਵਾਨ ਮੰਗਲ ਨੂੰ ਢਾਹਿਆ। ਪੂਰਨ ਦੀਆਂ ਦੋ ਧੌਲਾਂ ਨਾਲ ਉਹ ਨਿਢਾਲ ਹੋ ਗਿਆ ਸੀ। ਪੂਰਨ ਜਿੱਤ ਦਾ ਦਾਅਵੇਦਾਰ ਬਣਿਆ। ਰਾਜਾ ਆਪਣੇ ਰਿਆਸਤੀ ਪਹਿਲਵਾਨ ਦਾ ਜ਼ੋਰ ਵੇਖਣਾ ਚਾਹੁੰਦਾ ਸੀ। ਰਾਜਾ ਰੋਜ਼ ਅਖਾੜੇ ਕੋਲ ਜਾ ਬਹਿ ਜਾਂਦਾ। ਬਿਹਾਰ ਦਾ ਨਾਮੀ ਪਹਿਲਵਾਨ ਜਗਦੀਸ਼ ਰੋਜ਼ਾਨਾ ਅਖਾੜੇ ਵਿਚ ਜ਼ੋਰ ਕਰਨ ਆਉਂਦਾ। ਜਗਦੀਸ਼ ਪੂਰਨ ਦੇ ਧੌਲਾਂ ਮਾਰਦਾ ਰਹਿੰਦਾ। ਇਕ ਦਿਨ ਰਾਜੇ ਨੇ ਕਿਹਾ ਕਿ ਉਹ ਤੇਰੇ ਹਰ ਵੇਲੇ ਧੌਲਾਂ ਮਾਰਦਾ ਰਹਿੰਦਾ ਹੈ, ਤੂੰ ਕਿਉਂ ਨਹੀਂ ਮਾਰਦਾ ? ਰਾਜੇ ਦੇ ਕਹਿਣ ’ਤੇ ਪੂਰਨ ਨੇ ਐਸੀ ਧੌਲ ਮਾਰੀ ਕਿ ਉਹ ਥਾਏਂ ਡਿੱਗ ਪਿਆ ਤੇ ਉਹਨੂੰ ਚੁੱਕ ਕੇ ਅਖਾੜੇ ’ਚੋਂ ਬਾਹਰ ਕੱਢਿਆ। ਉਹਦੇ ਨਾਲ ਦੇ ਪਹਿਲਵਾਨ ਕਹਿ ਰਹੇ ਸਨ, “ਸਾਲੇ ਪੰਜਾਬੀ ਨੇ ਹਮਾਰਾ ਪਹਿਲਵਾਨ ਮਾਰ ਦੀਆ। ”

ਪੂਰਨ ਤੜਕੇ 2 ਵਜੇ ਉਠ ਖੜ੍ਹਦਾ ਤੇ ਕਸਰਤ ਸ਼ੁਰੂ ਕਰ ਦਿੰਦਾ। ਉਹਦਾ ਕਹਿਣਾ ਸੀ ਕਿ ਤਕੜੇ ਮੱਲ ਢਾਹੁਣ ਲਈ ਸਵੇਰੇ 4 ਵਜੇ ਦੀ ਥਾਂ 2 ਵਜੇ ਉਠਣਾ ਚਾਹੀਦੈ ਤਾਂ ਜੋ ਹੋਰ ਮਿਹਨਤ ਕੀਤੀ ਜਾ ਸਕੇ। 4-5 ਕਿਲੋਮੀਟਰ ਰੋਜ਼ਾਨਾ ਦੌੜਨਾ, ਕੋਈ 2000 ਬੈਠਕਾਂ ਮਾਰਨੀਆਂ, ਅਖਾੜੇ ’ਚ ਕਈ ਕਈ ਪਹਿਲਵਾਨਾਂ ਨਾਲ ਜ਼ੋਰ ਕਰਨਾ, ਫਿਰ ਮਾਲਸ਼ ਕਰਾਉਣੀ ਤੇ ਰੋਟੀ ਖਾ ਕੇ ਸੌਂ ਜਾਣਾ। ਸ਼ਾਮ ਨੂੰ ਤਿੰਨ ਵਜੇ ਫਿਰ ਉਠਣਾ ਤੇ ਹੱਥਾਂ ਹੇਠ ਇੱਟਾਂ ਰੱਖ ਕੇ 2500 ਡੰਡ ਮਾਰਨੇ। ਤਿੰਨ ਤੋਂ ਸੱਤ ਵਜੇ ਤੱਕ ਡੰਡ ਮਾਰੀ ਜਾਣੇ।

ਇਕ ਵਾਰ ਕਿਸੇ ਨੇ ਰਾਜੇ ਨੂੰ ਦੱਸ ਦਿੱਤਾ ਕਿ ਉਨ੍ਹਾਂ ਦੇ ਰਾਜ ਦਾ ਪਹਿਲਵਾਨ ਮਿਹਨਤ ਬਹੁਤ ਕਰਦਾ ਹੈ। ਰਾਜੇ ਨੂੰ ਯਕੀਨ ਨਾ ਆਵੇ। ਬਾਗ ਵਿਚ ਬਣੇ ਅਖਾੜੇ ਵਿਚ ਪਹਿਲਵਾਨ ਮਿਹਨਤ ਲਾਉਣ ਲੱਗ ਪਿਆ। ਰਾਜਾ ਕਾਰ ਲੈ ਕੇ ਆ ਗਿਆ। ਕੁਝ ਦੇਰ ਠਹਿਰਨ ਤੋਂ ਬਾਅਦ ਰਾਜਾ ਉਥੋਂ ਚਲਾ ਗਿਆ। ਰਾਜਾ ਫਿਰ ਆ ਗਿਆ। ਪਹਿਲਵਾਨ ਉਦੋਂ ਵੀ ਮਿਹਨਤ ਲਾ ਰਿਹਾ ਸੀ। ਇਸ ਤਰ੍ਹਾਂ ਰਾਜੇ ਨੇ ਤਿੰਨ ਚੱਕਰ ਲਾਏ ਤੇ ਪਹਿਲਵਾਨ ਡੰਡ ਮਾਰਦਾ ਰਿਹਾ। ਖੁਸ਼ ਹੋ ਕੇ ਰਾਜੇ ਨੇ ਉਹਦੀ ਖੁਰਾਕ ਵਧਾ ਦਿੱਤੀ ਤੇ ਹੋਰ ਮਾਣ ਸਨਮਾਨ ਦਿੱਤਾ।

ਪੂਰਨ 4 ਕਿੱਲੋ ਮੀਟ ਦੀ ਰੋਜ਼ਾਨਾ ਯੱਖਣੀ ਪੀਂਦਾ। ਮੀਟ ਸਵੇਰੇ ਅੱਗ ’ਤੇ ਰਿੱਝਣਾ ਰੱਖ ਦੇਣਾ ਤੇ ਸਾਰਾ ਦਿਨ ਰਿੱਝਦਾ ਰਹਿੰਦਾ। ਉਨ੍ਹੀਂ ਦਿਨੀਂ ਇਕ ਰੁਪਏ ਦੇ 8 ਮੁਰਗੇ ਆ ਜਾਂਦੇ ਸਨ। 10 ਛਟਾਂਕ ਦੇਸੀ ਘਿਓ ਦਾ ਗਲਾਸ ਤੇ ਅੱਧਾ ਕਿੱਲੋ ਬਦਾਮਾਂ ਦੀ ਰੋਜ਼ਾਨਾ ਸ਼ਰਦਈ ਪੀਂਦਾ। 2 ਵਕਤ 4-4 ਭਾਰੀਆਂ ਰੋਟੀਆਂ ਖਾਂਦਾ ਤੇ ਫਲ-ਫਰੂਟ ਵੱਖਰਾ। ਯੱਖਣੀ ਪੀ ਕੇ ਮਿਹਨਤ ਸ਼ੁਰੂ ਕਰ ਦੇਣੀ ਤੇ ਕਈ ਕਈ ਘੰਟੇ ਲੱਗਾ ਰਹਿੰਦਾ। ਪਸੀਨਾ ਪਾਣੀ ਵਾਂਗ ਵਹਿ ਤੁਰਦਾ। ਇਹ ਸਾਰੀਆਂ ਗੱਲਾਂ ਸਠਿਆਲੇ ਵਾਲੇ ਕਰਮੇ ਨੇ

ਉਹਦੇ ਬੇਟੇ ਜੈ ਸਿੰਘ ਨੂੰ ਦੱਸੀਆਂ। ਕਈ ਕਈ ਦਿਨ ਉਹ ਉਹਦੇ ਕੋਲ ਆ ਕੇ ਰਹਿ ਜਾਂਦਾ।

ਪੂਰਨ ਨੇ ਤੋਲਾਵਾਲ ਦੇ ਚੰਨਣ ਪਹਿਲਵਾਨ ਤੋਂ ਪਹਿਲਵਾਨੀ ਸਿੱਖੀ। ਪਹਿਲਾਂ ਕਈ ਉਸਤਾਦ ਧਾਰੇ ਪਰ ਉਹ ਸਾਰੇ ਖਾ-ਪੀ ਕੇ ਪਾਸੇ ਹੋ ਜਾਂਦੇ। ਚੰਨਣ ਨੇ ਉਹਦੀ ਕੁਸ਼ਤੀ-ਕਲਾ ਵੇਖੀ। ਕੁਸ਼ਤੀ ਦੇ ਹੋਰ ਦਾਅ-ਪੇਚ ਦੱਸੇ ਤੇ ਪਹਿਲਵਾਨੀ 'ਚ ਹੋਰ ਨਿਖਾਰ ਲਿਆਂਦਾ।

ਪੂਰਨ ਪਹਿਲਵਾਨ ਨੇ ਆਪਣੇ ਸਹੁਰੇ ਪਿੰਡ ਛਾਜਲੀ ਨੂੰ ਬੜਾ ਮਾਣ ਬਖਸ਼ਿਆ। ਛਾਜਲੀ ਦੇ ਰੋਹੀ ਰਾਮ ਤੇ ਜਮਾਂਦਾਰ ਖਾਂ ਤਕੜੇ ਸ਼ਾਗਿਰਦ ਬਣਾਏ। ਕਰਮ ਸਿੰਘ ਸਠਿਆਲਾ ਵੀ ਪੂਰਨ ਪਹਿਲਵਾਨ ਦਾ ਆਸ਼ੀਰਵਾਦ ਲੈ ਕੇ ਤਕੜਾ ਮੱਲ ਬਣਿਆ। ਸੰਗਰੂਰ ਕੋਲ ਛਾਜਲੀ ਪੂਰਨ ਦੇ ਸਹੁਰੇ ਯਾਨਿ ਜੈ ਸਿੰਘ ਦੇ ਨਾਨਕੇ ਸਨ। 1982 ਵਿਚ ਜਮਾਂਦਾਰ ਖਾਂ ਪਾਕਿਸਤਾਨੋਂ ਆਪਣੇ ਉਸਤਾਦ ਦੇ ਬੇਟੇ ਜੈ ਸਿੰਘ ਨੂੰ ਸਪੈਸ਼ਲ ਮਿਲਣ ਆਇਆ। ਉਹ ਕਈ ਦਿਨ ਉਹਦੇ ਕੋਲ ਰਿਹਾ ਤੇ ਉਸਤਾਦ ਨਾਲ ਬਿਤਾਏ ਪਲ ਯਾਦ ਕਰ ਕਰ ਮਨ ਭਰਦਾ ਰਿਹਾ। ਉਹ ਗਾਮੇ ਦੇ ਅਖਾੜੇ ਦੇ ਤਕੜੇ ਪਹਿਲਵਾਨ ਭੋਲੂ ਨਾਲ ਬਰਾਬਰ ਰਿਹਾ ਸੀ। ਉਸ ਤੋਂ ਪਹਿਲਾਂ ਪਹਿਲਵਾਨ ਖੜਕੇ ਨੂੰ ਢਾਹ ਚੁੱਕਾ ਸੀ।

ਪੂਰਨ ਪਹਿਲਵਾਨ ਦੇ ਗੋਰਖਪੁਰ ਅਤੇ ਯੂ.ਪੀ. ਸ਼ਹਿਰ ਉਟਾਵੇ ਵਿਚ ਅਖਾੜੇ ਸਨ। ਉਟਾਵੇ ਵਾਲੇ ਲਾਲੇ ਤੇ ਹੋਰ ਲੋਕ ਬੜੀ ਸੇਵਾ ਤੇ ਕਦਰ ਕਰਦੇ। ਸ਼ਹਿਰ ਦੇ ਲਾਲਿਆਂ ਨੇ ਇਕ ਵਾਰ ਪੂਰਨ ਨੂੰ ਦੱਸਿਆ ਕਿ ਉਹ ਕੁਝ ਬਦਮਾਸ਼ਾਂ ਦੇ ਗਿਰੋਹ ਤੋਂ ਬਹੁਤ ਦੁਖੀ ਹਨ ਜੋ ਉਨ੍ਹਾਂ ਕੋਲੋਂ ਜਬਰਨ ਪੈਸੇ ਉਗਰਾਹੁੰਦੇ ਹਨ। ਪੂਰਨ ਨੇ ਨਾਲ ਦੇ ਪਹਿਲਵਾਨਾਂ ਨਾਲ ਗੱਲ ਕੀਤੀ। ਦੂਜੇ ਪਹਿਲਵਾਨ ਡਰਦੇ ਸਨ ਕਿ ਬੇਗਾਨੇ ਸ਼ਹਿਰ ਵਿਚ ਕਾਹਨੂੰ ਪੰਗਾ ਲੈਣਾ! ਪੂਰਨ ਨੇ ਮਿਹਣਾ ਮਾਰਿਆ ਕਿ ਸ਼ਹਿਰ ਦੇ ਲਾਲੇ ਤੇ ਹੋਰ ਲੋਕ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਹਨ, ਖਾਣ-ਪੀਣ ਨੂੰ ਖੁੱਲ੍ਹਾ ਦਿੰਦੇ ਹਨ, ਉਨ੍ਹਾਂ ਦਾ ਖਾ-ਪੀ ਕੇ ਹਰਾਮ ਕਰਨਾ ਕਿਹੜੀ ਭਲਵਾਨੀ ਹੈ? ਸਾਰੇ ਪਹਿਲਵਾਨ ਮਗਰ ਹੋ ਗਏ ਤੇ ਪੂਰਨ ਪਹਿਲਵਾਨ ਮੂਹਰੇ ਮੂਹਰੇ। ਮਾਰ ਮਾਰ ਡਾਂਗਾਂ ਸਾਰੇ ਬਦਮਾਸ਼ ਭਜਾ ਦਿੱਤੇ।

ਪੂਰਨ ਪਿੰਡ 'ਚ ਵੀ ਕਿਸੇ ਨਾਲ ਵਧੀਕੀ ਨਹੀਂ ਸੀ ਹੋਣ ਦਿੰਦਾ। ਹਮੇਸ਼ਾ ਮਾੜੇ, ਮਜ਼ਲੂਮ ਦਾ ਪੱਖ ਪੂਰਦਾ। ਪਿੰਡ 'ਚੋਂ ਕਈ ਵਾਰ ਡਾਕੂ ਭਜਾਏ। ਸੰਨ 1947 ਦੀ ਵੰਡ ਵੇਲੇ ਉਹਦੇ ਸ਼ਾਗਿਰਦ ਜਮਾਂਦਾਰ ਖਾਂ ਨੂੰ ਪਿੰਡ ਵਾਲਿਆਂ ਜਵਾਨ ਬੇਟੀਆਂ ਤੇ ਸਾਰੇ ਪਰਿਵਾਰ ਨੂੰ ਚੁਬਾਰੇ 'ਚ ਬੰਦ ਕਰ ਦਿੱਤਾ। ਜਾਂ ਤਾਂ ਉਹ ਧਰਮ ਬਦਲ ਲਵੇ ਜਾਂ ਮਰਨ ਲਈ ਤਿਆਰ ਹੋ ਜਾਵੇ। ਪੂਰਨ ਨੂੰ ਪਤਾ ਲੱਗਾ ਤਾਂ ਆਪਣੇ ਕਈ ਸਾਥੀਆਂ ਸਮੇਤ ਰਫਲਾਂ ਲੈ ਕੇ ਜਮਾਂਦਾਰ ਖਾਂ ਦੇ ਬਰਾਬਰ ਜਾ ਖੜ੍ਹਾ ਹੋਇਆ। ਬੜੇ ਅਦਬ ਨਾਲ

ਚੁਬਾਰੇ ਵਿਚੋਂ ਕੱਢ ਕੇ ਪਰਿਵਾਰ ਤੇ ਸਮਾਨ ਸਮੇਤ ਗੱਡੇ 'ਤੇ ਬਿਠਾਇਆ। ਆਸੇ ਪਾਸੇ ਦੋ ਦੋ ਘੋੜਿਆਂ ਵਾਲੇ ਲਾ ਕੇ ਬੜੀ ਜ਼ਿੰਮੇਵਾਰੀ ਨਾਲ ਸੰਗਰੂਰ ਕੈਂਪ ਵਿਚ ਛੱਡ ਕੇ ਆਏ।

ਪੂਰਨ ਦੀ ਸਭ ਤੋਂ ਲੰਬੀ ਢਾਈ ਘੰਟੇ ਦੀ ਕੁਸ਼ਤੀ ਚਾਂਦ ਖਾਂ ਨਾਲ ਹੋਈ। ਚਾਂਦ ਤੋਂ ਇਲਾਵਾ ਯਾਦਗਾਰੀ ਕੁਸ਼ਤੀਆਂ ਲਾਲਾ ਰਾਜ, ਮੂਸਾ, ਸੋਹਣ ਸਿੰਘ, ਅਰਜਨ ਢੋਟੀਆਂ, ਗੋਸਾ ਵਰਗੇ ਤਕੜੇ ਪਹਿਲਵਾਨਾਂ ਨਾਲ ਹੋਈਆਂ। 1932 ਤੋਂ 1957 ਤੱਕ ਪੂਰਨ ਰਾਜੇ ਦੀ ਰਿਆਸਤ ਵਿਚ ਘੁਲਦਾ ਰਿਹਾ। ਤਕੜੇ ਤਕੜੇ ਮੱਲਾਂ ਨੂੰ ਢਾਹਿਆ। ਰਾਜਾ ਉਹਦੀ ਪਹਿਲਵਾਨੀ ਦਾ ਕਾਇਲ ਸੀ। ਰਾਜੇ ਨੇ ਪੂਰਨ ਨੂੰ ਕਹਿ ਦਿੱਤਾ ਕਿ ਉਹਦੇ ਪਰਿਵਾਰ, ਪਿੰਡ, ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਉਹਦੇ ਰਾਜ ਵਿਚ ਆ ਕੇ ਬੇਝਿਜਕ ਰਹਿ ਸਕਦੇ ਹਨ, ਉਹ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰੇਗਾ। ਪਰ ਪੂਰਨ ਮੰਨਿਆ ਨਾ। ਉਹਦਾ ਕਹਿਣਾ ਸੀ ਕਿ 30 ਸਾਲ ਦੀ ਉਮਰ ਤੱਕ ਜਿੰਨਾ ਮਰਜ਼ੀ ਜ਼ੋਰ ਵਧਾ ਲਓ। 40 ਸਾਲ ਤੱਕ ਸਰੀਰ ਨੂੰ ਕਾਇਮ ਰੱਖਿਆ ਜਾ ਸਕਦਾ ਹੈ। 40 ਤੋਂ ਬਾਅਦ ਸਰੀਰ ਕੁਦਰਤੀਂ ਪਿੱਛੇ ਮੁੜਨ ਲੱਗ ਪੈਂਦਾ ਹੈ। ਉਹ 50-55 ਸਾਲ ਘੁਲਿਆ ਤੇ 6 ਮਾਰਚ 1977 ਨੂੰ ਪੂਰਾ ਹੋ ਗਿਆ। ਸਰੀਰ ਬਿਲਕੁਲ ਠੀਕ ਸੀ। ਦਰਦ ਵਗੈਰਾ ਕੁਛ ਨਹੀਂ ਹੋਇਆ।

ਮਾਤਾ ਇੰਦ ਕੌਰ ਤੇ ਪਿਤਾ ਕਾਕਾ ਸਿੰਘ ਦੇ ਬੇਟੇ ਪਹਿਲਵਾਨ ਪੂਰਨ ਸਿੰਘ ਨੇ ਜਿੰਨਾ ਚਿਰ ਕੁਸ਼ਤੀ ਕੀਤੀ, ਬੜੇ ਦਮ ਤੇ ਜੋਸ਼-ਖ਼ਰੋਸ਼ ਨਾਲ ਕੀਤੀ। ਪੈਰਾਂ ਵਿਚ ਬੜੀ ਫੁਰਤੀ। ਹਮੇਸ਼ਾ ਪੱਬਾਂ ਭਾਰ ਹੀ ਰਹਿੰਦਾ ਤੇ ਘੁਲਦਾ। ਪੂਰਨ ਨੇ ਸੰਗਰੂਰ ਨੂੰ ਪਹਿਲਵਾਨੀ ਵਿਚ ਵੱਖਰਾ ਮੁਕਾਮ ਬਖਸ਼ਿਆ। ਸ਼ਹਿਰਾਂ-ਬਾਜ਼ਾਰਾਂ, ਦਰਬਾਰਾਂ ਵਿਚ ਗੱਲਾਂ ਹੋਈਆਂ। ਲੁਧਿਆਣੇ ਕਿਸੇ ਵਿਆਹ ਸਮਾਗਮ ਵਿਚ ਸੰਗਰੂਰ ਦਾ ਨਿਊਜ਼ੀਲੈਂਡ ਰਹਿੰਦਾ ਜਗਦੇਵ ਸਿੰਘ ਮਿਲਿਆ ਤੇ ਲਾਹੌਰ ਦੇ ਸ਼ਾਹ ਤੋਂ ਪੂਰਨ ਦੀ ਪਹਿਲਵਾਨੀ ਦੀਆਂ ਬਾਤਾਂ ਸੁਣੀਆਂ।

1940 ਦੇ ਕਰੀਬ ਉਹਦਾ ਦੂਜਾ ਵਿਆਹ ਜਗੀਰ ਕੌਰ ਨਾਲ ਹੋਇਆ। ਪਹਿਲੀ ਘਰ ਵਾਲੀ ਦੀ ਮੌਤ ਹੋ ਗਈ ਸੀ। ਦੂਜੇ ਵਿਆਹ ਤੋਂ ਇਕ ਬੇਟਾ ਤੇ ਤਿੰਨ ਬੇਟੀਆਂ ਨੇ ਜਨਮ ਲਿਆ। ਬੇਟੇ ਜੈ ਸਿੰਘ ਨੂੰ ਉਹ ਪਹਿਲਵਾਨ ਬਣਾਉਣਾ ਚਾਹੁੰਦਾ ਸੀ। ਕੁਸ਼ਤੀਆਂ ਵੇਲੇ ਉਹ ਉਹਨੂੰ ਵੀ ਨਾਲ ਲੈ ਜਾਂਦਾ ਪਰ ਜੈ ਸਿੰਘ ਪੜ੍ਹਾਈ ਵੱਲ ਨੂੰ ਹੋ ਗਿਆ। ਉਹ ਮਾਨਸਾ 'ਚ ਉਦੋਂ ਬਿਜਲੀ ਬੋਰਡ ਦਾ ਐਸ. ਡੀ. ਓ. ਸੀ ਜਦੋਂ ਪਿਤਾ ਦੀ ਮੌਤ ਹੋਈ। ਉਹ ਐਡੀਸ਼ਨਲ ਸੁਪਰਡੈਂਟ ਇੰਜੀਨੀਅਰ ਵਜੋਂ ਰਿਟਾਇਰ ਹੋਇਆ। ਅੱਜ ਕੱਲ੍ਹ ਉਹ ਆਪਣੇ ਬੇਟੇ ਹਰਜਿੰਦ ਸਿੰਘ ਸਿੱਧੂ ਕੋਲ ਕੈਲੀਫੋਰਨੀਆ ਰਹਿੰਦਾ ਹੈ। ਰਾਏਪੁਰ ਡੱਬੀਏ ਗੁਰਮੀਤ ਸਿੰਘ ਸ਼ੇਰਗਿੱਲ ਨਾਲ ਪਿਤਾ ਦੀਆਂ ਪਹਿਲਵਾਨੀ ਬਾਤਾਂ

ਪਾ ਕੇ ਮਨ ਰਾਜ਼ੀ ਕਰ ਛੱਡਦਾ ਹੈ। ਪੁੱਤ-ਬਹੂ ਦੋਵੇਂ ਦੰਦਾਂ ਦੇ ਡਾਕਟਰ ਹਨ। ਇਕ ਬੇਟੀ ਕੈਲੀਫੋਰਨੀਆ ਹੈ, ਦੂਜੀ ਆਸਟ੍ਰੇਲੀਆ। ਜ਼ਿੰਦਗੀ ਤੋਂ ਖ਼ੁਸ਼ ਤਾਂ ਹੈ ਪਰ ਇਕ ਗੱਲ ਜ਼ਰੂਰ ਮਹਿਸੂਸ ਕਰ ਰਿਹੈ ਕਿ ਉਸ ਨੂੰ ਪਹਿਲਵਾਨ ਬਣਨਾ ਚਾਹੀਦਾ ਸੀ। ਉਹ ਦੱਸਦਾ ਹੈ ਕਿ ਜਿਥੇ ਜਿਥੇ ਵੀ ਉਹ ਗਿਆ, ਉਹਨੂੰ ਅਫਸਰ ਕਰਕੇ ਨਹੀਂ, ਪਿਤਾ ਦੀ ਪਹਿਲਵਾਨੀ ਕਰਕੇ ਲੋਕ ਜਾਣਦੇ ਸਨ।

ਪਹਿਲਵਾਨ ਪੂਰਨ ਨੂੰ ਇਕ ਵਾਰ ਕਿਸੇ ਪੁੱਛਿਆ ਕਿ ਪਹਿਲਾਂ ਵਰਗੇ ਤਕੜੇ ਪਹਿਲਵਾਨ ਪੈਦਾ ਕਿਉਂ ਨਹੀਂ ਹੋ ਰਹੇ ਤਾਂ ਜਵਾਬ ਸੀ, "ਪਹਿਲਵਾਨੀ ਦਾ ਮਾਂ-ਪਿਓ ਮਰ ਗਿਆ ਯਾਨਿ ਪਹਿਲਵਾਨਾਂ ਨੂੰ ਪਾਲਣ ਵਾਲੇ ਰਾਜਿਆਂ ਦਾ ਰਾਜ ਖਤਮ ਹੋ ਗਿਐ।"

"ਪੁਰਾਣੇ ਜ਼ਮਾਨੇ 'ਚ ਰਾਜੇ ਪਾਲਦੇ ਸੀ ਪਹਿਲਵਾਨਾਂ ਨੂੰ,
ਹੁਣ ਉਹ ਗੱਲ ਹੈ ਨਾ।
ਹਰ ਪਾਸੇ ਸਿਆਸਤ ਤੇ ਨਸ਼ਿਆਂ ਦਾ ਰਾਮ ਰੌਲਾ,
ਹੁਣ ਗੱਭਰੂ ਬੱਲ ਹੈ ਨਾ।
ਸਾਂਝੇ ਪੰਜਾਬ ਦੇ ਸ਼ੇਰਾਂ ਭਾਰਤ ਦਾ ਨਾਂ ਚਮਕਾਇਆ,
ਮੇਹਰਦੀਨ, ਸੁਖਵੰਤ, ਬੁੱਧੂ, ਬਿੱਲੇ ਜਿਹੇ ਮੱਲ ਹੈ ਨਾ।"

# ਮੇਰਾ ਇੱਕ ਆਦਰਸ਼ ਅਧਿਆਪਕ— ਹੈੱਡ ਮਾਸਟਰ ਗਿਆਨ ਸਿੰਘ

**- ਐਸ. ਅਸ਼ੋਕ ਭੌਰਾ**

ਮਹਾਨ ਲੋਕ ਕਿੰਨੇ ਵੀ ਮਹਾਨ ਕਿਉਂ ਨਾ ਹੋਣ, ਉਹ ਆਪਣੀ ਪਤਨੀ ਦੀਆਂ ਨਜ਼ਰਾਂ ਵਿੱਚ ਪਤੀ ਹੀ ਹੁੰਦੇ ਹਨ। ਜਿਉਣ ਵਾਲਿਆਂ ਨਾਲੋਂ ਤੁਰ ਜਾਣ ਵਾਲਿਆਂ ਦੀ ਗਿਣਤੀ ਕਿਤੇ ਵੱਧ ਹੈ, ਪਰ ਜਿਹੜੇ ਥੋੜੇ ਦਿਲੋ-ਦਿਮਾਗ਼ ਵਿੱਚ ਚੱਤੋ ਪਹਿਰ ਪਹਿਰਾ ਕਰੀ ਰੱਖਦੇ ਹਨ, ਉਨ੍ਹਾਂ ਨੂੰ ਚੇਤੇ 'ਚੋਂ ਖਿਸਕਾਉਣਾ ਕਦੇ ਵੀ ਸੰਭਵ ਨਹੀਂ ਹੁੰਦਾ। ਸੰਸਾਰ ਵਿੱਚ ਬਹੁਤ ਸਾਰੀਆਂ ਐਸੀਆਂ ਹਸਤੀਆਂ ਦੀ ਪੈੜ ਏਨੀ ਕਾਬਲ ਏ ਜ਼ਿਕਰ ਸਿੱਧ ਹੋਈ ਹੈ ਕਿ ਅਨੇਕਾਂ ਲੋਕ ਇਸ ਪੈੜ ਵਿੱਚ ਪੈਰ ਧਰ ਕੇ ਆਪਣੀ ਧਰਤੀ ਉੱਤੇ ਹੋਂਦ ਦਾ ਪਰਛਾਵਾਂ ਛੱਡ ਜਾਣ ਦਾ ਯਤਨ ਕਰਦੇ ਹਨ, ਪਰ ਅਫ਼ਸੋਸ ਕਿ ਉਹਨਾਂ ਵਰਗਾ ਹੋਇਆ ਨਹੀਂ ਜਾ ਸਕਦਾ—ਇੰਨ ਬਿੰਨ ਇਵੇਂ, ਜਿਵੇਂ ਦੁਨੀਆਂ ਕਲਯੁੱਗ ਵਿੱਚ ਸਤਿਯੁਗ ਉਡੀਕਦਿਆਂ ਆਪ ਮੁੱਕਦੀ ਜਾ ਰਹੀ ਹੈ।

ਸਕੂਲੀ ਜੀਵਨ ਵਿੱਚ ਬੱਚਿਆਂ ਨੂੰ ਪੜ੍ਹਾਉਣ ਦਾ ਚਾਅ ਏਨਾ ਪ੍ਰਬਲ ਸੀ ਕਿ ਸੋਚਦਾ ਸਾਂ, ਅਧਿਆਪਕ ਲੱਗ ਜਾਵਾਂ। ਮਾਹਿਲ ਗਹਿਲਾਂ ਦੇ ਜਿਸ ਸਕੂਲ ਵਿੱਚ ਮੈਂ ਦਸਵੀਂ ਪਾਸ ਕੀਤੀ, ਉਸ ਸਰਕਾਰੀ ਸਕੂਲ ਵਿੱਚ ਗਿਆਨ ਸਿੰਘ ਜੱਬੋਵਾਲ ਨਾਂ ਦਾ ਅਧਿਆਪਕ ਕਦੇ ਕਦੇ ਸਵੇਰ ਦੀ ਸਭਾ ਵਿੱਚ ਚਾਰ ਸ਼ਬਦ ਕਹਿਣ ਲਈ ਪੁੱਜਦਾ ਤਾਂ ਬੱਚਿਆਂ ਨੇ ਤਾਂ ਕੀ ਸਾਹ ਲੈਣਾ ਸੀ, ਜਿਵੇਂ ਫੌਜਾਂ ਰਾਸ਼ਟਰਪਤੀ ਨੂੰ ਸਲਾਮੀ ਦਿੰਦੀਆਂ ਹਨ, ਉਵੇਂ ਅਧਿਆਪਕ ਸਮੂਹਿਕ ਤੌਰ 'ਤੇ ਗਿਆਨ ਸਿੰਘ ਦੇ ਸਤਿਕਾਰ ਵਿੱਚ ਝੁਕੇ ਰਹਿੰਦੇ। ਇਹ ਵਰਤਾਰਾ ਮੇਰੇ ਅੰਦਰ ਏਨਾ ਖੁੱਭ ਗਿਆ ਕਿ ਅਜਿਹਾ ਹੀ ਆਦਰਸ਼ ਅਧਿਆਪਕ ਬਣਨ ਦੀ ਸੋਚਣ ਲੱਗਾ। ਅਸਲ ਵਿੱਚ ਗਿਆਨ ਸਿੰਘ ਮੇਰਾ ਪ੍ਰੇਰਨਾ ਸਰੋਤ ਬਣ ਚੁੱਕਾ ਸੀ। ਸਾਡੇ ਪਿੰਡੋਂ ਉਹਦਾ ਪਿੰਡ ਕੋਈ ਸੱਤ-ਅੱਠ ਕੁ ਮੀਲ ਹੀ ਦੂਰ ਸੀ, ਮੈਂ ਸਾਈਕਲ ਉੱਤੇ ਕਈ ਵਾਰ ਜੱਬੋਵਾਲ ਇਸੇ ਕਰਕੇ ਗਿਆ ਕਿ ਉਹਦੇ ਕੋਲ ਮਨ ਦਾ ਮਹਾਂਭਾਰਤ ਸੁਣਾ ਦਿਆਂ, ਪਰ ਉਨ੍ਹਾਂ ਦਿਨਾਂ ਵਿੱਚ ਅਧਿਆਪਕ ਦਾ ਸਤਿਕਾਰ

ਹੀ ਏਨਾ ਹੁੰਦਾ ਸੀ ਕਿ ਸਾਹਮਣੇ ਮੂੰਹ ਖੋਲ੍ਹਣ ਦੀ ਹਿੰਮਤ ਹੀ ਨਹੀਂ ਹੁੰਦੀ ਸੀ। ਅਖ਼ਬਾਰ ਵਿੱਚ ਲਿਖਣ ਤੇ ਛਪਣ ਕਰਕੇ ਗਿਆਨ ਸਿੰਘ ਦਾ ਪਿੱਠ ਉੱਤੇ ਫਿਰਦਾ ਹੱਥ ਮੇਰੀ ਰੀੜ੍ਹ ਦੀ ਹੱਡੀ ਸਿੱਧੀ ਕਰ ਦਿੰਦਾ।

ਅਚਾਨਕ ਘਟਨਾਕ੍ਰਮ ਇਹ ਵਾਪਰਿਆ ਕਿ ਪਹਿਲੇ ਦਰਜੇ ਵਿੱਚ ਚੰਗੇ ਨੰਬਰਾਂ ਨਾਲ ਪਾਸ ਹੋਣ ਕਰਕੇ ਮੇਰੇ ਵੱਡੇ ਭਰਾਵਾਂ ਨੇ ਮੈਨੂੰ ਨਾ ਚਾਹੁੰਦਿਆਂ ਵੀ ਓਵਰਸੀਅਰ ਬਣਾਉਣ ਦੀ ਲਾਲਸਾ ਨਾਲ ਇੰਜੀਨੀਅਰਿੰਗ ਵੱਲ ਧੱਕ ਦਿੱਤਾ। ਮੈਨੂੰ ਝਟਕਾ ਲੱਗਾ ਕਿ ਗਿਆਨ ਸਿੰਘ ਵਰਗਾ ਅਧਿਆਪਕ ਬਣਨ ਦੇ ਸੁਪਨਿਆਂ ਨੂੰ ਹੁਣ ਤਕਨੀਕੀ ਸਿੱਖਿਆ ਦਾ ਜੰਗਾਲ਼ ਖਾ ਜਾਵੇਗਾ। ਸਾਹਿਤਕ-ਸਭਿਆਚਾਰਕ ਤੇ ਸਵੈ-ਸੇਵੀ ਸਮਾਜਕ ਗਤੀਵਿਧੀਆਂ ਮੈਂ ਇਸੇ ਅਧਿਆਪਕ ਤੋਂ ਸਿੱਖੀਆਂ। ਸ਼ੌਂਕੀ ਮੇਲੇ ਦੀ ਛੋਟੀ ਉਮਰ ਦੀ ਪ੍ਰਾਪਤੀ ਤੋਂ ਪਿੱਛੋਂ ਮੈਂ ਗਿਆਨ ਸਿੰਘ ਦੇ ਪੈਰਾਂ ਵੱਲ ਹੱਥ ਵਧਾਉਣ ਲਈ ਜੱਬੋਵਾਲ ਗਿਆ ਸਾਂ, ਪਰ ਕਹਿੰਦੇ ਨੇ ਕਿ ਨੱਚਣ ਦਾ ਚਾਅ ਹੋਵੇ ਤਾਂ ਟੇਢਾ ਆਂਗਣ ਕਿਹੜਾ ਲੱਤ ਭੰਨ ਦਊ ? ਇੰਜੀਨੀਅਰਿੰਗ ਪਾਸ ਕੀਤੀ ਤਾਂ ਸਕੂਲਾਂ ਵਿੱਚ ਵੋਕੇਸ਼ਨਲ ਐਜੂਕੇਸ਼ਨ ਆ ਗਈ। ਸੀ.ਪੀ.ਡਬਲਯੂ.ਡੀ. ਅਤੇ ਰੇਲ ਕੋਚ ਫੈਕਟਰੀ ਦੀ ਨੌਕਰੀ ਨੂੰ ਠੁੱਠ ਵਿਖਾ ਕੇ ਮੈਂ ਜਦੋਂ ਬਤੌਰ ਅਧਿਆਪਕ ਸਕੂਲ ਹਾਜ਼ਰੀ ਦੇ ਕੇ ਪਰਤਿਆ ਤਾਂ ਬਰਫੀ ਦਾ ਡੱਬਾ ਤੇ ਚਾਵਾਂ ਦੀ ਗੱਠ ਨਾਈਆਂ ਵਾਂਗ ਲੈ ਕੇ ਮੈਂ ਸ਼ਾਮ ਨੂੰ ਗਿਆਨ ਸਿੰਘ ਦੇ ਚਰਨਾਂ ਵਿੱਚ ਸੰਤਾਂ ਮਹਾਂਪੁਰਸ਼ਾਂ ਦਾ ਅਸ਼ੀਰਵਾਦ ਲੈਣ ਵਾਂਗ ਜਾ ਬੈਠਿਆ।

ਇਕਬਾਲ ਜੱਬੋਵਾਲ ਦਾ ਉਹ ਭਰਾ ਸੀ ਪਰ ਮੇਰੇ ਲਈ ਪਿਉ ਸਮਾਨ। ਫਿਰ ਮੈਂ ਅਧਿਆਪਕ ਤਾਂ ਲੱਗਾ ਰਿਹਾ, ਪਰ ਗਿਆਨ ਸਿੰਘ ਵਰਗਾ ਨਾ ਬਣ ਸਕਿਆ। ਸਤਾਈ ਸਾਲ ਯਤਨ ਵੀ ਕੀਤੇ। ਮਹਾਨ ਲੋਕਾਂ ਦੀ ਪੈੜ ਵਿੱਚ ਸਾਧਾਰਨ ਲੋਕਾਂ ਦੇ ਸੱਟ-ਫੇਟ ਲੱਗਣੀ ਹੀ ਹੁੰਦੀ ਹੈ। ਮੇਰੀ ਜ਼ਿੰਦਗੀ ਦੀ ਇਹ ਘਟਨਾ ਇਉਂ ਹੀ ਸੀ ਜਿਵੇਂ ਕਿਸੇ ਮੁਟਿਆਰ ਨੂੰ ਵੇਖਣ ਕੋਈ ਹੋਰ ਆਇਆ ਸੀ, ਚੁੰਨੀ ਚੜ੍ਹਾ ਕੇ ਕੋਈ ਹੋਰ ਲੈ ਗਿਆ। ਇੰਜੀਨੀਅਰ ਲਗਦਾ ਲਗਦਾ, ਅਧਿਆਪਕ ਸਿਰਫ਼ ਇਸੇ ਹਸਤੀ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਵੇਖ ਵੇਖ ਬਣ ਗਿਆ। ਪਿਛਲੇ ਵਰ੍ਹੇ ਜਦੋਂ ਜੱਬੋਵਾਲ ਭਰਾਵਾਂ ਗਿਆਨ ਸਿੰਘ ਤੇ ਇਕਬਾਲ ਦੀ ਮਾਤਾ ਠਾਕੁਰ ਕੌਰ ਦੀ ਮੌਤ ਤੋਂ ਬਾਅਦ ਸ਼ਰਧਾਂਜਲੀ ਸਮਾਗਮ ਵਿੱਚ ਹਾਜ਼ਰ ਹੋਇਆ ਤਾਂ ਇਹ ਖੁਲਾਸਾ ਮੈਂ ਪਹਿਲੀ ਵਾਰ ਸਰਬ-ਸਾਂਝਾ ਕੀਤਾ ਸੀ।

ਨਵਾਂਸ਼ਹਿਰ ਜ਼ਿਲ੍ਹੇ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿੱਚ ਨਵਾਂਸ਼ਹਿਰ ਤੋਂ ਹੀ ਤਿੰਨ-ਚਾਰ ਮੀਲ ਦੂਰ ਪਿੰਡ ਜੱਬੋਵਾਲ ਵਿੱਚ ਪਿਤਾ ਧਨਪਤ ਰਾਏ ਦੇ ਘਰ ਮਾਤਾ ਠਾਕੁਰ ਕੌਰ ਦੀ ਕੁੱਖ ਵਿੱਚੋਂ ਜਨਮ ਲੈਣ ਵਾਲੇ ਗਿਆਨ ਸਿੰਘ ਨੇ ਸਿੱਖਿਆ ਦੇ ਖੇਤਰ ਦੇ ਨਾਲ ਨਾਲ ਆਪਣੇ ਹਲਕੇ ਵਿਚ ਅਜਿਹੀ ਯਤਨਸ਼ੀਲ ਸਮਾਜਕ ਕਾਰਗੁਜ਼ਾਰੀ ਵਿਖਾਈ ਕਿ ਉਹ ਚੰਗੇ ਅਧਿਆਪਕ ਅਤੇ ਕੁਸ਼ਲ ਮੁੱਖ ਅਧਿਆਪਕ ਦੀ ਹਸਤੀ ਵਜੋਂ

ਇਲਾਕੇ ਵਿੱਚ ਰਾਜਨੀਤਿਕ ਲੋਕਾਂ ਨਾਲੋਂ ਵੀ ਕਈ ਥਾਂ ਬੇਹੱਦ ਹਰਮਨ ਪਿਆਰਾ ਹੋ ਕੇ ਵਿਚਰਦਾ ਰਿਹਾ। ਆਪਣੇ ਪਿੰਡ ਤੋਂ ਪਿੱਛੋਂ ਮੇਰੇ ਵਾਲੇ ਸਕੂਲ, ਯਾਨੀ ਕਿ ਮਾਹਿਲ ਗਹਿਲਾਂ ਤੋਂ ਹੀ ਗਿਆਨ ਸਿੰਘ ਨੇ ਦਸਵੀਂ ਪਾਸ ਕੀਤੀ ਸੀ। ਫਿਰ ਨਵਾਂਸ਼ਹਿਰ ਦੇ ਆਰ. ਕੇ. ਆਰੀਆ ਕਾਲਜ ਵਿੱਚ ਪੜ੍ਹਦਿਆਂ ਅਥਲੀਟ ਬਣਨ ਦੇ ਨਾਲ ਨਾਲ ਫੁੱਟਬਾਲ ਦਾ ਸਿਰਕੱਢ ਖਿਡਾਰੀ ਬਣ ਗਿਆ, ਤੇ ਫਿਰ ਯੂਨੀਵਰਸਿਟੀ ਵਿੱਚ ਪਹਿਲੇ ਨੰਬਰ ਵਿੱਚ ਖੇਡਿਆ। ਉਹਦੇ ਸਮਕਾਲੀ ਖਿਡਾਰੀ ਸਨ—ਸ਼ਾਂਤੀ ਰਾਮ ਬਾਲੀ ਅਤੇ ਦੌਲਤਪੁਰੀ ਨਰਿੰਦਰ ਸਿੰਘ। ਨਰਿੰਦਰ ਅਸ਼ੋਕ ਚੱਕਰ ਪ੍ਰਾਪਤ ਕੈਪਟਨ ਮਹਿਤਾ ਸਿੰਘ ਦਾ ਪੁੱਤਰ ਸੀ। ਇਹ ਇਤਫ਼ਾਕ ਸੀ ਕਿ ਬੀ. ਐਡ. ਕਰਨ ਉਪਰੰਤ ਉਹ ਥਾਣੇਦਾਰ ਲਗਦਾ ਲਗਦਾ ਅਧਿਆਪਕ ਹੀ ਰਹਿ ਗਿਆ ਤੇ ਗੱਲ ਸਿੱਖਿਆ ਖੇਤਰ ਵਿੱਚ ਸਤਿਕਾਰ ਵਜੋਂ ਸਿਰੇ ਲਾਈ।

ਲਵ-ਕੁਸ਼ ਵਾਂਗ ਜੇ ਕਿਤੇ ਭਰਾਵਾਂ ਦਾ ਪਿਆਰ ਦੇਖਣਾ ਹੋਵੇ ਤਾਂ ਇਹ ਗਿਆਨ ਸਿੰਘ ਤੇ ਇਕਬਾਲ ਦੀ ਉਦਾਹਰਣ ਵਰਗਾ ਹੈ। ਜਹਾਨੋਂ ਤੁਰ ਕੇ ਆਪਣੇ ਭਰਾ ਦੀ ਗੱਲ ਕਰਦਿਆਂ ਜੱਬੋਵਾਲੀਆ ਇਕਬਾਲ ਗੱਲਾਂ ਨਹੀਂ ਕਰਦਾ, ਹੰਝੂਆਂ ਦਾ ਗਲ ਭਰ ਦਿੰਦਾ ਹੈ। ਇਕਬਾਲ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਤੇਰ੍ਹਾਂ ਵਰ੍ਹੇ ਵੱਡੇ ਭਰਾ ਨੂੰ ਹੀ ਅਰਘ ਵਾਂਗ ਦਿੰਦਾ ਹੈ। ਦਰੋਣਾਚਾਰੀਆ ਕਿੰਨਾ ਨਿਸ਼ਾਨਚੀ ਸੀ, ਇਹ ਤਾਂ ਪਤਾ ਨਹੀਂ, ਪਰ ਗਿਆਨ ਸਿੰਘ ਨੇ ਸਾਰੇ ਨਿਸ਼ਾਨੇ ਟਿਕਾਣੇ ਲਗਾਏ ਹਨ। ਚਾਰ ਐਮ. ਏ.—ਅੰਗਰੇਜ਼ੀ, ਰਾਜਨੀਤੀ ਵਿਗਿਆਨ, ਹਿਸਟਰੀ ਅਤੇ ਪੰਜਾਬੀ ਪਾਸ ਇਸ ਮਾਣਸ ਅਧਿਆਪਕ ਨੇ ਆਪਣੇ ਅਧਿਆਪਕ ਕਰੀਅਰ ਦੌਰਾਨ ਨਕੋਦਰ, ਭਾਗ ਸਿੰਘਪੁਰ, ਰਟੈਂਡਾ, ਗੋਬਿੰਦਪੁਰ, ਮੂਸਾਪੁਰ ਤੇ ਫਿਰ ਬਤੌਰ ਮੁੱਖ ਅਧਿਆਪਕ ਲੰਗੜੋਆ, ਮੂਸਾਪੁਰ ਤੇ ਗੜ੍ਹੀ ਮਹਾਂ ਸਿੰਘ ਵਿਖੇ ਸਫ਼ਲ ਸੇਵਾ ਨਿਭਾਈ। ਉਦੋਂ ਉਹ ਨਵਾਂਸ਼ਹਿਰ ਜ਼ਿਲ੍ਹੇ ਦੀਆਂ ਸਕੂਲੀ ਖੇਡਾਂ ਦਾ ਪ੍ਰਧਾਨ ਰਿਹਾ। ਉਹ ਜਿਥੇ ਵੀ ਗਿਆ, ਸਿੱਖਿਆ ਵਿਭਾਗ ਦਾ ਮਾਣ ਬਣਦਾ ਤੇ ਵਧਾਉਂਦਾ ਰਿਹਾ।

## ਕਬੱਡੀ ਦੇ ਬਾਬਾ ਬੋਹੜ ਸ. ਮਹਿੰਦਰ ਸਿੰਘ ਸਿੱਧੂ ਦਾ ਸ. ਜੱਬਰ ਸਿੰਘ ਗਰੇਵਾਲ ਵੱਲੋਂ ਸੋਨੇ ਦੇ ਮੈਡਲ ਨਾਲ ਸਨਮਾਨ

ਪੰਜਾਬੀ ਵਿਰਸਾ ਸਪੋਰਟਸ ਕਬੱਡੀ ਐਸੋਸੀਏਸ਼ਨ, ਐਨ. ਵਾਈ. ਸੀ. ਕਬੱਡੀ ਕਲੱਬ, ਮੈਟਰੋ ਕਬੱਡੀ ਕਲੱਬ ਤੇ ਮਾਲਵਾ ਬ੍ਰਦਰਜ਼ ਐਸੋਸੀਏਸ਼ਨ ਦੇ ਸਾਂਝੇ ਯਤਨਾਂ ਸਦਕਾ ਸਾਲ 2023 ਦੇ 8 ਅਕਤੂਬਰ ਦਾ ਕਬੱਡੀ-ਕੱਪ ਅਮਿੱਟ ਪੈੜਾਂ ਵਾਲਾ ਹੋ ਨਿਬੜਿਆ। ਕਿਉਂਕਿ ਚਾਰੇ ਕਲੱਬਾਂ ਨੇ ਸਾਂਝਾ ਕਬੱਡੀ-ਕੱਪ ਕਰਵਾ ਕੇ ਬਹਿਜਾ ਬਹਿਜਾ ਕਰਵਾ ਦਿੱਤੀ। ਮਹਿੰਦਰ ਸਿੰਘ ਸਿੱਧੂ ਨੇ ਜਿਥੇ ਚਾਰੇ ਕਲੱਬਾਂ ਨੂੰ ਮੁਬਾਰਕਬਾਦ ਦਿੱਤੀ, ਉਥੇ ਸਮੁੱਚੇ ਨਿਊਯਾਰਕ ਵਾਸੀਆਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਦੇ ਸਹਿਯੋਗ ਸਦਕਾ ਕਬੱਡੀ-ਕੱਪ ਨੇ ਸਫ਼ਲਤਾ ਦੇ ਸਾਰੇ ਹੱਦ-ਬੰਨੇ ਟੱਪੇ।

ਕਬੱਡੀ ਦੇ ਬਾਬਾ ਬੋਹੜ ਸ. ਮਹਿੰਦਰ ਸਿੰਘ ਸਿੱਧੂ ਨੇ ਇਸ ਸਾਲ ਦੇ ਕਬੱਡੀ-ਕੱਪ ਦੀ ਕਾਮਯਾਬੀ ਲਈ ਸਭ ਤੋਂ ਪਹਿਲਾਂ ਨੀਲੀ ਛੱਤ ਵਾਲੇ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਸ ਦੀ ਛਤਰ-ਛਾਇਆ ਹੇਠ ਕਬੱਡੀ-ਕੱਪ ਚੜ੍ਹਦੀ-ਕਲਾ 'ਚ ਰਿਹਾ ਤੇ ਆਏ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਨਿੱਘੀ ਜੀ ਆਇਆਂ ਆਖੀ। ਲੰਬੇ ਅਰਸੇ ਤੋਂ ਨਾਲ ਜੁੜੇ ਆ ਰਹੇ ਸਾਥੀਆਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਹਰਮਨ ਖੇਡ-ਕਬੱਡੀ ਨੂੰ ਅਮਰੀਕਾ ਵਰਗੇ ਮੁਲਕਾਂ 'ਚ ਪ੍ਰਫੁਲਤ ਕਰਨ ਲਈ ਭਰਵਾਂ ਸਹਿਯੋਗ ਦਿੱਤਾ ਤੇ ਜਿਹਨਾਂ ਦੀ ਬਦੌਲਤ ਭਰਵਾਂ ਪਿਆਰ ਮਿਲਿਆ। ਟਰਾਈ ਸਟੇਟ ਦੇ ਸਮੂਹ ਗੁਰੂ-ਘਰਾਂ, ਨਿਊਯਾਰਕ ਵਾਸੀਆਂ, ਜਥੇਬੰਦੀਆਂ, ਖੇਡ-ਕਲੱਬਾਂ, ਦਾਨੀ ਸੱਜਣਾਂ ਤੇ ਕਬੱਡੀ-ਪ੍ਰੇਮੀਆਂ ਦਾ ਜਿਥੇ ਧੰਨਵਾਦ ਕੀਤਾ, ਉਥੇ ਨਾਲ ਹੀ ਸਮੁੱਚੇ ਮੀਡੀਏ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ, ਜਿਹਨਾਂ ਕਬੱਡੀ-ਕੁੰਭ ਨੂੰ ਦੁਨੀਆਂ ਦੇ ਕੋਨੇ ਕੋਨੇ 'ਚ ਪਹੁੰਚਾਣ ਦਾ ਕੰਮ ਕੀਤਾ।

ਨਿਊਜਰਸੀ ਗੈਸ-ਸਟੇਸ਼ਨਾਂ ਦੇ ਧੜੱਲੇਦਾਰ ਬਿਜ਼ਨਸਮੈਨ ਤੇ ਫ਼ਰਾਖ਼-ਦਿਲ ਇਨਸਾਨ ਸ. ਜੱਬਰ ਸਿੰਘ ਗਰੇਵਾਲ ਨੇ ਗਰਾਊਂਡ ਵਿੱਚ ਸ. ਮਹਿੰਦਰ ਸਿੰਘ ਸਿੱਧੂ ਦਾ ਲੰਬੇ ਅਰਸੇ ਤੋਂ ਕਬੱਡੀ ਪ੍ਰਤੀ ਜਨੂੰਨ ਵੇਖ ਸੋਨ-ਤਮਗ਼ਾ ਪਹਿਨਾਇਆ ਤੇ ਥਾਪੜਾ

ਦਿੱਤਾ। ਮਹਿੰਦਰ ਸਿੰਘ ਸਿੱਧੂ ਨੇ ਵਡਮੁੱਲਾ ਪਿਆਰ ਸਤਿਕਾਰ ਵੇਖ ਉਹੀ ਮੈਡਲ ਉਤਾਰ ਕੇ ਜੱਬਰ ਸਿੰਘ ਦੇ ਗਲੇ ਸਜਾ ਦਿੱਤਾ ਤੇ ਘੁੱਟ ਕੇ ਜੱਫੀ ਪਾਈ, ਕਿਉਂਕਿ ਜੱਬਰ ਸਿੰਘ ਨੇ ਪਲ ਪਲ ਪੈਰ ਪੈਰ ਮਹਿੰਦਰ ਸਿੱਧੂ ਦਾ ਬੜਾ ਸਾਥ ਦਿੱਤਾ ਤੇ ਅੱਜ ਤੱਕ ਦੇ ਵੀ ਰਿਹਾ। ਉਹ ਹਰ ਦਮ ਨਾਲ ਖੜ੍ਹਾ ਹੈ। ਵਿਦੇਸ਼ੀ ਧਰਤੀ 'ਤੇ ਮਹਿੰਦਰ ਸਿੱਧੂ ਦਾ ਕਬੱਡੀ ਨੂੰ ਪ੍ਰਮੋਟ ਕਰਨਾ, ਗੋਰਿਆਂ ਨੂੰ ਕਬੱਡੀ ਦੀ ਚੇਟਕ ਲਾਉਣੀ ਤੇ ਅਮਰੀਕਾ, ਜਰਮਨ, ਮੈਕਸੀਕੋ ਦੀਆਂ ਗੋਰੀਆਂ ਲੜਕੀਆਂ ਦੀਆਂ ਟੀਮਾਂ ਤਿਆਰ ਕਰ ਪੰਜਾਬ, ਪਟਨਾ ਸਾਹਿਬ ਤੇ ਅਹਿਮਦਾਬਾਦ ਵਿਸ਼ਵ ਕਬੱਡੀ-ਕੱਪਾਂ ਵਿੱਚ ਖਿਡਾਉਣੀਆਂ। ਅਜਿਹੇ ਸ਼ਲਾਘਾਯੋਗ ਕਾਰਜਾਂ ਕਰਕੇ ਮਹਿੰਦਰ ਸਿੰਘ ਸਿੱਧੂ ਕਾਬਿਲੇ-ਤਾਰੀਫ਼ ਬਣਿਆ ਤੇ ਵੱਡੇ ਮਾਣ-ਸਨਮਾਨ ਦਾ ਹੱਕਦਾਰ ਬਣਿਆ। ਸ. ਜੱਬਰ ਸਿੰਘ ਗਰੇਵਾਲ, ਸ. ਹਰਬੰਸ ਸਿੰਘ ਢਿੱਲੋਂ, ਅਟਾਰਨੀ-ਐਟ-ਲਾਅ ਜਸਪ੍ਰੀਤ ਸਿੰਘ, ਲੱਕੀ ਸਿੰਘ ਆਪਣਾ ਬਜ਼ਾਰ ਤੇ ਨਿਊਯਾਰਕ ਦੀ ਮਹਾਨ ਸ਼ਖ਼ਸੀਅਤ ਬੋਲਾ ਪੈਟਰੋਲੀਅਮ ਵਾਲੇ ਹੈਰੀ ਸਿੰਘ ਬੋਲਾ ਤੇ ਰਤਨ ਸਿੰਘ ਪੈਟਰੋਲੀਅਮ ਹਮੇਸ਼ਾ ਦੀ ਤਰ੍ਹਾਂ ਅੱਜ ਵੀ ਹਿੱਕ ਠੋਕ ਕੇ ਨਾਲ ਖੜ੍ਹੇ ਨੇ।

ਮਹਿੰਦਰ ਸਿੰਘ ਸਿੱਧੂ ਨਿਊਯਾਰਕ ਕਬੱਡੀ ਦੀ ਸ਼ੁਰੂਆਤ, ਯਾਨਿ 1991-92 ਤੋਂ ਲੈ ਅੱਜ ਤੱਕ ਕਬੱਡੀ ਨੂੰ ਪ੍ਰਮੋਟ ਕਰਦਾ ਆ ਰਿਹਾ ਹੈ। ਪੱਚੀ-ਤੀਹ ਸਾਲਾਂ ਦੇ ਸਫ਼ਰ ਦੌਰਾਨ ਨਾਲ ਜੁੜੇ ਆ ਰਹੇ ਕੈਲੇਫ਼ੋਰਨੀਆਂ, ਟੋਰਾਂਟੋ, ਵੈਨਕੂਵਰ ਅਤੇ ਯੂ.ਕੇ. ਦੀਆਂ ਫ਼ੈਡਰੇਸ਼ਨਾਂ ਅਤੇ ਬਲਜੀਤ ਸਿੰਘ ਸੰਧੂ ਕੈਲੇਫ਼ੋਰਨੀਆਂ, ਤੀਰਥ ਸਿੰਘ ਗਾਖਲ, ਬਾਬਾ ਜੌਹਨ ਸਿੰਘ ਗਿੱਲ, ਕੈਲੇਫ਼ੋਰਨੀਆਂ ਫ਼ੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਕਾਲਾ ਟਰੇਸੀ, ਬਹਾਦੁਰ ਸਿੰਘ ਸ਼ੇਰਗਿੱਲ ਯੂ.ਕੇ., ਰਘਵੀਰ ਸਿੰਘ ਸੁਭਾਨਪੁਰ, ਬੇਗੋਵਾਲ ਵੈਲਫ਼ੇਅਰ ਸੁਸਾਇਟੀ ਹਰਜੀਤ ਸਿੰਘ ਬੇਗੋਵਾਲ, ਭਿੰਦਾ ਬੇਗੋਵਾਲ, ਪੰਜਾਬ ਪੁਲਿਸ ਦੇ ਰਿਟਾਇਰ ਐਸ. ਐਸ. ਪੀ. ਅਤੇ ਵਿਸ਼ਵ-ਕਬੱਡੀ-ਕੱਪਾਂ ਦੇ ਟੈਕਨੀਕਲ ਡਾਇਰੈਕਟਰ ਸ. ਸ਼ਿਵਦੇਵ ਸਿੰਘ (ਕਬੱਡੀ ਖਿਡਾਰੀ ਤੇ ਕੋਚ), ਸਤਿੰਦਰ ਸਿੰਘ ਮੁਲਤਾਨੀ ਨਿਊਜਰਸੀ, ਸਰਦੂਲ ਸਿੰਘ ਦਿਓਲ ਨਿਊਜਰਸੀ, ਹਰਜੀਤ ਸਿੰਘ ਬੱਬੂ ਨਿਊਜਰਸੀ, ਸਨਪ੍ਰੀਤ ਸਿੰਘ ਨਿਊਜਰਸੀ। ਮਹਿੰਦਰ ਸਿੰਘ ਤਨੇਜਾ, ਸਿੱਖ ਕਲਚਰਲ ਸੁਸਾਇਟੀ ਆਫ਼ ਰਿਚਮੰਡ ਹਿੱਲ ਗੁਰੂ-ਘਰ ਦੇ ਮੌਜੂਦਾ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਏ ਅਤੇ ਸਾਬਕਾ ਪ੍ਰਧਾਨ ਦਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਕੰਗ, ਗੁਰਮੀਤ ਸਿੰਘ ਮੁੱਲਾਂਪੁਰ ਨਿਊਜਰਸੀ, ਸੁਖਵਿੰਦਰ ਸਿੰਘ ਤਾਤਲਾ (ਬਿੰਨਾ ਰੈਫ਼ਰੀ ਵੈਨਕੂਵਰ), ਸਰਬਜੀਤ ਸਿੰਘ ਖੈਰਾ, ਟਹਿਲ ਸਿੰਘ, ਸਤਨਾਮ ਸਿੰਘ ਹੇਅਰ, ਮਹਿੰਦਰ ਸਿੰਘ ਭਾਊ, ਜੱਸੀ ਗਿਰਾਜ਼, ਤਜਿੰਦਰ ਸਿੰਘ (ਟੀ. ਜੇ.), ਬਲਦੇਵ ਮਾਨ, ਕੁਲਦੀਪ ਭਲਵਾਨ, ਜਿੰਦਰ ਮੋਹਣੋਵਾਲ, ਜਸਵੀਰ ਸਿੰਘ ਪੱਲੀ ਝਿੱਕੀ, ਜਰਨੈਲ ਸਿੰਘ ਛੋਕਰ, ਸ਼ਮਿੰਦਰ ਸਿੰਘ ਧਾਲੀਵਾਲ, ਰੇਸ਼ਮ ਸਿੰਘ ਰੇਸ਼ਮ, ਗੁਪਾਲ ਸਿੰਘ ਸੱਭਰਵਾਲ, ਮੱਖਣ ਸਿੰਘ ਮਾਨ,

ਗੁਰਨਾਮ ਸਿੰਘ ਰਸੂਲਪੁਰ, ਜਸਵੀਰ ਸਿੰਘ ਜਿੰਦਰ, ਪਰਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ ਦੇਹਾਣਾ, ਜੀਤੀ ਗਰੇਵਾਲ, ਜਸਵੰਤ ਸਿੰਘ ਬੱਲ, ਜਗਤਾਰ ਸਿੰਘ ਕਾਰੀ, ਬੇਵੀ, ਗੁਰਮੀਤ ਸਿੰਘ ਬੁੱਟਰ, ਗੁਰਵਿੰਦਰ ਸ਼ੇਰਗਿੱਲ ਨਿਊਯਾਰਕ ਪੁਲਿਸ, ਬਲਵਿੰਦਰ ਸਿੰਘ ਵਿਰਕ, ਸਤਵਿੰਦਰ ਸਿੰਘ ਸੰਧਰ, ਇਕਬਾਲ ਜੱਬੋਵਾਲੀਆ, ਲਾਡੀ ਬਾਜਵਾ, ਲਾਲੀ ਫ਼ਿਲਾਡੈਲਫ਼ੀਆ, ਲਾਲੀ ਪੈਨਸਲਵੇਨੀਆ, ਗੁਰਵਿੰਦਰ ਘਨੌਰ, ਬੱਬੂ ਰੋਡੇ (ਪੰਜਾਬ), ਸੁਖਵਿੰਦਰ ਸਿੰਘ ਨੀਲੋਂ, ਦਰਬਾਰਾ ਸਿੰਘ ਪਵਾਰ, ਹੈਰੀ ਪਵਾਰ, ਰਾਜ ਕੁਮਾਰ ਰਾਜੂ (ਏ. ਟੀ. ਏ. ਟੋਇੰਗ), ਦਲਜੀਤ ਸਿੰਘ ਪੱਤੜ, ਭੁਪਿੰਦਰ ਸਿੰਘ (ਗੋਗੀ) ਜਸਵਾਲ, ਕੇ. ਕੇ. ਸ਼ਰਮਾ, ਸੰਤੋਖ ਸਿੰਘ ਚੇਅਰਮੈਨ, ਨਿਰਮਲ ਸਿੰਘ ਕੰਗ, ਜਸਵਿੰਦਰ ਸਿੰਘ ਚੀਮਾ, ਤੀਰਥ ਸਿੰਘ ਕੰਗ, ਸੇਬੀ ਜੰਡੀ, ਗੁਰਸੇਵਕ ਸਿੰਘ ਜੰਡੀ, ਸ਼ਿੰਗਾਰਾ ਸਿੰਘ ਜੰਡੀ, ਰਵੀ ਸੰਧੂ, ਦਾਲਾ ਸਿੰਘ, ਬਿੱਲਾ ਸੰਧੂ, ਮੈਨੀ ਚੱਡਾ, ਟੋਨੀ ਮੁਲਤਾਨੀ, ਕਾਲਾ ਜੰਡੀ, ਰਿਚੀ ਰਿੱਚ ਵਾਲੇ ਜਰਨੈਲ ਸਿੰਘ ਅਤੇ ਪੰਜਾਬੀ ਢਾਬੇ ਵਾਲੇ ਗੁਰਮੀਤ ਸਿੰਘ ਹੁਣਾਂ ਦੇ ਰੈਸਟੋਰੈਂਟਾਂ ਤੋਂ ਖਾਣੇ ਦੀ ਸੇਵਾ ਹੁੰਦੀ ਰਹੀ। ਉਪਰੋਕਤ ਸਭ ਸੱਜਣਾਂ ਨੇ ਇਕੋ ਮੰਚ 'ਤੇ 'ਕੱਠੇ ਹੋ ਕੇ ਟੂਰਨਾਮੈਂਟ ਕਰਾਉਣ ਲਈ ਸਹਿਮਤੀ ਪ੍ਰਗਟਾਈ।

ਆਖਰ ਵਿੱਚ ਫਿਰ ਸ. ਮਹਿੰਦਰ ਸਿੰਘ ਸਿੱਧੂ ਨੇ ਸਮੂਹ ਕਬੱਡੀ ਪ੍ਰੇਮੀਆਂ ਤੇ ਚਾਰੇ ਕਲੱਬਾਂ - ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ, ਐਨ. ਵਾਈ. ਸੀ. ਕਲੱਬ, ਮੈਟਰੋ ਕਬੱਡੀ ਕਲੱਬ ਤੇ ਮਾਲਵਾ ਬ੍ਰਦਰਜ਼ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਤੇ ਰਹਿ ਗਈਆਂ ਕਮੀਆਂ-ਬੇਸ਼ੀਆਂ ਲਈ ਖਿਮਾ-ਜਾਚਨਾ ਕੀਤੀ ਤੇ ਆਸ਼ਾ ਪ੍ਰਗਟਾਈ, ਅਗਲੇ ਸਾਲ ਹੋਣ ਵਾਲਾ ਕਬੱਡੀ-ਕੱਪ ਵੀ ਇਕ ਹੀ ਮੰਚ 'ਤੇ ਹੋਵੇ ਤੇ ਨਿਊਯਾਰਕ ਵਾਸੀਆਂ ਦੀਆਂ ਆਸਾਂ ਅਤੇ ਉਮੀਦਾਂ 'ਤੇ ਖਰੇ ਉਤਰਿਆ ਜਾ ਸਕੇ।

# ਅੰਤਰਰਾਸ਼ਟਰੀ ਕਬੱਡੀ ਖਿਡਾਰੀ—ਲਹਿੰਬਰ ਸਿੰਘ ਲੰਬੜ

ਕੈਲੇਫ਼ੋਰਨੀਆਂ ਰਹਿੰਦੇ ਲਹਿੰਬਰ ਸਿੰਘ ਲੰਬੜ ਨੇ ਸਕੂਲ ਤੋਂ ਕਬੱਡੀ ਖੇਡਣੀ ਸ਼ੁਰੂ ਕੀਤੀ। ਜਲੰਧਰ ਦੇ ਸਪੋਰਟਸ ਸਕੂਲ ਤੋਂ ਨੌਂਵੀਂ ਕਰਨ ਉਪਰੰਤ ਕਪੂਰਥਲਾ ਦੇ ਰਣਧੀਰ ਸਕੂਲ ਜਾ ਦਾਖਲ ਹੋਇਆ। ਪੜ੍ਹਾਈ ਦੇ ਨਾਲ ਨਾਲ ਉਥੇ ਤਿੰਨ ਸਾਲ ਕਬੱਡੀ ਖੇਡੀ ਤੇ ਕਬੱਡੀ ਕੋਚ ਸ਼ੇਰ ਸਿੰਘ, ਡੀ. ਪੀ. ਈ. ਗੁਰਦੇਵ ਸਿੰਘ ਤੇ ਪੀ. ਟੀ. ਆਈ. ਸ. ਹਰਭਜਨ ਸਿੰਘ ਹੁਣਾਂ ਤੋਂ ਬੜਾ ਕੁਝ ਸਿੱਖਿਆ ਅਤੇ ਤਿੰਨੇ ਸਾਲ ਸਕੂਲਾਂ ਦੀ ਆਲ ਇੰਡੀਆ ਨੈਸ਼ਨਲ ਸਟਾਇਲ ਜਿੱਤੀ। ਜਿਸ ਵਿੱਚ ਬਿੰਦਰ, ਮੀਕਾ, ਪੱਪੂ ਸ਼ਾਮ ਚੁਰਾਸੀ ਤੇ ਬੂਟਾ (ਪੰਜਾਬ ਪੁਲਿਸ) ਸਾਥੀ ਖਿਡਾਰੀ ਰਹੇ।

ਉਹਦਾ ਪਿੰਡ ਸੱਘਵਾਲ ਦਾ ਗੁਆਂਢੀ ਪਿੰਡ ਕਰਾੜੀ ਸੀ ਪਰ ਉਹ ਖੇਡਦਾ ਹਮੇਸ਼ਾ ਸੱਘਵਾਲ ਵੱਲੋਂ ਸੀ। ਨਾਲੋ ਨਾਲ ਪਿੰਡ ਹੋਣ ਕਰਕੇ ਕਈ ਵਾਰ ਦੋਵਾਂ ਪਿੰਡਾਂ ਵੱਲੋਂ ਵੀ ਖੇਡ ਜਾਂਦਾ। ਸੱਘਵਾਲ ਦੇ ਪਿੰਡ ਪੱਧਰ ਅਤੇ ਓਪਨ ਦੇ ਤਕੜੇ ਖਿਡਾਰੀ ਸਨ। ਲਗਾਤਾਰ ਉਨ੍ਹਾਂ ਅੱਠ ਸਾਲ ਤੱਲ੍ਹਣ ਦੇ ਟੂਰਨਾਮੈਂਟ ਜਿੱਤੇ। ਪਾਸਲਾ, ਮੁਠੱਡਾ, ਦੁਸਾਂਝਾਂ ਪਿੰਡਾਂ ਦੇ ਆਮ ਮੈਚ ਖੇਡੇ। ਮਾਲਵੇ ਦੇ ਮਹਿਲ ਕਲਾਂ ਪਿੰਡ ਪਹਿਲੀ ਵਾਰ ਖੇਡੇ। ਜਿਥੇ ਜਿੱਤ ਉਪਰੰਤ ਕਮੇਟੀ ਨੇ 'ਕੱਲੇ 'ਕੱਲੇ ਖਿਡਾਰੀ ਨੂੰ ਇਨਾਮ ਵਜੋਂ ਸੌ-ਸੌ ਰੁਪਿਆ ਦਿੱਤਾ, ਜੋ ਉਸ ਵੇਲੇ ਵੱਡੀ ਗੱਲ ਸੀ। ਲਹਿੰਬਰ ਤੋਂ ਇਲਾਵਾ ਪੱਪੂ ਤੇ ਜੱਸਾ (ਦੋਵੇਂ ਭਰਾ) ਸਰਬਣ, ਵੀਰ੍ਹਾ, ਕੀਪਾ ਤੇ ਜਰਮਨ ਚਾਹਲ ਅਤੇ ਨਰਿੰਦਰ (ਦੋਵੇਂ ਭਰਾ)। ਸੱਬੇ ਅਤੇ ਮੰਗੀ ਵਰਗੇ ਧੱਕੜ ਖਿਡਾਰੀਆਂ ਨੂੰ ਰੋਕਣ ਵਾਲਾ ਜਰਮਨ ਚਾਹਲ ਅੱਜ ਕੱਲ੍ਹ ਟੋਰਾਂਟੋ ਹੈ। ਟੋਰਾਂਟੋ ਵੀ ਕਈ ਸਾਲ ਜਰਮਨ ਨੇ ਕਬੱਡੀ ਖੇਡੀ।

ਕਪੂਰਥਲਾ ਸਪੋਰਟਸ ਵਿੰਗ ਖੇਡਣ ਉਪਰੰਤ ਖਹਿਰੇ ਮਾਝੇ ਦੇ ਡੀ. ਪੀ. ਈ. ਗੋਗੇ ਦੇ ਕਹਿਣ 'ਤੇ ਕਾਂਗੜਾ ਯੂਨੀਵਰਸਿਟੀ (ਹਿਮਾਚਲ ਪ੍ਰਦੇਸ਼) ਜਾ ਦਾਖਲ ਹੋਏ। ਦੋ ਸਾਲ ਉਥੇ ਪੜ੍ਹਾਈ ਕੀਤੀ ਤੇ ਕਬੱਡੀ ਦੀ ਧੁੰਮ ਮਚਾਈ। ਟੀਮ ਵਿੱਚ ਲਹਿੰਬਰ, ਜਰਮਨ, ਬਲਵੀਰ, ਜੱਸਾ ਅਤੇ ਹੋਰ ਖਿਡਾਰੀ ਹਿਮਾਚਲ ਦੇ ਸਨ। ਉਨ੍ਹਾਂ ਉਥੇ ਦੋ ਸਾਲ ਸ਼ਿਮਲਾ ਯੂਨੀਵਰਸਿਟੀ ਵੱਲੋਂ ਖੇਡ ਕੇ ਪੰਜਾਬੀਆਂ ਦੀ ਬੱਲੇ ਬੱਲੇ ਕਰਾਈ।

ਪੱਤੜੀਆ ਬੋਲਾ ਤੇ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ ਦੇ ਪ੍ਰਧਾਨ

ਜਗਤਾਰ ਕਾਰੀ ਤੇ ਬੇਵੀ ਉਸ ਦੇ ਸੀਨੀਅਰ ਖਿਡਾਰੀ ਹੁੰਦੇ ਸਨ। ਕੁਲਦੀਪ ਮੱਲ੍ਹਾ ਤੇ ਸਰਹਾਲ ਕਾਜ਼ੀਆਂ ਵਾਲੇ ਬੱਬੂ ਪੰਡਿਤ ਨਾਲ ਕਈ ਮੈਚ ਲਾਏ। ਲਹਿੰਬਰ ਨੇ ਛੋਟੇ ਮੈਚਾਂ ਦੇ ਨਾਲ ਵੱਡੇ ਮੈਚ ਵੀ ਖੇਡੇ। ਬਲਾਚੌਰ, ਤਲਵੰਡੀ ਫ਼ੱਤੂ, ਗੁਣਾਚੌਰ, ਮੁਕੰਦਪੁਰ, ਤੇ ਜਗਤਪੁਰ ਦੇ ਸਟੇਡੀਅਮ ਖੇਡੇ। ਸ. ਸਰਦੂਲ ਸਿੰਘ ਦੀ ਕੋਚਿੰਗ ਅਧੀਨ ਜ਼ਿਲ੍ਹਿਆਂ ਦੇ ਮੈਚ ਖੇਡੇ ਤੇ ਮੁੱਲਾਂਪੁਰ ਦਾਖਾ, ਸਾਹਨੇਵਾਲ, ਤੇ ਭਾਗੋਮਾਜਰਾ (ਨੇੜੇ ਖਰੜ) ਚੈਂਪੀਅਨਸ਼ਿਪਾਂ ਖੇਡੀਆਂ।

ਪਿੰਡਾਂ ਦੇ ਮੈਚਾਂ ਵਿੱਚ ਪਹਿਲੀ ਵਾਰ ਰਹੀਮਪੁਰ ਖੇਡਿਆ, ਜਿਥੇ ਬਲਵਿੰਦਰ ਫਿੱਡੂ ਹੁਣਾਂ ਦੇ ਵਿਰੁੱਧ ਖੇਡਣਾ ਸੀ। ਉਥੇ ਫਿੱਡੂ ਨੂੰ ਬੜੀ ਜ਼ੋਰ ਨਾਲ ਰੋਕਿਆ। ਮਹਾਨ ਖਿਡਾਰੀ ਨੂੰ ਰੋਕਣਾ ਵੀ ਇਕ ਮਿਸਾਲ ਸੀ। ਜਿਥੇ ਦਰਸ਼ਕਾਂ ਨੇ ਤਾੜੀਆਂ ਦੀ ਦਾਦ ਦਿੱਤੀ। ਹੋਰ ਕਈ ਟੂਰਨਾਮੈਂਟਾਂ ਵਿੱਚ ਵੀ ਫਿੱਡੂ ਨਾਲ ਖੇਡਣ ਦੇ ਮੌਕੇ ਮਿਲੇ। ਸਰਹਾਲੀ ਟੂਰਨਾਮੈਂਟ ਵਿੱਚ ਤੱਲ੍ਹਣ ਵੱਲੋਂ ਖੇਡਿਆ। ਉਹਦੀ ਗੇਮ ਚੜ੍ਹਦੀ ਗਈ ਤੇ ਜਿਥੇ ਵੀ ਜਾਂਦੇ ਪੂਰਾ ਸੈੱਟ ਬਣਾ ਕੇ ਤੁਰਦੇ। ਸਫ਼ਲਤਾ ਹਮੇਸ਼ਾ ਨਾਲ ਰਹਿੰਦੀ। ਪਰਮਾਤਮਾ ਦੀ ਕ੍ਰਿਪਾ ਤੇ ਦਰਸ਼ਕਾਂ ਦੀ ਹੱਲਾਸ਼ੇਰੀ ਨਾਲ ਹਮੇਸ਼ਾ ਚੜ੍ਹਦੀ ਕਲਾ 'ਚ ਰਹਿ ਕੇ ਦੂਰ ਦੂਰ ਤੱਕ ਖੇਡਿਆ। ਭਿਵਾਣੀ (ਹਰਿਆਣਾ), ਭਦੌੜ, ਲੰਬੀ (ਬਾਦਲ ਦਾ ਪਿੰਡ), ਲੌਂਗੋਵਾਲ, ਅਟਾਲਾਂ, ਸਮਰਾਲਾ, ਅਜਨਾਲਾ, ਬਾਂਦਰ-ਚਟਾਵਾਂ ਅਤੇ ਪ੍ਰਸਿੱਧ ਖਿਡਾਰੀ ਮੋਹਣੇ ਦੇ ਪਿੰਡ ਤਰਨਪੁਰ (ਰਾਜਸਥਾਨ) ਖੇਡੇ।

ਸੰਧਵਾਂ, ਖੈਰਾ-ਮੰਦਰ, ਸੁਲਤਾਨਪੁਰ ਤੇ ਮਾਲਵੇ ਇਲਾਕੇ ਦੇ ਕਈ ਟੂਰਨਾਮੈਂਟ ਖੇਡੇ। ਸਰਹਾਲ ਕਾਜ਼ੀਆਂ ਤੇ ਸਲੇਮਪੁਰ ਫਿੱਡੂ ਹੁਣਾਂ ਨਾਲ ਫਸਵੇਂ ਮੈਚ ਹੋਏ। ਰੁੜਕਾ-ਕਲਾਂ ਉਹ ਫਿੱਡੂ ਪਾਸੇ ਖੇਡਿਆ। ਫਿੱਡੂ ਨੇ ਬਹਿਜਾ ਬਹਿਜਾ ਕਰਾਈ। ਫਿੱਡੂ ਹੰਦਿਆਂ 'ਚ ਖੜ੍ਹ ਗਿਆ ਤੇ ਨਾਲ ਪਾਣੀ ਪਿਆਉਣ ਵਾਲਾ ਘੁੱਗ ਪਾਸਲਾ ਖੜ੍ਹਾ ਲਿਆ। 'ਕੱਲੇ ਫਿੱਡੂ ਨੇ ਲਗਾਤਾਰ ਚਾਲੀ ਮਿੰਟ ਰੇਡਾਂ ਪਾਈਆਂ ਤੇ ਇਕਤਰਫ਼ਾ ਮੈਚ ਜਿਤਾ ਕੇ ਫਿੱਡੂ ਦੀ ਬਹਿਜਾ ਬਹਿਜਾ ਹੋਈ। ਜਾਫੀਆਂ 'ਚ ਲਹਿੰਬਰ, ਨੇਕੀ ਸਿੱਧਵਾਂ ਤੇ ਮੇਜਰ ਗਾਖ਼ਲ ਸਨ। ਵਿਰੋਧੀ ਟੀਮ 'ਚ ਕੁਲਦੀਪ ਮੱਲ੍ਹਾ, ਨਿੰਮਾ ਲੁਧਿਆਣਾ, ਟੋਨੀ ਲੁਧਿਆਣਾ ਤੇ ਪੱਪੂ ਗੁਰਦਾਸਪੁਰ ਸਨ। ਸੰਨ '88 ਦੇ ਯਾਦਗਾਰੀ ਉਸ ਮੈਚ ਦੀਆਂ ਬਾਤਾਂ ਅੱਜ ਵੀ ਪੈਂਦੀਆਂ ਨੇ।

ਤਕੜੀ ਗੇਮ ਕਰਕੇ ਸੱਘਵਾਲ ਨੇ ਹਮੇਸ਼ਾ ਲਹਿੰਬਰ ਨੂੰ ਆਪਣੇ ਪਿੰਡ ਦਾ ਹੀ ਖਿਡਾਰੀ ਸਮਝਿਆ ਤੇ ਹਮੇਸ਼ਾ ਮਾਣ ਦਿੱਤਾ। ਚੰਗੇ ਖਿਡਾਰੀ ਦੀ ਸੱਘਵਾਲ ਵਾਲੇ ਵੀ ਦਿਲੋਂ ਜਾਨ ਕਦਰ ਕਰਦੇ ਹਨ। ਕਬੱਡੀ ਤੇ ਪਹਿਲਵਾਨੀ 'ਚ ਸੱਘਵਾਲ ਨਾਮੀ-ਗਰਾਮੀ ਪਿੰਡ ਹੈ। ਜਿਥੋਂ ਪਹਿਲਵਾਨੀ 'ਚ ਜਗੀਰ ਸਿੰਘ (ਜਗੀਰੀ ਕੋਚ), ਨਿਰੰਜਨ ਸਿੰਘ, ਮਹਿੰਦਰ ਸਿੰਘ, ਸ਼ੀਰੀ ਪਹਿਲਵਾਨ ਹੋਏ। ਸ਼ੀਰੀ ਦੇ ਦੋਵੇਂ ਬੇਟੇ ਅਮਰ ਢੇਸੀ ਤੇ

ਪਰਮ ਢੇਸੀ ਤਕੜੇ ਮੱਲ ਹਨ। ਇਸੇ ਤਰ੍ਹਾਂ ਹੀ ਸੁਖਵੀਰ ਪਹਿਲਵਾਨ ਤੇ ਕੋਚ ਦਾ ਬੇਟਾ ਤੇ ਬੇਟੀ ਸਕੂਲਾਂ ਤੇ ਕਾਲਜਾਂ 'ਚ ਵਧੀਆ ਪੁਜ਼ੀਸ਼ਨਾਂ ਮਾਰਦੇ ਰਹੇ ਹਨ।

ਸ਼ੰਕਰੀਏ ਪਾਲੇ ਵਾਂਗ ਹੀ ਲਹਿੰਬਰ ਵੀ ਕਬੱਡੀ ਖੇਡਣ ਦੇ ਨਾਲ ਨਾਲ ਦੂਜੇ ਮੁਲਕਾਂ 'ਚ ਰੱਸਾ ਖਿੱਚਣ ਜਾਂਦਾ ਰਿਹਾ। ਪਾਲਾ ਸੰਨ '88 'ਚ ਰੱਸਾਕਸ਼ੀ ਦਾ ਕਪਤਾਨ ਹੁੰਦਾ ਸੀ, ਜਦ ਕਿ ਲਹਿੰਬਰ ਸੰਨ '90 'ਚ। ਲਹਿੰਬਰ ਦੀ ਕਪਤਾਨੀ ਹੇਠ ਰੱਸਾਕਸ਼ੀ ਚੈਂਪੀਅਨਸ਼ਿਪ ਲਈ ਟੋਕੀਓ (ਜਪਾਨ) ਗਏ। ਕੋਚ ਅਜੀਤ ਸਿੰਘ ਮਾਲੜੀ ਤੇ ਫ਼ੈਡਰੇਸ਼ਨ ਪ੍ਰਧਾਨ ਸ. ਉਮਰਾਓ ਸਿੰਘ ਟੀਮ ਨਾਲ ਸਨ। ਹਿੱਸਾ ਲੈਣ ਉਥੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਮਲੇਸ਼ੀਆ, ਕੋਰੀਆ, ਚੀਨ ਤੇ ਫ਼ਿਲਪਾਈਨ ਮੁਲਕਾਂ ਦੀਆਂ ਟੀਮਾਂ ਪਹੁੰਚੀਆਂ ਹੋਈਆਂ ਸਨ।

ਲਹਿੰਬਰ ਨੇ ਦਸ ਸਾਲ ਪੰਜਾਬ ਸਟਾਇਲ ਖੇਡੀ ਤੇ ਕਬੱਡੀ ਪ੍ਰੇਮੀਆਂ ਦੇ ਦਿਲਾਂ 'ਚ ਵਸਿਆ। ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸ਼ਹਿਰਾਂ 'ਚ ਟੂਰਨਾਮੈਂਟ ਖੇਡਦੇ ਨੇ ਅਮਰੀਕਾ ਦੀ ਤਿਆਰੀ ਕੱਸ ਲਈ। 1991 'ਚ ਅਮਰੀਕਾ ਦੇ ਸ਼ਹਿਰ ਕੈਲੇਫ਼ੋਰਨੀਆਂ ਜਾ ਡੇਰੇ ਲਾਏ। ਕਬੱਡੀ ਖੇਡਣੀ ਫਿਰ ਵੀ ਨਾ ਛੱਡੀ, ਲੱਛਰ ਭਰਾਵਾਂ (ਤਰਲੋਚਨ, ਕੁਲਵੰਤ ਤੇ ਜਸਵਿੰਦਰ) ਦੇ ਸ਼ੇਰ-ਏ-ਪੰਜਾਬ ਕਲੱਬ ਵੱਲੋਂ ਖੇਡਣ ਲੱਗਾ। ਜਿਥੇ ਵੀ ਖੇਡਣ ਜਾਣਾ ਹੁੰਦਾ ਤਾਂ ਪਹਿਲਵਾਨ ਧੰਨਾ ਸਿੰਘ ਲੈ ਕੇ ਜਾਂਦਾ। ਧੰਨਾ ਪਹਿਲਵਾਨ ਆਪਣੇ ਸਮੇਂ ਆਲਮਗੀਰ ਅਖਾੜੇ ਦਾ ਵਧੀਆ ਪਹਿਲਵਾਨ ਰਿਹਾ ਤੇ ਕੈਲੇਫ਼ੋਰਨੀਆਂ ਆ ਕੇ ਕਈ ਸਾਲ ਕਬੱਡੀ ਖੇਡੀ। ਉਹ ਖਿਡਾਰੀਆਂ ਤੇ ਪਹਿਲਵਾਨਾਂ ਦੀ ਕਦਰ ਕਰਨ ਵਾਲਾ ਰੱਬੀ ਰੂਹ, ਨੇਕ ਦਿਲ ਇਨਸਾਨ ਹੈ। ਖਿਡਾਰੀਆਂ ਨੂੰ ਹੌਸਲਾ ਤੇ ਥਾਪੜਾ ਦੇਣਾ ਉਸ ਦਾ ਸੁਭਾਓ ਹੈ। ਨਿਊਯਾਰਕ ਤੇ ਕੈਨੇਡਾ ਤੱਕ ਉਹ ਟੀਮਾਂ ਲੈ ਕੇ ਜਾਂਦਾ ਰਿਹਾ।

ਸ਼ੇਰ-ਏ-ਪੰਜਾਬ ਕਲੱਬ ਵੱਲੋਂ ਲਹਿੰਬਰ ਦਸ ਸਾਲ ਖੇਡਿਆ। ਸੰਨ '91-92 'ਚ ਲਹਿੰਬਰ, ਸਰਬਜੀਤ ਮਾਹਲ, ਸਰਪੰਚ ਪਾਲੀ ਸਰਹਾਲ ਨਿਊਯਾਰਕ 'ਕੱਠੇ ਖੇਡਣ ਜਾਂਦੇ ਰਹੇ। ਨਿਊਯਾਰਕ ਵੱਲੋਂ ਖੇਡਦੇ ਜੱਗੇ ਸੱਘਵਾਲ ਦੀ ਗੇਮ ਨੂੰ ਬੜਾ ਪਸੰਦ ਕੀਤਾ ਗਿਆ।

ਖਿਡਾਰੀਆਂ, ਲਿਖਾਰੀਆਂ ਦੇ ਕਦਰਦਾਨ ਲਹਿੰਬਰ ਨੇ ਹਮੇਸ਼ਾ ਕਬੱਡੀ ਨੂੰ ਪਿਆਰ ਕੀਤਾ ਤੇ ਕੈਲੇਫ਼ੋਰਨੀਆਂ ਹੁੰਦੇ ਹਰ ਸ਼ਹਿਰ ਦੇ ਟੂਰਨਾਮੈਂਟਾਂ 'ਚ ਜ਼ਰੂਰ ਪਹੁੰਚਦਾ। ਖੇਡ-ਕਲੱਬਾਂ ਵੱਲੋਂ ਉਹਨੂੰ ਮਾਣ-ਤਾਣ ਮਿਲਦਾ ਤੇ ਮੈਚ ਖਿਡਾਉਣ ਲਈ ਵਿਸਲ ਹੱਥ ਫੜਾ ਦਿੱਤੀ ਜਾਂਦੀ। ਯੂਨਾਈਟਿਡ ਸਪੋਰਟਸ ਕਲੱਬ ਕੈਲੇਫ਼ੋਰਨੀਆਂ ਵਾਲੇ ਸ. ਅਮੋਲਕ ਸਿੰਘ ਗਾਖਲ ਅਤੇ ਰਾਜਾ ਸਵੀਟਸ ਵਾਲੇ ਸ. ਮੱਖਣ ਸਿੰਘ ਬੈਂਸ ਹੁਣਾਂ ਦੇ ਨੇਕ ਕਾਰਜਾਂ ਤੋਂ ਖੁਸ਼ ਹੈ, ਜਿਹੜੇ ਨਵੇਂ ਪੁਰਾਣੇ ਖਿਡਾਰੀਆਂ ਦੇ ਨਾਲ ਨਾਲ ਖੇਡ-

ਲਿਖਾਰੀਆਂ ਨੂੰ ਵੀ ਮਾਣ ਬਖਸ਼ਦੇ ਨੇ।

ਪਿਤਾ ਸ. ਸੁੱਚਾ ਸਿੰਘ ਤੇ ਮਾਤਾ ਸ਼ਮਿੰਦਰ ਕੌਰ ਦਾ ਪਿਆਰਾ ਪੁੱਤ ਸ. ਲਹਿੰਬਰ ਸਿੰਘ ਸਿੱਧੂ, ਕਬੱਡੀ ਦਾ ਲੰਬੜ ਸੰਨ '95 'ਚ ਬਸੇਸਰਪੁਰ (ਨਜ਼ਦੀਕ ਲਾਂਬੜਾ) ਦੀ ਗੁਰਬਖਸ਼ ਕੌਰ ਨਾਲ ਵਿਆਹਿਆ ਗਿਆ। ਪਰਮਾਤਮਾ ਦੀ ਮਿਹਰ ਨਾਲ ਧੀ ਨੇ ਜਨਮ ਲਿਆ। ਹੋਣਹਾਰ ਬੇਟੀ ਆਉਣ ਨਾਲ ਘਰ ਪਰਿਵਾਰ ਖੁਸ਼ੀਆਂ ਨਾਲ ਭਰ ਗਿਆ।

ਉਹਨੂੰ ਵੱਡਾ ਝਟਕਾ ਉਦੋਂ ਲੱਗਾ ਜਦੋਂ ਸੰਨ '96 'ਚ ਮਾਤਾ ਸ਼ਮਿੰਦਰ ਕੌਰ ਭਰੇ ਪਰਿਵਾਰ ਨੂੰ ਛੱਡ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਉਹ ਚਾਰ ਭਰਾ ਹਨ। ਇਕ ਮਿਲਟਰੀ 'ਚੋਂ ਕੈਪਟਨ ਰਿਟਾਇਰ ਹੋਇਐ, ਦੂਜਾ ਟਰੱਕਿੰਗ ਕੰਪਨੀ ਦਾ ਮਾਲਕ, ਤੀਜਾ ਪਿੰਡ ਖੇਤੀਬਾੜੀ ਕਰਦਾ ਤੇ ਚੌਥਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਲਹਿੰਬਰ ਸਿੰਘ ਸਿੱਧੂ ਲੰਬੜ। ਇਕਲੌਤੀ ਭੈਣ ਕੈਨੇਡਾ ਵਿਆਹੀ ਹੋਈ ਹੈ। ਪਿਤਾ ਜੀ ਕਦੇ ਕੈਨੇਡਾ ਤੇ ਕਦੇ ਕੈਲੇਫ਼ੋਰਨੀਆਂ ਜਹਾਜ਼ਾਂ 'ਚ ਸੈਰਾਂ ਕਰਦੇ ਰਹਿੰਦੇ ਨੇ।

ਉਹ ਹੱਸਦਿਆਂ ਕਹਿਣ ਲੱਗਾ ਕਿ ਅੱਜ ਦੇ ਖਿਡਾਰੀ ਕਿਸਮਤ ਵਾਲੇ ਨੇ, ਜੋ ਵੱਡੇ ਵੱਡੇ ਇਨਾਮਾਂ ਨਾਲ ਨਿਵਾਜ਼ੇ ਜਾਂਦੇ ਨੇ। ਉਨ੍ਹਾਂ ਦੇ ਸਮੇਂ ਤਾਂ ਛੋਟੇ-ਮੋਟੇ ਇਨਾਮਾਂ ਨਾਲ ਥਾਪੜਾ ਦੇ ਕੇ ਸਾਰ ਦਿੱਤਾ ਜਾਂਦਾ ਸੀ। ਉਦੋਂ ਕੁਮੈਂਟਰੀ ਦਾ ਦੌਰ ਨਹੀਂ ਸੀ ਹੁੰਦਾ। ਅਗਰ ਉਦੋਂ ਕੁਮੈਂਟਰੀ ਹੁੰਦੀ ਤਾਂ ਹਕੀਮਪੁਰ ਵਾਲੇ ਪ੍ਰੋ. ਮੱਖਣ ਸਿੰਘ ਨੇ ਰੰਗ ਬੰਨ੍ਹਿਆ ਕਰਨੇ ਸਨ, "ਲਓ ਜੀ, ਟੇਕਿਆ ਮੱਥਾ... ਗਿਆ ਰੇਡਰ... ਮੂਹਰੇ ਲੰਬੜ ਤੇ ਜਰਮਨ ਤਕੜੇ ਜਾਫੀ ਖੜ੍ਹੇ ਨੇ... ਦੇਖੋ ਕੀਹਨੂੰ ਹੱਥ ਲੱਗਦਾ...। ਲੰਬੜ ਪੈਰਾਂ ਨਾਲ ਮਿੱਟੀ ਪੁੱਟ ਰਿਹਾ... ਜਰਮਨ ਨੇ ਦਿੱਤੀ ਝਕਾਨੀ... ਲੰਬੜ ਪੈ ਗਿਆ... ਸੁੱਟ ਲਿਆ ਲੰਬੜ ਨੇ... ਗਹਿਗੱਚ ਮੁਕਾਬਲਾ... ਵੇਖੋ ਕੀ ਬਣਦਾ... ਹੰਦੇ ਹਾਲੇ ਦੂਰ ਨੇ... ਲਓ ਜੀ ਸਾਹ ਮੁੱਕ ਗਿਆ ਨੰਬਰ... ਲੰਬੜ ਦਾ... ਦਰਸ਼ਕਾਂ ਦੀਆਂ ਸੀਟੀਆਂ... ਤਾੜੀਆਂ... ਪੁਆਇੰਟ ਲੰਬੜ ਦਾ...।"

ਸਰਹਾਲੀ, ਰਹੀਮਪੁਰ, ਸਲੇਮਪੁਰ ਤੇ ਆਦਮਪੁਰ ਦੁਸਹਿਰੇ 'ਤੇ ਕਹਿੰਦੇ ਕਹਾਉਂਦੇ ਧਾਵੀ ਬੰਨ੍ਹੇ। ਉਹ ਹਮੇਸ਼ਾ ਤਕੜੇ ਜਾਫੀਆਂ 'ਚ ਗਿਣਿਆ ਜਾਂਦਾ ਰਿਹਾ।

ਅਮਰੀਕਾ ਜਾ ਕੇ ਵੀ ਉਹਨੇ ਆਪਣੇ ਪਿੰਡ ਪ੍ਰਤੀ ਮੋਹ ਤੇ ਖੇਡ ਸ਼ੌਕ ਨਾ ਛੱਡੇ। ਆਪਣੇ ਪਿੰਡ ਕਰਾੜੀ ਐਸ. ਐਮ. ਕੁਸ਼ਤੀ ਕਲੱਬ ਸਥਾਪਤ ਕੀਤਾ ਹੋਇਆ ਹੈ, ਜਿਥੇ ਇਲਾਕੇ ਦੇ ਸੱਠ-ਸੱਤਰ ਕੁ ਬੱਚੇ ਲੜਕੇ-ਲੜਕੀਆਂ ਸਵੇਰੇ-ਸ਼ਾਮ ਅਭਿਆਸ ਕਰਦੇ ਨੇ। ਡੀ. ਏ. ਵੀ. ਜਲੰਧਰ ਯੂਨੀਵਰਸਿਟੀ ਦੇ ਵਿਦਿਆਰਥੀ ਲੜਕੇ ਲੜਕੀਆਂ ਵੀ ਇਸ ਅਖਾੜੇ ਪ੍ਰੈਕਟਿਸ ਕਰਨ ਆਉਂਦੇ ਨੇ। ਜਿਥੇ ਖੇਡ ਵਿਭਾਗ ਜਲੰਧਰ (ਪੰਜਾਬ) ਦੇ ਕੁਸ਼ਤੀ ਦੇ ਕੁਆਲੀਫ਼ਾਈਡ ਕੋਚ ਸ਼ਾਮ ਲਾਲ ਮੁਫ਼ਤ ਕੋਚਿੰਗ ਦੇ ਰਹੇ ਹਨ। ਜਿਸ

ਦੀ ਦੇਖ ਰੇਖ ਹੇਠ ਚੰਗੇ ਨਤੀਜੇ ਆ ਰਹੇ ਨੇ। ਅਖਾੜੇ ਨੂੰ ਬੁਲੰਦੀਆਂ 'ਤੇ ਲੈ ਜਾਣ ਲਈ ਅਖਾੜੇ ਦੇ ਮੈਂਬਰਾਨ ਹਮੇਸ਼ਾ ਤੱਤਪਰ ਰਹਿੰਦੇ ਨੇ, ਉਥੇ ਅਮਰੀਕਾ ਰਹਿੰਦਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸ. ਲਹਿੰਬਰ ਸਿੰਘ ਸਿੱਧੂ (ਲਹਿੰਬਰ ਲੰਬੜ) ਬੱਚਿਆਂ ਨੂੰ ਹਮੇਸ਼ਾ ਹੌਂਸਲਾ ਅਫ਼ਜ਼ਾਈ ਦਿੰਦਾ ਹੈ। ਬੱਚਿਆਂ ਦੀ ਸਹੂਲਤ ਲਈ 50 ਵਾਈ 60 ਫੁੱਟਾ ਕੁਸ਼ਤੀ ਹਾਲ ਤਿਆਰ ਹੈ, ਜਿਥੇ ਗੱਦੇ ਸੁੱਟੇ ਹੋਏ ਨੇ। ਖਿਡਾਰੀਆਂ ਨੂੰ ਆਧੁਨਿਕ ਸਹੂਲਤਾਂ, ਖ਼ੁਰਾਕ, ਸਾਜ਼ੋ-ਸਮਾਨ ਉਪਲਬਧ ਹੈ। ਉਹ ਤੇ ਉਹਦੇ ਹੋਰ ਸਾਥੀ ਵੀ ਸਹਿਯੋਗ ਕਰਦੇ ਹਨ। ਬਾਕਾਇਦਾ ਕਮੇਟੀ ਬਣੀ ਹੋਈ ਹੈ। ਬਹੁਤਾ ਯੋਗਦਾਨ ਲਹਿੰਬਰ ਸਿੰਘ ਦਾ ਹੈ। ਸਾਬਕਾ ਮੰਤਰੀ ਪੰਜਾਬ ਸਰਕਾਰ ਸ਼੍ਰੀ ਮਹਿੰਦਰ ਸਿੰਘ ਕੇਪੀ ਨੇ ਐਮ. ਐਲ. ਏ. ਕੋਟੇ 'ਚੋਂ 'ਚਾਰ ਲੱਖ ਅੱਸੀ ਹਜ਼ਾਰ' ਦੀ ਗ੍ਰਾਂਟ ਗ੍ਰਾਮ ਪੰਚਾਇਤ ਕਰਾੜੀ ਰਾਹੀਂ ਭੇਜੀ। ਜਿਸ ਨੂੰ ਵੇਖਦੇ ਹੋਰ ਸ਼ਖ਼ਸੀਅਤਾਂ, ਦਾਨੀ ਸੱਜਣਾਂ ਆਪਣਾ ਯੋਗਦਾਨ ਪਾਇਆ। ਖੇਡਾਂ ਨਾਲ ਜੁੜੇ ਸੂਝਵਾਨ ਲੋਕੀਂ ਇਸ ਅਖਾੜੇ ਨੂੰ ਮੰਦਰ, ਗੁਰਦਵਾਰੇ ਵਾਂਗ ਸਮਝਦੇ ਹਨ, ਜਿਥੋਂ ਅਜੋਕੀ ਨੌਜਵਾਨੀ ਨੂੰ ਵਧੀਆ ਸੇਧ ਮਿਲਦੀ ਹੈ ਤੇ ਨਸ਼ਿਆਂ ਤੋਂ ਦੂਰ ਹੋ ਰਹੇ ਨੇ। ਵਧੀਆ ਖਿਡਾਰੀ ਉਠ ਰਹੇ ਨੇ ਤੇ ਰਾਜ-ਪੱਧਰੀ ਖੇਡਾਂ ਵਿੱਚ ਚੰਗੀਆਂ ਮੱਲਾਂ ਮਾਰ ਅਖਾੜੇ ਦੀ ਪਹਿਚਾਣ ਬਣਾ ਰਹੇ ਨੇ। ਅੱਠ ਸਾਲ ਹੋ ਗਏ ਚਲਦੇ ਅਖਾੜੇ ਨੂੰ। ਅੱਗੋਂ ਕੌਮੀ ਪੱਧਰ ਦੀ ਤਿਆਰੀ ਹੋ ਰਹੀ ਹੈ। ਦਲੇਰ ਇਨਸਾਨ ਸ. ਲਹਿੰਬਰ ਸਿੰਘ ਸਿੱਧੂ ਅਤੇ ਉਸਦੇ ਸਾਥੀਆਂ ਦੀ ਦਿਲੀ ਤਮੰਨਾ ਹੈ ਕਿ ਇਥੋਂ ਏਸ਼ੀਆ ਪੱਧਰ ਦੇ ਪਹਿਲਵਾਨ ਪੈਦਾ ਹੋਣ, ਜੋ ਆਪਣੀ ਤਾਕਤ ਦਾ ਲੋਹਾ ਮਨਵਾਉਣ।